13ਵਾਂ ਸਾਲ
# ਦੇਸ਼ ਦੁਆਬਾ
ਹਫਤਾਵਾਰੀ
VOL -13 ISSUE - 17
July 31, 2024
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com
ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


ਉਘੇ ਅੰਬੇਕਰਾਈਟ ਡਾ. ਰਾਮ ਲਾਲ ਜੱਸੀ ਜੀ ਦੇ ਸਦੀਵੀ ਵਿਛੋੜੇ 'ਤੇ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਜੱਸੀ ਪਰਿਵਾਰ ਨਾਲ ਦਿਲੀ ਦੁੱਖ ਪ੍ਰਗਟ ਕਰਦਾ ਹੈ।


ਆਜ਼ਾਦੀ -ਏ-ਹਿੰਦੋਸਤਾਨ ਦਾ ਅਨੂਠਾ ਸ਼ਹੀਦ ਸ. ਊਧਮ ਸਿੰਘ ਸੁਨਾਮ ਉਰਫ਼ ਰਾਮ ਮੁਹੰਮਦ ਸਿੰਘ ਆਜ਼ਾਦ!
(ਵਿਸ਼ੇਸ਼ ਲੇਖ ਅੰਦਰ ਦੇਖੋ)

## ਪੈਰਿਸ ਉਲੰਪਿਕ
# ਮਨੂ ਨੇ ਦੂਜਾ ਤਗ਼ਮਾ ਜਿੱਤ ਕੇ ਰਚਿਆ ਇਤਿਹਾਸ



ਚੈਟੋਰੌਕਸ (ਫਰਾਂਸ)- ਭਾਰਤੀ ਨਿਸ਼ਾਨੇਬਾਜ਼ ਮਨੂ ਭਾਕਰ ਨੇ ਆਜ਼ਾਦੀ ਤੋਂ ਬਾਅਦ ਇੱਕੋ ਓਲੰਪਿਕ ਵਿੱਚ ਦੋ ਤਗਮੇ ਜਿੱਤਣ ਵਾਲੀ ਪਹਿਲੀ ਭਾਰਤੀ ਬਣ ਕੇ ਇਤਿਹਾਸ ਰਚ ਦਿੱਤਾ ਹੈ। ਉਸ ਨੇ ਅੱਜ ਇੱਥੇ ਸਰਬਜੋਤ ਸਿੰਘ ਨਾਲ ਮਿਲ ਕੇ ਪੈਰਿਸ ਓਲੰਪਿਕ ਵਿੱਚ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਵਰਗ ਵਿੱਚ ਦੱਖਣੀ ਕੋਰੀਆ ਨੂੰ ਹਰਾ ਕੇ ਕਾਂਸੇ ਦਾ ਤਗ਼ਮਾ ਜਿੱਤਿਆ। ਭਾਰਤੀ ਜੋੜੀ ਨੇ ਕੋਰੀਆ ਦੀ ਲੀ ਵੋਨੋਹੋ ਅਤੇ ਓਹ ਯੇਹ ਜਿਨ ਦੀ ਜੋੜੀ ਨੂੰ 16-10 ਨਾਲ ਮਾਤ ਦੇ ਕੇ ਦੇਸ਼ ਨੂੰ ਇਸ ਓਲੰਪਿਕ 'ਚ ਦੂਜਾ ਤਗ਼ਮਾ ਦਿਵਾਇਆ। ਇਸ ਤੋਂ ਪਹਿਲਾਂ ਮਨੂ ਨੇ ਮਹਿਲਾ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਕਾਂਸੇ ਦਾ ਤਗ਼ਮਾ ਜਿੱਤਿਆ ਸੀ।

ਟੋਕੀਓ ਓਲੰਪਿਕ 'ਚ ਮਨੂ ਆਪਣੀ ਪਿਸਟਲ 'ਚ ਖਰਾਬੀ ਕਾਰਨ ਫਾਈਨਲ ਲਈ ਕੁਆਲੀਫਾਈ ਨਹੀਂ ਕਰ ਸਕੀ ਸੀ। ਉਸ ਨੇ ਹਾਲੇ 25 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਹਿੱਸਾ ਲੈਣਾ ਹੈ ਅਤੇ ਉਸ ਕੋਲ ਆਪਣਾ ਤੀਜਾ ਤਗ਼ਮਾ ਜਿੱਤਣ ਦਾ ਮੌਕਾ ਵੀ ਹੈ। ਬਰਤਾਨਵੀ ਮੂਲ ਦੇ ਭਾਰਤੀ ਖਿਡਾਰੀ ਨੌਰਮਨ ਪ੍ਰਿਚਰਡ ਨੇ 1900 ਦੀਆਂ ਓਲੰਪਿਕ ਖੇਡਾਂ ਵਿੱਚ 200 ਮੀਟਰ ਸਪ੍ਰਿੰਟ ਅਤੇ 200 ਮੀਟਰ ਅੜਿੱਕਾ ਦੌੜ ਵਿੱਚ ਚਾਂਦੀ ਦੇ ਤਗਮੇ ਜਿੱਤੇ ਸਨ ਪਰ ਇਹ ਪ੍ਰਾਪਤੀ ਆਜ਼ਾਦੀ ਤੋਂ ਪਹਿਲਾਂ ਹਾਸਲ ਕੀਤੀ ਗਈ ਸੀ।

ਸਰਬਜੋਤ 10 ਮੀਟਰ ਏਅਰ ਪਿਸਟਲ ਵਿਅਕਤੀਗਤ ਵਰਗ ਦੇ ਕੁਆਲੀਫਿਕੇਸ਼ਨ ਗੇੜ ਵਿੱਚ 577 ਦੇ ਸਕੋਰ ਨਾਲ ਨੌਵੇਂ ਸਥਾਨ 'ਤੇ ਰਿਹਾ ਸੀ ਅਤੇ ਫਾਈਨਲ ਵਿੱਚ ਥਾਂ ਨਹੀਂ ਬਣਾ ਸਕਿਆ ਸੀ। ਮਨੂ ਅਤੇ ਸਰਬਜੋਤ ਨੇ ਕੁਆਲੀਫਿਕੇਸ਼ਨ ਗੇੜ ਵਿੱਚ 580 ਦੇ ਸਕੋਰ ਨਾਲ ਕਾਂਸੇ ਦੇ ਤਗ਼ਮੇ ਲਈ ਹੋਣ ਵਾਲੇ ਮੈਚ ਵਿੱਚ ਜਗ੍ਹਾ ਬਣਾਈ ਸੀ। ਮਨੂ ਨੇ ਜਿੱਤ ਤੋਂ ਬਾਅਦ ਕਿਹਾ, ''ਮੈਂ ਬਹੁਤ ਮਾਣ ਮਹਿਸੂਸ ਕਰ ਰਹੀ ਹਾਂ।

**ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਵੱਲੋਂ ਮਨੂ ਤੇ ਸਰਬਜੋਤ ਨੂੰ ਵਧਾਈ**

ਰਾਸ਼ਟਰਪਤੀ ਦਰੋਪਦੀ ਮੁਰਮੂ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਦੇਸ਼ ਦੇ ਖਿਡਾਰੀਆਂ ਨੇ ਅੱਜ ਭਾਰਤੀ ਨਿਸ਼ਾਨੇਬਾਜ਼ਾਂ ਮਨੂ ਭਾਕਰ ਅਤੇ ਸਰਬਜੋਤ ਸਿੰਘ ਨੂੰ ਪੈਰਿਸ ਓਲੰਪਿਕ ਵਿੱਚ 10 ਮੀਟਰ ਏਅਰ ਪਿਸਟਲ ਮਿਕਸਡ ਟੀਮ

**(ਬਾਕੀ ਸਫਾ 10 'ਤੇ)**

# ਕਮਲਾ ਹੈਰਿਸ ਡੈਮੋਕਰੈਟਿਕ ਪਾਰਟੀ ਵੱਲੋਂ ਅਧਿਕਾਰਤ ਉਮੀਦਵਾਰ ਬਣੀ






**ਵਾਸ਼ਿੰਗਟਨ (ਬਿਊਰੋ)-** ਉੱਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਅਧਿਕਾਰਤ ਤੌਰ 'ਤੇ ਆਪਣੇ ਫਾਰਮ 'ਤੇ ਦਸਤਖ਼ਤ ਕਰਕੇ ਖੁਦ ਨੂੰ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਐਲਾਨ ਦਿੱਤਾ ਅਤੇ ਭਰੋਸਾ ਜ਼ਾਹਿਰ ਕੀਤਾ ਕਿ ਉਹ 5 ਨਵੰਬਰ ਨੂੰ ਹੋਣ ਵਾਲੀਆਂ ਉੱਚ ਪੱਧਰੀ ਚੋਣਾਂ 'ਚ ਜਿੱਤ ਹਾਸਲ ਕਰੇਗੀ। ਭਾਰਤੀ ਤੇ ਅਫਰੀਕੀ ਮੂਲ ਦੀ 59 ਸਾਲਾ ਹੈਰਿਸ ਨੇ ਐਕਸ 'ਤੇ ਲਿਖਿਆ, 'ਅੱਜ ਮੈਂ ਅਧਿਕਾਰਤ ਤੌਰ 'ਤੇ ਅਮਰੀਕਾ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਖੁਦ ਨੂੰ ਉਮੀਦਵਾਰ ਐਲਾਨਣ ਵਾਲੇ ਫਾਰਮ 'ਤੇ ਦਸਤਖਤ ਕੀਤੇ ਹਨ। ਮੈਂ ਹਰ ਵੋਟ ਹਾਸਲ ਕਰਨ ਲਈ ਸਖ਼ਤ ਮਿਹਨਤ ਕਰਾਂਗੀ।' ਉਨ੍ਹਾਂ ਕਿਹਾ ਕਿ ਨਵੰਬਰ ਵਿੱਚ ਸਾਡੇ ਲੋਕਾਂ ਦੀ ਸ਼ਕਤੀਸ਼ਾਲੀ ਮੁਹਿੰਮ ਜਿੱਤੇਗੀ। ਕਮਲਾ ਹੈਰਿਸ ਜੇ ਚੋਣਾਂ ਜਿੱਤਦੀ ਹੈ ਤਾਂ ਉਹ ਨਾ ਸਿਰਫ਼ ਅਮਰੀਕਾ ਦੀ ਪਹਿਲੀ ਮਹਿਲਾ ਰਾਸ਼ਟਰਪਤੀ ਹੋਵੇਗੀ ਬਲਕਿ ਉਹ ਪਹਿਲੀ ਭਾਰਤੀ-ਅਮਰੀਕੀ, ਪਹਿਲੀ ਏਸ਼ਿਆਈ, ਪਹਿਲੀ ਸਿਆਹਫਾਮ ਔਰਤ ਤੇ ਪਹਿਲੀ ਜਮਾਇਕਨ ਵਿਅਕਤੀ ਹੋਵੇਗੀ ਜੋ ਇਸ ਅਹੁਦੇ 'ਤੇ ਬੈਠੇਗੀ।

**ਅਮਰੀਕਾ ਦੀ ਸਭ ਤੋਂ ਕੱਟੜ ਰਾਸ਼ਟਰਪਤੀ ਹੋਵੇਗੀ ਕਮਲਾ ਹੈਰਿਸ- ਡੋਨਾਲਡ ਟਰੰਪ**

ਅਮਰੀਕਾ ਵਿੱਚ ਨਵੰਬਰ 'ਚ ਹੋਣ ਵਾਲੀਆਂ ਰਾਸ਼ਟਰਪਤੀ ਚੋਣਾਂ ਲਈ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਨੇ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ 'ਤੇ ਹਮਲਾ ਤੇਜ਼ ਕਰਦਿਆਂ ਕਿਹਾ ਕਿ ਜੇਕਰ ਉਹ ਚੁਣੀ ਗਈ ਤਾਂ ਉਹ ਅਮਰੀਕਾ ਦੇ ਇਤਿਹਾਸ 'ਚ ਸਭ ਤੋਂ ਕੱਟੜਵਾਦੀ ਰਾਸ਼ਟਰਪਤੀ ਸਾਬਤ ਹੋਵੇਗੀ। ਜੋਅ ਬਾਇਡਨ (81) ਦੇ ਰਾਸ਼ਟਰਪਤੀ ਦੇ ਅਹੁਦੇ ਦੀ ਦੌੜ 'ਚੋਂ ਪਿੱਛੇ ਹਟਣ ਮਗਰੋਂ ਹੁਣ ਉੱਪ ਰਾਸ਼ਟਰਪਤੀ ਕਮਲਾ ਹੈਰਿਸ (59) ਡੈਮੋਕਰੈਟਿਕ ਪਾਰਟੀ ਦੀ ਅਧਿਕਾਰਤ ਉਮੀਦਵਾਰ ਹਨ। ਸਾਬਕਾ ਰਾਸ਼ਟਰਪਤੀ ਟਰੰਪ (78) ਨੇ ਹੈਰਿਸ ਨੂੰ ਪਰਵਾਸ ਤੇ ਗਰਭਪਾਤ ਦੇ ਮੁੱਦਿਆਂ 'ਤੇ ਲੋੜ ਨਾਲੋਂ ਵੱਧ ਉਦਾਰ ਦੱਸਿਆ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਸੰਗਤ ਨੇ ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਨੂੰ ਕੀਤਾ ਯਾਦ





**ਯੂਨੀਅਨ ਸਿਟੀ (ਡੀਡੀਬੀ)-** ਲੰਘੇ ਐਤਵਾਰ 28 ਜੁਲਾਈ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਸੰਗਤ ਨੇ ਉਘੇ ਸਮਾਜ ਸੇਵੀ ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਨੂੰ ਉਹਨਾਂ ਦੀ ਪਹਿਲੀ ਬਰਸੀ ਅਤੇ ਉਹਨਾਂ ਦੀ ਸੁਪਤਨੀ ਸਵਰਗੀ ਸ੍ਰੀਮਤੀ ਰੋਸ਼ਨੀ ਚੋਪੜਾ ਜੀ ਦੀ ਚੌਥੀ ਬਰਸੀ ਤੇ ਯਾਦ ਕਰਦਿਆਂ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਨੀਅਨ ਸਿਟੀ (ਕੈਲੇਫੋਰਨੀਆ) ਪ੍ਰਾਪਰਟੀ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਮਨੀ ਸਾਹਿਬ ਦੇ ਪਾਠ ਰਖਾਏ ਗਏ ਅਤੇ ਪਾਠ ਅਤੇ ਅਰਦਾਸ ਉਪਰੰਤ ਭਾਈ ਸਾਹਿਬ ਭਾਈ ਸੁਬੇਗ ਸਿੰਘ ਜੀ ਅਤੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ***(ਬਾਕੀ ਖਬਰ ਅਤੇ ਤਸਵੀਰਾਂ ਦੇਖੋ ਸਫਾ 29,30, 32 'ਤੇ)***

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM - 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈਂ ਚਕੋਰਾ ॥1॥
ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥1॥ਰਹਾਉ॥

## Devoted families are requesting entire Sangat to attend the following functions:

**August 2-3-4, 2024,**

**Akhand Path and Langar Sewa by Naresh Kumar & family**

Akhand Path and langar sewa will be hosted by Naresh Kumar and family to thank Guru Sahib for His blessings. Akhand Path will start on Friday, August 02, 2024 at 10:00 AM and will conclude with Bhog ceremony on Sunday, August 4, 2024.



**August 9-10-11, 2024**

**Sant Kabir ji Birth Anniversary**

Sant Kabir ji's birth anniversary will be celebrated on August 11, 2024. Akhand Path will start on Friday , August 9, 2024, at 10:00 AM and conclude with Bhog ceremony on Sunday August 11, 2024. Sant Kabir ji was a well-known mystic poet and saint of 15th-century in India. His verses are found in the Holy Scripture, Guru Granth Sahib ji. Jatha of Bhai Joginder Singh ji Bhai Jagir Singh ji from Dehradun will do the Shabad Kirtan along with Gurughar Jatha of Giani Balwinder Singh ji. Path and Langar sewa will be hosted by the devotees.




ਸ੍ਰੀ ਗੁਰੂ ਰਵਿਦਾਸ ਗੁਰੂਘਰ ਪਿਟਸਬਰਗ (ਕੈਲੀਫੋਰਨੀਆ) ਵਿਖੇ ਗੁਰੂਘਰ ਦੇ ਅਨਨ ਸੇਵਕ ਸ੍ਰੀ ਨਰੇਸ਼ ਕੁਮਾਰ ਸਵੈਨ ਅਤੇ ਉਨ੍ਹਾਂ ਦੀ ਧਰਮਪਤਨੀ ਸ੍ਰੀਮਤੀ ਨਵਜੋਤ ਸਵੈਨ ਵਲੋਂ ਪਰਿਵਾਰ ਦੀ ਚੜ੍ਹਦੀਕਲਾ ਅਤੇ ਵਾਹਿਗੁਰੂ ਦੇ ਸ਼ੁਕਰਾਨਾ ਵਜੋਂ 2 ਅਗਸਤ 2024 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਅਤੇ 4 ਅਗਸਤ 2024 ਨੂੰ ਸ੍ਰੀ ਅਖੰਡ ਸਾਹਿਬ ਪਾਠ ਦੇ ਭੋਗ ਪਾਏ ਜਾਣ ਉਪਰੰਤ ਕੀਰਤਨ ਦੀਵਾਨ ਸਜਾਇ ਜਾਣਗੇ ਜਿਸ ਦੋਰਾਣ ਗੁਰੂਘਰ ਦਾ ਜਥਾ ਭਾਈ ਸਾਹਿਬ ਭਾਈ ਬਲਵਿੰਦਰ ਸਿੰਘ ਜੀ ਅਤੇ ਨਾਮਵਰ ਰਾਗੀ ਜਥਾ ਭਾਈ ਸਾਹਿਬ ਭਾਈ ਉਂਕਾਰ ਸਿੰਘ ਜੀ ਊਨੇਵਾਲੇ ਗੁਰਬਾਣੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕਰਨਗੇ ਜੋ ਪਹਿਲਾਂ ਭੀ ਕਈ ਵਾਰ ਗੁਗੁਰੁਘਰ ਪਧਾਰ ਚੁੱਕੇ ਹਨ ਤੇ ਸੰਗਤਾਂ ਵਲੋਂ ਬਹੁਤ ਪਿਆਰ ਸਤਿਕਾਰ ਪਾਇਆ ਹੈ ਜੀ। ਸੋ ਸਵੈਨ ਪਰਿਵਾਰ ਵਲੋਂ ਆਪ ਜੀ ਨੂੰ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਜੀ ਆਪਣੇ ਪਰਿਵਾਰ ਸਮੇਤ ਗੁਗੁਰਘਰ ਦਰਸ਼ਨ ਦੇਣ ਦੀ ਕਿਰਪਾਲਤਾ ਕਰਨੀ ਜੀ

**ਬੇਨਤੀ ਕਰਤਾ ਪਰਿਵਾਰ**
**ਸ੍ਰੀ ਨਰੇਸ਼ ਕੁਮਾਰ ਸਵੈਨ ਅਤੇ ਸ੍ਰੀਮਤੀ ਨਵਜੋਤ ਸਵੈਨ**

**"NANAK NAM CHARDI KALA TERE BHANE SARBAT DA BHALA"**

## Sangat Sewadars

www.sriguruavidasstemple.com



**Chairman**
**Ramesh Suman**



**President**
**Vinod Kumar**



**Secretary**
**Dilbag Singh**



**Treasurer**
**Sunita Singh**

# ਕਮਲਾ ਹੈਰਿਸ ਦੀ ਪ੍ਰਸਿੱਧੀ ਦਾ ਗਰਾਫ਼ ਤੇਜੀ ਨਾਲ ਉਪਰ ਵੱਲ ਨੂੰ ਚੜਿਆ, ਸਰਵੇ ਅਨੁਸਾਰ ਟਰੰਪ ਲਈ ਬਣ ਸਕਦੀ ਹੈ ਖਤਰਾ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਉਪ ਰਾਸ਼ਟਰਪਤੀ ਕਮਲਾ ਹੈਰਿਸ ਨੂੰ ਚੋਣ ਮੈਦਾਨ ਛੱਡ ਗਏ ਜੋ ਬਾਈਡਨ ਵੱਲੋਂ ਰਾਸ਼ਟਰਪਤੀ ਦੇ ਅਹੁੱਦੇ ਲਈ ਉਮੀਦਵਾਰ ਵਜੋਂ ਨਾਮਜ਼ਦ ਕਰਨ ਤੋਂ ਬਾਅਦ ਅਮਰੀਕਾ ਵਿਚ ਰਾਜਸੀ ਦ੍ਰਿਸ਼ ਤੇਜੀ ਨਾਲ ਬਦਲਦਾ ਨਜਰ ਆ ਰਿਹਾ ਹੈ। ਕਮਲਾ ਹੈਰਿਸ ਦੀ ਪ੍ਰਸਿੱਧੀ ਦਾ ਗਰਾਫ਼ ਉਪਰ ਚੜ ਰਿਹਾ ਹੈ ਤੇ ਇਕ ਤਾਜ਼ਾ ਸਰਵੇ ਵਿਚ ਕਿਹਾ ਗਿਆ ਹੈ ਕਿ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਲਈ ਕਮਲਾ ਹੈਰਿਸ ਮੁਸ਼ਕਿਲਾਂ ਖੜੀਆਂ ਕਰ ਸਕਦੀ ਹੈ। ਜੋ ਬਾਈਡਨ ਨਾਲ ਬਹਿਸ ਉਪਰੰਤ ਵਿਸ਼ਵਾਸ਼ ਕੀਤਾ ਜਾ ਰਿਹਾ ਸੀ ਕਿ ਟਰੰਪ ਜਿੱਤ ਜਾਣ ਦੀ ਸਥਿੱਤੀ ਵਿਚ ਹਨ ਪਰੰਤੂ ਤੇਜੀ ਨਾਲ ਬਦਲਦੇ ਰਾਜਸੀ ਹਾਲਾਤ ਦੇ ਮੱਦੇਨਜਰ ਹੁਣ ਉਨਾਂ ਦੀ ਸਥਿੱਤੀ ਪਹਿਲਾਂ ਵਾਲੀ ਨਹੀਂ ਰਹੀ। ਰਾਈਟਰਜ-ਇਪਸੋਸ ਦੇ ਤਾਜ਼ਾ ਸਰਵੇਖਣ ਜੋ 22 ਜੁਲਾਈ ਤੇ 23 ਜੁਲਾਈ ਨੂੰ ਕੀਤਾ ਗਿਆ, ਅਨੁਸਾਰ ਹੈਰਿਸ ਰਜਿਸਟਰਡ ਵੋਟਰਾਂ ਦੇ 44% ਸਮਰਥਨ ਨਾਲ ਟਰੰਪ ਤੋਂ ਅੱਗੇ ਹੈ। ਟਰੰਪ ਨੂੰ 42% ਵੋਟਰਾਂ ਦਾ ਸਮਰਥਨ ਮਿਲਿਆ ਹੈ। 5% ਵੋਟਰਾਂ ਨੇ ਕਿਹਾ ਹੈ ਕਿ ਉਹ ਕਿਸੇ ਹੋਰ ਉਮੀਦਵਾਰ ਨੂੰ ਵੋਟ ਪਾਉਣਗੇ। 4% ਵੋਟਰ ਕਿਸੇ ਵੀ ਉਮੀਦਵਾਰ ਨੂੰ ਵੋਟ ਨਾ ਪਾਉਣ ਦੇ ਹੱਕ ਵਿਚ ਹਨ ਜਦ ਕਿ 5% ਨੇ ਕਿਹਾ ਹੈ ਕਿ ਉਹ ਕੁਝ ਨਹੀਂ ਕਹਿ ਸਕਦੇ। ਇਸ ਸਰਵੇ ਵਿਚ 3% ਗਲਤੀ ਦੀ ਸੰਭਾਵਨਾ ਰਖੀ ਗਈ ਹੈ। ਇਸ ਸਰਵੇ ਦੀਆਂ ਲੱਭਤਾਂ ਅਨੁਸਾਰ ਹੈਰਿਸ ਤੇਜੀ ਨਾਲ ਸਾਬਤ ਕਦਮਾਂ ਨਾਲ ਅੱਗੇ ਵਧ ਰਹੀ ਹੈ। ਇਸ ਤੋਂ ਪਹਿਲਾਂ ਜੁਲਾਈ ਵਿਚ ਹੀ ਕੀਤੇ ਇਕ ਸਰਵੇ ਵਿਚ ਹੈਰਿਸ ਤੇ ਟਰੰਪ ਨੂੰ ਬਰਾਬਰ 44% ਵੋਟਰਾਂ ਨੇ ਸਮਰਥਨ ਦਿੱਤਾ ਸੀ ਜਦ ਕਿ ਜੂਨ ਵਿਚ



ਕੀਤੇ ਸਰਵੇ ਵਿਚ ਟਰੰਪ ਨੂੰ 1% ਵੋਟਾਂ ਦੀ ਬੜਤ ਹਾਸਲ ਸੀ। ਇਸੇ ਦੌਰਾਨ ਵੱਖ ਵੱਖ ਸੂਤਰਾਂ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਕਮਲਾ ਹੈਰਿਸ ਨੇ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਲਈ ਲੋੜੀਂਦੇ ਡੈਲੀਗੇਟਾਂ ਦਾ ਸਮਰਥਨ ਪ੍ਰਾਪਤ ਕਰ ਲਿਆ ਹੈ ਤੇ ਉਸ ਨੂੰ ਅਗਲੇ ਮਹੀਨੇ ਪਾਰਟੀ ਵੱਲੋਂ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਐਲਾਨ ਦਿੱਤਾ ਜਾਵੇਗਾ।

ਡੈਲੀਗੇਟਾਂ ਬਾਰੇ ਏ ਪੀ ਵੱਲੋਂ ਕੀਤੇ ਇਕ ਸਰਵੇ ਵਿਚ ਕਿਹਾ ਗਿਆ ਹੈ ਕਿ ਹੈਰਿਸ ਨੂੰ 2538 ਡੈਲੀਗੇਟਾਂ ਦਾ ਸਮਰਥਨ ਹਾਸਲ ਹੈ ਜਦ ਕਿ ਉਸ ਨੂੰ ਪਾਰਟੀ ਉਮੀਦਵਾਰ ਬਣਨ ਲਈ 1976 ਡੈਲੀਗੇਟਾਂ ਦੀ ਲੋੜ ਹੈ। ਡੈਮੋਕਰੈਟਿਕ ਨੈਸ਼ਨਲ ਕਮੇਟੀ ਦੇ ਚੇਅਰਮੈਨ ਜੈਮ ਹੈਰੀਸਨ ਨੇ ਕਿਹਾ ਹੈ ਕਿ ਪਾਰਟੀ ਵੱਲੋਂ ਰਾਸ਼ਟਰਪਤੀ ਅਹੁੱਦੇ ਲਈ ਉਮੀਦਵਾਰ ਦਾ ਐਲਾਨ 7 ਅਗਸਤ ਤੱਕ ਕਰ ਦਿੱਤਾ ਜਾਵੇਗਾ।

## ਕੈਲੀਫੋਰਨੀਆ ਵਾਸੀ ਜੰਗਲ ਨੂੰ ਅੱਗ ਲਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਕੈਲੀਫੋਰਨੀਆ ਦੇ ਇਕ ਵਿਅਕਤੀ ਨੂੰ ਚੀਕੋ ਨੇੜੇ ਜੰਗਲ ਨੂੰ ਅੱਗ ਲਾਉਣ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਹੈ। 24 ਘੰਟਿਆਂ ਵਿਚ ਹੀ ਇਹ ਅੱਗ 1,25,000 ਏਕੜ ਵਿਚ ਫੈਲ ਗਈ ਸੀ। ਚੀਕੋ ਅੱਗ ਜਿਸ ਨੂੰ ਪਾਰਕ ਅੱਗ ਦਾ ਨਾਂ ਦਿੱਤਾ ਗਿਆ ਹੈ,ਇਸ ਸਾਲ ਕੈਲੀਫੋਰ-ਨੀਆ ਵਿਚ ਲੱਗੀ ਸਭ ਤੋਂ ਵੱਡੀ ਅੱਗ ਹੈ। ਪੁਲਿਸ ਵਿਭਾਗ ਅਨੁਸਾਰ ਰੋਨੀ ਸਟਾਊਟ (42) ਨੂੰ ਬਿਨਾਂ ਜਮਾਨਤ ਜੇਲ ਵਿਚ ਰਖਿਆ ਗਿਆ ਹੈ। ਬੂਟੇ ਕਾਊਂਟੀ ਡਿਸਟ੍ਰਿਕਟ ਅਟਾਰਨੀ ਮਾਈਕ ਰਾਮਸੇ ਨੇ ਕਿਹਾ ਹੈ ਕਿ ਸਟਾਊਟ ਨੂੰ ਰਾਹ ਜਾਂਦੇ ਲੋਕਾਂ ਨੇ ਮੌਕੇ 'ਤੇ ਕਾਬੂ ਕੀਤਾ ਹੈ।

## ਅਮਰੀਕਾ ਵਿਚ ਭਾਰਤੀ ਮੂਲ ਦਾ ਵਿਅਕਤੀ ਨਿਕਲੇ ਇਨਾਮ ਵਾਲੀ ਲਾਟਰੀ ਟਿਕਟ ਚੋਰੀ ਕਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਟੈਨੇਸੀ ਰਾਜ ਦੇ ਸ਼ਹਿਰ ਮੁਰਫ੍ਰੀਸਬੋਰੋ ਵਿਚ ਇਕ ਸਟੋਰ ਦੇ ਭਾਰਤੀ ਮੂਲ ਦੇ ਕਲਰਕ ਮੀਰ ਪਟੇਲ ਨੂੰ ਇਕ ਮਿਲੀਅਨ ਡਾਲਰਾਂ ਦੇ ਨਿਕਲੇ ਇਨਾਮ ਵਾਲੀ ਲਾਟਰੀ ਟਿਕਟ ਨੂੰ ਚੋਰੀ



ਕਰਨ ਤੇ ਇਨਾਮ ਲੈਣ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਰੁਦਰਫੋਰਡ ਕਾਊਂਟੀ ਸ਼ੈਰਿਫ ਦੇ ਦਫਤਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਦਫਤਰ ਅਨੁਸਾਰ 23 ਸਾਲਾ ਪਟੇਲ ਵਿਰੁੱਧ 2,50,000 ਡਾਲਰਾਂ ਤੋਂ ਵਧ ਚੋਰੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਜਾਂਚਕਾਰਾਂ ਅਨੁਸਾਰ ਲਾਟਰੀ ਦੀ ਟਿਕਟ ਦਾ ਅਸਲ ਮਾਲਕ ਜੋ ਆਪਣਾ ਨਾਂ ਜਨਤਿਕ ਨਹੀਂ ਕਰਨਾ ਚਹੁੰਦਾ, ਐਨਟੀਓਕ ਦਾ ਰਹਿਣ ਵਾਲਾ ਹੈ। ਉਸ ਨੇ 13 ਜੁਲਾਈ ਨੂੰ ਇਕ ਗੈਸ ਸਟੇਸ਼ਨ ਤੋਂ ਲਾਟਰੀ ਦੀਆਂ 2 ਟਿਕਟਾਂ ਖਰੀਦੀਆਂ ਸਨ। ਉਸ ਨੇ ਇਹ ਦੋਵੇਂ ਟਿਕਟਾਂ ਪਟੇਲ ਨੂੰ ਦੇ ਦਿੱਤੀਆਂ ਜੋ ਉਸ ਕੋਲ ਕਲਰਕ ਵਜੋਂ ਕੰਮ ਕਰਦਾ ਸੀ। ਇਨਾਂ ਦੋਨਾਂ ਟਿਕਟਾਂ ਉਪਰ ਇਨਾਮ ਨਿਕਲ ਆਇਆ। ਪਟੇਲ ਨੇ ਘੱਟ ਇਨਾਮ ਵਾਲੀ ਟਿਕਟ ਤਾਂ ਆਪਣੇ ਮਾਲਕ ਨੂੰ ਦੇ ਦਿੱਤੀ ਪਰੰਤੂ ਦੂਸਰੀ ਟਿਕਟ ਜਿਸ ਉਪਰ 1 ਮਿਲੀਅਨ ਡਾਲਰ ਦਾ ਇਨਾਮ ਨਿਕਲਿਆ ਸੀ ਨੂੰ ਖੁਰਦ ਬੁਰਦ ਕਰ ਦਿੱਤਾ। ਬਾਅਦ ਵਿਚ ਟੈਨੇਸੀ ਲਾਟਰੀ ਹੈੱਡਕੁਆਰਟਰ ਤੋਂ ਇਸ ਟਿਕਟ ਉਪਰ ਨਿਕਲਿਆ ਇਨਾਮ ਲੈਣ ਦਾ ਯਤਨ ਕੀਤਾ ਪਰੰਤੂ ਸ਼ੱਕ ਪੈਣ 'ਤੇ ਉਸ ਦਾ ਪਰਦਾਫਾਸ਼ ਹੋ ਗਿਆ। ਅਧਿਕਾਰੀਆਂ ਅਨੁਸਾਰ ਪਟੇਲ ਅਜੇ ਪੁਲਿਸ ਹਿਰਾਸਤ ਵਿਚ ਹੈ ਤੇ ਮਾਮਲੇ ਦੀ ਜਾਂਚ ਅਜੇ ਜਾਰੀ ਹੈ।

## ਅਮਰੀਕਾ ਵਿਚ ਜਹਾਜ਼ ਹਾਦਸੇ ਵਿੱਚ ਇਕ ਸੰਗੀਤ ਗਰੁੱਪ ਦੇ 3 ਮੈਂਬਰਾਂ ਸਮੇਤ 7 ਮੌਤਾਂ, ਜਹਾਜ਼ ਦੇ ਪਾਇਲਟ ਤੇ ਉਸ ਦੀ ਪਤਨੀ ਦੀ ਵੀ ਹੋਈ ਮੌਤ

**ਸੈਕਰਾਮੈਂਟੋ, ਕੈਲੀਫੋਰ-ਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਵਿਚ ਗਿਲੇਟ, ਵਾਇਓਮਿੰਗ, ਨੇੜੇ ਤਬਾਹ ਹੋਏ ਇਕ ਜਹਾਜ਼ ਵਿਚ ਸਵਾਰ ਐਟਲਾਂਟਾ ਗੋਸਪਲ ਗਰੁੱਪ 'ਦ ਨੈਲਨਜ' ਦੇ 3 ਮੈਂਬਰਾਂ ਸਮੇਤ 7 ਜਣਿਆਂ ਦੀ ਮੌਤ ਹੋਣ ਦੀ ਖਬਰ ਹੈ। ਮਿਊਜ਼ਕ ਮੈਨੇਜਮੈਂਟ ਗਰੁੱਪ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਇਹ ਹਾਦਸਾ ਉਸ ਸਮੇ ਵਾਪਰਿਆ ਜਦੋਂ ਬਹੁਤ ਹੀ



ਪਿਆਰਾ ਗੋਸਪਲ ਸੰਗੀਤ ਪਰਿਵਾਰ ਅਲਾਸਕਾ ਵਿਚ ਆਪਣੇ ਘਰ ਪਰਤ ਰਿਹਾ ਸੀ। ਮ੍ਰਿਤਕਾਂ ਦੀ ਪਛਾਣ ਜੈਸਨ , ਕੈਲੀ ਨੈਲਨ ਕਲਾਰਕ, ਅੰਬਰ, ਨਾਥਨ ਕਿਸਟਲਰ ਤੇ ਉਨਾਂ ਦੇ ਸਹਾਇਕ ਮੈਲੋਡੀ ਹੋਜ਼ਜ ਵਜੋਂ ਹੋਈ ਹੈ। ਬਿਆਨ ਵਿਚ ਹੋਰ ਕਿਹਾ ਗਿਆ ਹੈ ਕਿ ਹਾਦਸੇ ਵਿਚ ਜਾਨ ਗਵਾਉਣ ਵਾਲਿਆਂ ਵਿਚ ਪਾਇਲਟ ਲੈਰੀ ਹੇਨੀ ਤੇ ਉਸ ਦੀ ਪਤਨੀ ਮੇਲੀਸਾ ਵੀ ਸ਼ਾਮਿਲ ਹੈ। ਮੈਨੇਜਮੈਂਟ ਗਰੁੱਪ ਨੇ ਕਿਹਾ ਹੈ ਕਿ ਨੈਸ਼ਨਲ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਹਾਦਸੇ ਦੀ ਜਾਂਚ ਕਰ ਰਿਹਾ ਹੈ ਤੇ ਹਾਦਸੇ ਦੇ ਪੂਰੇ ਵੇਰਵੇ ਬਾਰੇ ਅਜੇ ਪਤਾ ਨਹੀਂ ਲੱਗਾ ਹੈ।


SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

# ਕੈਲੀਫੋਰਨੀਆ ਦੇ ਜੰਗਲ ਵਿਚ ਲੱਗੀ ਅੱਗ ਵਿਚੋਂ ਕਤੂਰਿਆਂ ਨੂੰ ਹੈਲੀਕਾਪਟਰ ਰਾਹੀਂ ਬਚਾਇਆ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਸੈਕਰਾਮੈਂਟੋ, ਕੈਲੀਫੋਰਨੀਆ ਦੇ ਉੱਤਰ ਵਿਚ ਲੱਗੀ ਅੱਗ ਜਿਸ ਨੂੰ ਪਾਰਕ ਫਾਇਰ ਦਾ ਨਾਂ ਦਿੱਤਾ ਗਿਆ ਹੈ, ਵੱਲੋਂ ਮਚਾਈ ਭਾਰੀ ਤਬਾਹੀ ਦਰਮਿਆਨ ਹੈਲੀਕਾਪਟਰ ਦੀ ਮੱਦਦ ਨਾਲ ਇਕ ਰੋਟਵੀਲਰ ਨਸਲ ਦੇ ਕੁੱਤੇ ਤੇ 4 ਕਤੂਰਿਆਂ ਨੂੰ ਬਚਾ ਲੈਣ ਦੀ ਖਬਰ ਹੈ। ਇਹ ਜਾਣਕਾਰੀ ਬੂਟੇ ਕਾਊਂਟੀ ਦੇ ਸ਼ੈਰਿਫ ਦਫਤਰ ਨੇ ਦਿੱਤੀ ਹੈ। ਸ਼ੈਰਿਫ ਦਫਤਰ ਦੇ ਫੇਸਬੁੱਕ ਸਫੇ ਉਪਰ ਪਾਈ ਇਕ ਪੋਸਟ ਅਨੁਸਾਰ ਕੈਂਪਬੈਲਵਿਲੇ ਦੇ ਦੂਰ ਦਰਾਜ ਦੇ ਖੇਤਰ ਨੇੜੇ ਰਹਿੰਦੇ ਇਕ ਵਿਅਕਤੀ ਨੂੰ ਹੋਰਨਾਂ ਲੋਕਾਂ ਨਾਲ ਬਚਾ ਲਿਆ ਗਿਆ ਸੀ ਪਰੰਤੂ ਉਹ ਆਪਣੇ ਕੁੱਤਿਆਂ ਨੂੰ ਨਾਲ ਨਹੀਂ ਲਿਆ ਸਕਿਆ ਸੀ। ਕਾਊਂਟੀ ਦੀ ਬਚਾਅ ਤੇ ਰਾਹਤ ਟੀਮ ਦਾ ਇਕ ਮੈਂਉਰ ਟਰੇਵਰ ਸਕਾਗਸ ਪਾਇਲਟ ਕੋਨੋਰ ਸਮਿੱਥ ਨਾਲ ਇਕ ਹੈਲੀਕਾਪਟਰ ਰਾਹੀਂ ਸਬੰਧਤ ਖੇਤਰ ਵਿਚ ਗਿਆ ਤੇ ਉਹ ਕੁੱਤਿਆਂ ਨੂੰ ਲੱਭਣ ਵਿਚ ਸਫਲ ਹੋ ਗਏ। ਮੌਕੇ ਤੇ ਇਕ ਰੋਟਵੀਲਰ ਨਸਲ ਦੀ ਕੁੱਤੀ ਮ੍ਰਿਤਕ ਹਾਲਤ ਵਿਚ ਮਿਲੀ ਜਦ ਕਿ ਦੋ ਹੋਰ ਕਤੂਰੇ ਨਹੀਂ ਮਿਲੇ। ਮਿਲੇ ਕੁੱਤੇ ਤੇ ਕਤੂਰਿਆਂ ਨੂੰ ਪਾਣੀ ਪਿਆ ਗਿਆ ਤੇ ਖਾਣ ਲਈ ਕੁਝ ਦਿੱਤਾ ਗਿਆ। ਬਾਅਦ ਵਿਚ ਉਨਾਂ ਨੂੰ ਚੀਕੋ ਹਵਾਈ ਅੱਡੇ ਤੇ ਨਾਰਥ ਵੈਲੀ ਐਨੀਮਲ ਡਿਜਾਸਟਰ ਗਰੁੱਪ ਦੇ ਹਵਾਲੇ ਕਰ ਦਿੱਤਾ ਗਿਆ ਜੋ ਅੱਗ ਤੋਂ ਪ੍ਰਭਾਵਿਤ ਘੋੜਿਆਂ, ਸੂਰਾਂ ਤੇ ਹੋਰ ਪਸ਼ੂਆਂ ਦੀ ਦੇਖਭਾਲ ਕਰਦਾ ਹੈ।

# ਵਿਦਿਆਰਥੀ ਵੀਜ਼ੇ 'ਤੇ ਗਏ ਇਕ ਭਾਰਤੀ ਨੂੰ ਨਬਾਲਗ ਨਾਲ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਦੇ ਮਾਮਲੇ ਵਿਚ 12 ਸਾਲ ਕੈਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਪੈਨਸਿਲਵਾਨੀਆ ਦੇ ਏਰੀ ਸ਼ਹਿਰ ਵਿਚ ਇਕ ਭਾਰਤੀ ਨਾਗਰਿਕ ਜੋ ਵਿਦਿਆਰਥੀ ਵੀਜ਼ੇ ਉਪਰ ਅਮਰੀਕਾ ਆਇਆ ਸੀ, ਨੂੰ ਇਕ ਨਬਾਲਗ ਨੂੰ ਫੁਸਲਾਉਣ ਤੇ ਉਸ ਨਾਲ ਗੈਰ ਕਾਨੂੰਨੀ ਸਰੀਰਕ ਸਬੰਧ ਬਣਾਉਣ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਇਕ ਅਦਾਲਤ ਵੱਲੋਂ 12 ਸਾਲ ਸੰਘੀ ਜੇਲ ਦੀ ਸਜ਼ਾ ਸੁਣਾਏ ਜਾਣ ਦੀ ਖਬਰ ਹੈ। ਯੂ ਐਸ ਅਟਾਰਨੀ ਏਰਿਕ ਜੀ ਓਲਸ਼ਾਨ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ 32 ਸਾਲਾ ਭਾਰਤੀ ਉਪੇਂਦਰਾ ਅਡੂਰੂ ਨੂੰ ਸਟ੍ਰਿਕਟ ਜੱਜ ਸੂਸਾਨ ਪੈਰਾਡਾਈਜ ਬੈਕਸਟਰ ਨੇ ਸਜ਼ਾ ਸੁਣਾਈ। ਸਜ਼ਾ ਪੂਰੀ ਹੋਣ ਉਪਰੰਤ ਅਡੂਰੂ ਨੂੰ 10 ਸਾਲ ਨਿਗਰਾਨੀ ਵਿਚ ਰਹਿਣਾ ਪਵੇਗਾ। ਮਾਮਲੇ ਦੀ ਜਾਂਚ ਵਿੱਚ ਪਤਾ ਲੱਗਾ ਕਿ ਅਡੂਰੂ ਨੇ ਸਤੰਬਰ 20 ਅਤੇ ਅਕਤੂਬਰ 6, 2022 ਦਰਮਿਆਨ ਇਕ 13 ਸਾਲ ਦੀ ਲੜਕੀ ਨੂੰ ਸੋਸ਼ਲ ਮੀਡੀਆ ਰਾਹੀਂ ਕਈ ਸੁਨੇਹੇ ਤੇ ਅਸ਼ਲੀਲ ਤਸਵੀਰਾਂ ਭੇਜੀਆਂ । ਭੇਜੇ ਸੁਨੇਹਿਆਂ ਵਿਚ ਉਸ ਨੇ ਵਾਰ ਵਾਰ ਸਰੀਰਕ ਸਬੰਧ ਬਣਾਉਣ ਦੀ ਇੱਛਾ ਪ੍ਰਗਟਾਈ। ਉਸ ਨੇ ਨਬਾਲਗ ਨਾਲ ਮਿਲਕਰੀਕ ਟਾਊਨਸ਼ਿੱਪ ਦੇ ਇਕ ਪਾਰਕ ਵਿਚ ਮਿਲਣ ਦਾ ਪ੍ਰੋਗਰਾਮ ਬਣਾਇਆ ਜਿਥੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ।

# ਡਰੱਗ ਮਾਮਲੇ 'ਚ ਜਗਦੀਸ਼ ਭੋਲਾ ਨੂੰ 10 ਸਾਲ ਦੀ ਸਜ਼ਾ ਹੋਈ



**ਮੋਹਾਲੀ–** ਮੋਹਾਲੀ ਦੀ ਅਦਾਲਤ ਨੇ ਮੰਗਲਵਾਰ ਨੂੰ ਚਰਚਿਤ ਡਰੱਗ ਤਸਕਰ ਅਤੇ ਸਾਬਕਾ ਡਿਪਟੀ ਪੁਲਿਸ ਸੁਪਰਡੈਂਟ ਜਗਦੀਸ਼ ਸਿੰਘ ਭੋਲਾ ਨੂੰ ਮਨੀ ਲਾਂਡਰਿੰਗ ਮਾਮਲੇ ਵਿੱਚ ਦੋਸ਼ੀ ਠਹਿਰਾਉਂਦੇ ਹੋਏ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਭੋਲਾ ਤੋਂ ਇਲਾਵਾ 16 ਹੋਰ ਮੁਲਜ਼ਮਾਂ ਨੂੰ ਵੀ ਦੋਸ਼ੀ ਕਰਾਰ ਦਿੱਤਾ ਹੈ। ਇਨਫੋਰਸਮੈਂਟ ਡਾਇਰੈਕਟੋਰੇਟ ਵਲੋਂ ਦਰਜ ਮਨੀ ਲਾਂਡਰਿੰਗ ਮਾਮਲੇ ਵਿੱਚ ਕੁੱਲ 23 ਮੁਲਜ਼ਮ ਸਨ, ਜਿਨ੍ਹਾਂ ਵਿੱਚੋਂ 2 ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ ਅਤੇ 4 ਦੀ ਮਾਮਲੇ ਦੇ ਨਤੀਜੇ ਤੱਕ ਪਹੁੰਚਣ ਤੱਕ ਮੌਤ ਹੋ ਚੁੱਕੀ ਸੀ। ਜਗਦੀਸ਼ ਭੋਲੇ ਤੋਂ ਇਲਾਵਾ ਬਾਕੀ ਦੋਸ਼ੀਆਂ ਨੂੰ 3 ਸਾਲ ਤੋਂ ਲੈ ਕੇ 10 ਸਾਲ ਤੱਕ ਦੀ ਸਜ਼ਾ ਸੁਣਾਈ ਗਈ ਹੈ। ਮਾਮਲੇ ਵਿੱਚ ਦੋਸ਼ੀ ਠਹਿਰਾਏ ਜਾਣ ਵਾਲਿਆਂ ਵਿੱਚ ਭੋਲਾ ਦੀ ਪਤਨੀ ਗੁਰਪ੍ਰੀਤ ਕੌਰ ਸਣੇ ਦੋ ਔਰਤਾਂ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਤਿੰਨ ਸਾਲ ਦੀ ਸਜ਼ਾ ਸੁਣਾਈ ਗਈ ਹੈ।

ਅਦਾਲਤ ਨੇ ਮਨਿੰਦਰ ਸਿੰਘ ਬਿੱਟੂ ਔਲਖ ਨੂੰ ਵੀ ਮਨੀ ਲਾਂਡਰਿੰਗ ਦੇ ਇਲਜ਼ਾਮਾਂ ਤਹਿਤ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਬਿੱਟੂ ਖ਼ਿਲਾਫ਼, ਇਸ ਤੋਂ ਪਹਿਲਾਂ ਵੀ ਨਸ਼ਿਆਂ ਦਾ ਮਾਮਲਾ ਚੱਲ ਚੁੱਕਿਆ ਹੈ ਅਤੇ ਇਸ ਵਿੱਚੋਂ ਉਹ ਬਰੀ ਹੋ ਗਏ ਸਨ। ਇਹ ਮਾਮਲਾ ਜਗਦੀਸ਼ ਸਿੰਘ ਉਰਫ਼ ਭੋਲਾ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਬਠਿੰਡਾ ਦੇ ਹੀ ਰਾਇਕਾ ਕਲਾਂ ਦੇ ਭੋਲਾ ਰਾਸ਼ਟਰਮੰਡਲ ਖੇਡਾਂ ਵਿੱਚ ਸੋਨ ਤਗ਼ਮਾ ਜੇਤੂ ਹਨ। ਅਰਜੁਨ ਐਵਾਰਡ ਨਾਲ ਸਨਮਾਨਿਤ ਭੋਲਾ ਰੁਸਤਮ-ਏ-ਹਿੰਦ ਖ਼ਿਤਾਬ ਨਾਲ ਵੀ ਨਿਵਾਜ਼ੇ ਗਏ। ਪੰਜਾਬ ਸਰਕਾਰ ਨੇ ਉਸ ਨੂੰ ਪੁਲਿਸ ਵਿਚ ਡੀਐੱਸਪੀ ਦੀ ਨੌਕਰੀ ਦਿੱਤੀ। ਪਰ ਫਿਰ ਡਰੱਗ ਤਸਕਰੀ ਦੇ ਇਲਜ਼ਾਮਾਂ ਤੋਂ ਬਾਅਦ ਉਨ੍ਹਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ ਸੀ।

# ਹਾਦਸੇ 'ਚ ਭੈਣ-ਭਰਾ ਸਣੇ ਤਿੰਨ ਪੰਜਾਬੀ ਹਲਾਕ

**ਵੈਨਕੂਵਰ–** ਕੈਨੇਡਾ ਦੇ ਉੱਤਰੀ ਸੂਬੇ ਨਿਊ ਬਰੰਸਵਿੱਕ ਵਿਚ ਸੜਕ ਹਾਦਸੇ ਵਿੱਚ ਪੰਜਾਬ ਤੋਂ ਸਟੱਡੀ ਵੀਜ਼ੇ 'ਤੇ ਆਈਆਂ ਦੋ ਲੜਕੀਆਂ ਤੇ ਇੱਕ ਲੜਕੇ ਦੀ ਮੌਤ ਹੋ ਗਈ। ਇਨ੍ਹਾਂ 'ਚ ਦੋ ਚਚੇਰੇ ਭੈਣ-ਭਰਾ ਸਨ। ਮ੍ਰਿਤਕਾਂ ਦੀ ਪਛਾਣ ਹਰਮਨ ਸੋਮਲ (23) ਪੁੱਤਰੀ ਮਨਦੀਪ ਸਿੰਘ ਵਾਸੀ ਮਲੌਦ, ਨਵਜੋਤ ਸੋਮਲ (19) ਪੁੱਤਰ ਰਣਜੀਤ ਸਿੰਘ ਵਾਸੀ ਮਲੌਦ (ਦੋਵੇਂ ਚਚੇਰੇ ਭੈਣ-ਭਰਾ) ਤੇ ਉਨ੍ਹਾਂ ਦੀ ਦੋਸਤ ਰਸ਼ਮਦੀਪ ਕੌਰ (24) ਪੁੱਤਰੀ ਭੁਪਿੰਦਰ ਸਿੰਘ ਵਾਸੀ ਸਮਾਣਾ ਵਜੋਂ ਹੋਈ ਹੈ।

ਸਬ-ਡਿਵੀਜ਼ਨ ਪਾਇਲ ਦੇ ਕਸਬਾ ਮਲੌਦ ਦੇ ਦੀ ਰਹਿਣ ਵਾਲੀ ਹਰਮਨ ਸੋਮਲ (23) ਪੁੱਤਰੀ ਮਨਦੀਪ ਸਿੰਘ ਕੁਝ ਸਾਲ ਪਹਿਲਾਂ ਕੈਨੇਡਾ ਵਿੱਚ ਪੜ੍ਹਾਈ ਕਰਨ ਗਈ ਸੀ ਤੇ ਹੁਣ ਪੜ੍ਹਾਈ ਪੂਰੀ ਹੋਣ ਮਗਰੋਂ ਪੱਕੇ ਤੌਰ 'ਤੇ ਉੱਥੋਂ ਦੀ ਵਸਨੀਕ ਹੋ ਗਈ ਸੀ। ਉਸ ਦਾ ਚਚੇਰਾ ਭਰਾ ਨਵਜੋਤ ਸੋਮਲ (19) ਪੁੱਤਰ ਰਣਜੀਤ ਸਿੰਘ ਵਾਸੀ ਮਲੌਦ ਅਤੇ ਉਨ੍ਹਾਂ ਦੀ ਦੋਸਤ ਰਸ਼ਮਦੀਪ ਕੌਰ ਵਾਸੀ ਸਮਾਣਾ ਆਪਣੇ ਚੌਥੇ ਸਾਥੀ ਨਾਲ ਕਾਰ ਵਿੱਚ ਸਫਰ ਕਰ ਰਹੇ ਸੀ ਤਾਂ ਹਾਈਵੇਅ 'ਤੇ ਟਾਇਰ ਫਟਣ ਨਾਲ ਬੇਕਾਬੂ ਹੋਈ ਕਾਰ ਪਲਟ ਗਈ ਤੇ ਇਸ ਹਾਦਸੇ 'ਚ ਉਪਰੋਕਤ ਤਿੰਨਾਂ ਨੌਜਵਾਨਾਂ ਦੀ ਮੌਤ ਹੋ ਗਈ ਜਦਕਿ ਡਰਾਈਵਰ ਜ਼ਖ਼ਮੀ ਹੋ ਗਿਆ। ਨਵਜੋਤ ਸੋਮਲ ਤਿੰਨ ਮਹੀਨੇ ਪਹਿਲਾਂ ਹੀ ਕੈਨੇਡਾ ਪੜ੍ਹਨ ਗਿਆ ਸੀ। ਪੀੜਤ ਪਰਿਵਾਰ ਨੇ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਮ੍ਰਿਤਕ ਨੌਜਵਾਨਾਂ ਦੀਆਂ ਦੇਹਾਂ ਵਾਪਸ ਲਿਆਉਣ 'ਚ ਮਦਦ ਕੀਤੀ ਜਾਵੇ। ਹਲਕਾ ਵਿਧਾਇਕ ਇੰਜਨੀਅਰ ਮਨਵਿੰਦਰ ਸਿੰਘ



ਗਿਆਸਪੁਰਾ ਨੇ ਪੀੜਤ ਪਰਿਵਾਰ ਦੇ ਘਰ ਪਹੁੰਚ ਕੇ ਦੁਖ ਦਾ ਪ੍ਰਗਟਾਵਾ ਕੀਤਾ। ਫਤਹਿਗੜ੍ਹ ਸਾਹਿਬ ਤੋਂ ਸੰਸਦ ਮੈਂਬਰ ਡਾ। ਅਮਰ ਸਿੰਘ ਬੋਪਾਰਾਏ ਨੇ ਕਿਹਾ ਕਿ ਉਨ੍ਹਾਂ ਲਾਸ਼ਾਂ ਵਾਪਸ ਲਿਆਉਣ ਸਬੰਧੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਤੋਂ ਮਦਦ ਮੰਗੀ ਹੈ। ਕੈਨੇਡਾ 'ਚ ਵਾਪਰੇ ਹਾਦਸੇ 'ਚ ਹਲਾਕ ਹੋਈ ਰਸ਼ਮਦੀਪ (24) ਪੁੱਤਰੀ ਮਾਸਟਰ ਭੁਪਿੰਦਰ ਸਿੰਘ ਵਾਸੀ ਸਮਾਣਾ 4 ਸਾਲ ਪਹਿਲਾਂ ਪੜ੍ਹਾਈ ਲਈ (ਮਾਊਟੈਂਨ) ਕੈਨੇਡਾ ਗਈ ਸੀ। ਮ੍ਰਿਤਕਾ ਦੇ ਮਾਪੇ ਸਰਕਾਰੀ ਸਕੂਲ 'ਚ ਲੈਕਚਰਾਰ ਹਨ।



# ਜੀ.ਐਚ.ਜੀ. ਅਕੈਡਮੀ ਵੱਲੋਂ ਸਲਾਨਾ 14 ਵੇ ਅੰਤਰ-ਰਾਸ਼ਟਰੀ ਯੁਵਕ ਮੇਲੇ ਨੇ ਛੱਡੀਆਂ ਅਮਿੱਟ ਪੈੜਾਂ







**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵੱਲੋਂ ਚੌਧਵਾਂ ਸਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਦੇ "ਵਿਲੀਅਮ ਸਰੋਏਨ ਥੀਏਟਰ" (Wililam Saroyan Theater) ਵਿੱਚ ਕਰਵਾਇਆ ਗਿਆ। ਜਿਸ ਦੀ ਸੁਰੂਆਤ ਜੀ. ਐਚ. ਜੀ. ਖਾਲਸਾ ਦੀ ਚਲੀ ਆ ਰਹੀ ਮਰਿਯਾਦਾ ਅਨੁਸਾਰ ਸਭ ਨੇ ਰਲ ਕੇ ਪ੍ਰੋਗਰਾਮ ਦੀ ਸਫਲਤਾ ਲਈ ਅਰਦਾਸ ਕੀਤੀ। ਇਸ ਉਪਰੰਤ ਪੰਜਾਬੀ ਸੱਭਿਆਚਾਰ ਨੂੰ ਸਿਜਦਾ ਕਰਦੇ ਹੋਏ ਗਿੱਧੇ ਅਤੇ ਭੰਗੜੇ ਦਾ ਦੌਰ ਵਿੱਚ ਪਹਿਲਾ ਜੀ.ਐਚ.ਜੀ. ਅਕੈਡਮੀਂ ਦੇ ਵੱਲੋਂ ਤਿਆਰ ਟੀਮਾਂ ਦੇ ਬੱਚਿਆਂ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।



ਇਸ ਸਮੇਂ ਅਕੈਡਮੀ ਦੇ ਫਾਊਡਰ ਅਤੇ ਸਰਪ੍ਰਸਤ ਡਾ. ਦਲਜਿੰਦਰ ਸਿੰਘ ਜੌਹਲ ਵੱਲੋਂ ਭੇਜਿਆ ਵਧਾਈ ਅਤੇ ਪ੍ਰੋਗਰਾਮ ਦਾ ਸੁਨੇਹਾ ਸਭ ਨੂੰ ਸੁਣਾਇਆ ਗਿਆ। ਇਸ ਉਪਰੰਤ ਚੱਲੇ ਭੰਗੜੇ ਦੇ ਮੁਕਾਬਲੇ ਦੇ ਮਹਾਂ ਯੁੱਧ ਵਿੱਚ ਅਮਰੀਕਾ ਅਤੇ ਕਨੇਡਾਂ ਦੇ ਵੱਖ-ਵੱਖ ਸ਼ਹਿਰਾਂ ਦੀਆਂ ਟੀਮਾਂ ਨੇ ਪੂਰੇ ਜੋਸ਼ ਅਤੇ ਚੜਦੀਕਲਾ ਨਾਲ ਭੰਗੜੇ ਦੇ ਮੁਕਾਬਲੇ ਕਰਦੇ ਹੋਏ ਖੂਬ ਕਲਾ ਦਾ ਪ੍ਰਦਰਸ਼ਨ ਅਤੇ ਹਾਜ਼ਰੀਨ ਦਾ ਮਨੋਰੰਜਨ ਕੀਤਾ।

ਇਹ ਅੰਤਰ-ਰਾਸ਼ਟਰੀ ਬੜੇ ਦਿਲਚਸਪ ਸਨ। ਜਿਸ ਸਭ ਟੀਮਾਂ ਨੇ ਆਪਣੀ ਪੂਰੀ ਤਿਆਰੀ ਨਾਲ ਪੇਸ਼ਕਾਰੀ ਕੀਤੀ। ਆਪਸੀ ਮੁਕਾਬਲੇ ਵਿੱਚ ਕੁਝ ਨੰਬਰਾਂ ਦੇ ਹਿਸਾਬ ਨਾਲ ਹੀ ਇੱਕ-ਦੂਜੇ ਤੋਂ ਫ਼ਰਕ ਨਾਲ ਰਹੇ। ਟੀਮਾਂ ਲਈ ਇਨਾਮ ਵੱਖ-ਵੱਖ ਸਪਾਂਸਰਾਂ ਵੱਲੋਂ ਦਿੱਤੇ ਗਏ। ਹੁਣ ਸਾਰਾ ਸਾਲ ਆਪਣੇ ਸਟੂਡੀਓ ਵਿੱਚ ਭੰਗੜਾ ਸਿਖਲਾਈ ਦੇਣ ਵਾਲੀ ਜੀ. ਐਚ. ਜੀ. ਅਕੈਡਮੀ ਦੇ ਸਿੱਖਿਆਰਥੀਆਂ ਦੀ ਟੀਮ ਨੇ ਵੀ ਬਾ-ਕਮਾਲ ਪੇਸ਼ਕਾਰੀ ਕੀਤੀ। ਜਿਸ ਵਿੱਚ ਭੰਗੜੇ ਤੋਂ ਇਲਾਵਾ ਬਾਬਿਆਂ ਦਾ "ਮਲਵਈ ਗਿੱਧਾ", ਪੰਜਾਬ ਦਾ ਲੋਕ ਨਾਚ "ਝੂਮਰ" ਅਤੇ "ਮਾਂਵਾਂ ਦਾ ਗਿੱਧਾ" ਦੀ ਪੇਸ਼ਕਾਰੀ ਨੇ ਪੰਜਾਬੀ ਸੱਭਿਆਚਾਰ ਦੀ ਅਸਲ ਤਸਵੀਰ ਪੇਸ਼ ਕਰਦੇ ਹੋਏ ਰੂਬ ਰੰਗ ਬੰਨੇ। ਇਸੇ ਤਰਾਂ ਸਭ ਹਿੱਸਾ ਲੈਣ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ ਦਿੱਤੇ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਪਹਿਲਾ ਸਥਾਨ "ਆਪਣਾ ਭੰਗੜਾ ਕਰੀਉ" ਸਿਆਟਲ, ਦੂਜਾ ਸਥਾਨ "ਰੰਗਲਾ ਪੰਜਾਬ ਆਰਟ ਅਕੈਡਮੀ" ਸਰੀ, ਕਨੇਡਾ ਅਤੇ ਤੀਜਾ ਸਥਾਨ "ਫਰਿਜ਼ਨੋ ਦੀ ਟੀਮ" ਦੇ ਹਿੱਸੇ ਆਇਆ।

ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ਼ ਸੰਚਾਲਨ ਦੀ ਮੁੱਖ ਭੂਮਿਕਾ ਬੀਬੀ ਆਸ਼ਾ ਸ਼ਰਮਾਂ, ਗੁਰਦੀਪ ਸ਼ੇਰਗਿੱਲ ਅਤੇ ਜਸਪ੍ਰੀਤ ਸਿੰਘ ਸਿੱਧੂ ਨੇ ਨਾ-ਖੂਬੀ ਨਿਭਾਈ। ਜਦ ਕਿ ਅੰਤਰ-ਰਾਸ਼ਟਰੀ ਮੁਕਾਬਲਿਆਂ ਦੌਰਾਨ ਸਟੇਜ਼ ਸੰਚਾਲਨ ਖ਼ਾਸ ਤੌਰ ਤੇ ਕਨੇਡਾ ਤੋਂ ਆਏ ਗੁਰਬੀਰ ਸਿੰਘ ਨੇ ਕੀਤਾ। ਇਸ ਸਮੁੱਚੇ ਕਾਰਜ ਨੂੰ ਨੇਪਰੇ ਚਾੜਨ ਵਿੱਚ ਸਭ ਪ੍ਰਬੰਧਕ ਵਧਾਈ ਦੇ ਪਾਤਰ ਹਨ। ਜਿਸ ਤੋਂ ਸਭ ਹਾਜ਼ਰੀਨ ਬਹੁਤ ਖੁਸ਼ ਸਨ। ਅੱਜ ਦੇ ਸਮੇਂ ਅੰਦਰ ਬੱਚਿਆਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕੱਢ ਵੀਡੀਓ ਗੇਮ ਵਰਗੀ ਆਦਤ ਤੋਂ ਦੂਰ ਕਰਨਾ ਅਤੇ ਆਪਣੇ ਸੱਭਿਆਚਾਰਕ ਵਿਰਸੇ ਅਤੇ ਧਰਮ ਨਾਲ ਜੋੜਨ ਦਾ ਇਹ ਇਕ ਪ੍ਰਬੰਧਕਾ ਦਾ ਬਹੁਤ ਵੱਡਾ ਉਪਰਾਲਾ ਹੈ। ਅੱਜ ਇਹ ਲੋੜ ਵੀ ਹੈ ਕਿ ਬੱਚੇ ਘਰ ਦੀ ਚਾਰ ਦੀਵਾਰੀ ਅੰਦਰ ਮਾਨਸਿਕ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਬਾਹਰ ਬੱਚਿਆਂ ਵਿੱਚ ਲਿਆਉਣਾ ਅਤੇ ਆਪਣੇ ਸੱਭਿਆਚਾਰ ਨਾਲ ਜੋੜਨਾ, ਜਿੱਥੇ ਉਨ੍ਹਾਂ ਦੀ ਮਾਨਸਿਕਤਾ ਨੂੰ ਕਾਇਮ ਰੱਖਦਾ ਹੈ। ਉੱਥੇ ਉਨ੍ਹਾਂ ਵਿੱਚ ਤੰਦਰੁਸਤੀ ਅਤੇ ਸਵੈ-ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਪ੍ਰੋਗਰਾਮ ਦੌਰਾਨ "ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ" ਦੀ ਟੀਮ ਨੂੰ ਵੀ ਸਮੁੱਚੇ ਭਾਈਚਾਰੇ ਅੰਦਰ ਵਲੰਟੀਅਰ ਸੇਵਾਵਾਂ ਦੇਣ ਬਦਲੇ ਸਨਮਾਨਿਤ ਕੀਤਾ ਗਿਆ। ਅੰਤ ਪ੍ਰਬੰਧਕਾਂ ਵੱਲੋਂ ਸਮੂੰਹ ਸਹਿਯੋਗੀਆਂ ਸਨਮਾਨ ਅਤੇ ਹਾਜ਼ਰੀਨ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ।

ਅਜਿਹੇ ਪ੍ਰੋਗਰਾਮ ਹੀ ਪੰਜਾਬੀ ਸੱਭਿਆਚਾਰ ਅਤੇ ਬੋਲੀ ਨੂੰ ਆਉਣ ਵਾਲੀਆ ਪੀੜੀਆਂ ਤੱਕ ਚੱਲਦੇ ਰੱਖਣ ਵਿੱਚ ਬਹੁਤ ਸਹਾਇਕ ਹੋਣਗੇ। ਇਸ ਸਮੁੱਚੇ ਕਾਰਜ ਲਈ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਗੁਰਦੀਪ ਸਿੰਘ ਸ਼ੇਰਗਿੱਲ ਅਤੇ ਸਮੂੰਹ ਪ੍ਰਬੰਧਕ ਵਧਾਈ ਦੇ ਪਾਤਰ ਹਨ। ਅੰਤ ਆਪਣੀਆਂ ਅਮਿੱਟ ਪੈੜਾ ਛੱਡਦਾ ਹੋਇਆ ਇਹ ਅੰਤਰ-ਰਾਸ਼ਟਰੀ ਯੁਵਕ ਮੇਲਾ ਯਾਦਗਾਰੀ ਹੋ ਨਿਬੜਿਆ।

ਆਪ ਜੀ ਨੂੰ ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਸਾਡੇ ਬਹੁਤ ਹੀ ਸਤਿਕਾਰਯੋਗ

ਸ਼ੋਕ ਸਮਾਚਾਰ



ਸ਼ੋਕ ਸਮਾਚਾਰ

## ਡਾ. ਰਾਮ ਲਾਲ ਜੱਸੀ ਜੀ

**(ਡਾ. ਰਾਹੁਲ ਜੀ ਦੇ ਪਿਤਾ ਜੀ)**

ਜੋ ਕਿ ਆਪਣੀ ਸੰਸਾਰਿਕ ਯਾਤਰਾ ਭੋਗਦੇ ਹੋਏ ਸਾਨੂੰ ਸਦੀਵੀਂ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ

## ਅੰਤਿਮ ਸੰਸਕਾਰ

**ਮਿਤੀ 01 ਅਗਸਤ 2024 ਦਿਨ ਵੀਰਵਾਰ ਨੂੰ**

**ਦੁਪਹਿਰ 2:00 ਵਜੇ ਤੋਂ 2:30 ਵਜੇ ਤੱਕ**

**ਮੁਹੱਲਾ ਰਾਮ ਨਗਰ (ਜਲੰਧਰ)**

ਵਿਖੇ ਹੋਵੇਗਾ।

ਦੁਖੀ ਹਿਰਦੇ

**ਪ੍ਰਬੁੱਧ ਭਾਰਤ ਫਾਊਂਡੇਸ਼ਨ ਅਤੇ ਸਮੂਹ ਜੱਸੀ ਪਰਿਵਾਰ**

# ਡਾ. ਜੱਸੀ ਦਾ ਸਦੀਵੀ ਵਿਛੋੜਾ ਇਕ ਵੱਡਾ ਘਾਟਾ

ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਦੇ ਸਮੂਹ ਸਟਾਫ ਵੱਲੋਂ ਦੁਖੀ ਮਨ ਨਾਲ ਇਹ ਖਬਰ ਦਿੱਤੀ ਜਾਂਦੀ ਹੈ ਕਿ ਉਘੇ ਅੰਬੇਡਕਰੀ ਅਤੇ ਮਹਾਨ ਬੁੱਧੀਜੀਵੀ ਡਾ. ਰਾਮ ਲਾਲ ਜੱਸੀ ਸਦੀਵੀ ਵਿਛੋੜਾ ਦੇ ਗਏ ਹਨ। ਉਹ ਲੱਗਭੱਗ ਛੇ ਦਹਾਕਿਆਂ ਤੋਂ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਵਿਚਾਰਧਾਰਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਸਰਗਰਮੀ ਨਾਲ ਯਤਨਸ਼ੀਲ ਸਨ। ਉਹਨਾਂ ਨੇ ਬਾਬਾ ਸਾਹਿਬ ਦੀਆਂ ਸਮੁੱਚੀਆਂ ਲਿਖਤਾਂ ਦਾ ਡੂੰਘਾ ਅਧਿਐਨ ਕੀਤਾ ਹੋਇਆ ਸੀ ਅਤੇ ਅੰਬੇਡਕਰੀ ਵਿਚਾਰਧਾਰਾ ਤੇ ਉਹਨਾਂ ਦੀ ਪੂਰੀ ਪਕੜ ਸੀ। ਉਹਨਾਂ ਦੇ



ਪ੍ਰੀਨਿਰਵਾਣ ਨਾਲ ਪਰਿਵਾਰ ਸਮੇਤ ਸਮਾਜ ਨੂੰ ਵੀ ਨਾ ਪੂਰਿਆਂ ਹੋਣ ਵਾਲਾ ਘਾਟਾ ਪਿਆ ਹੈ।

ਇਸ ਮੌਕੇ ਨਾਮਵਰ ਸ਼ਖ਼ਸੀਅਤ, ਉਘੇ ਅੰਬੇਡਕਰਾਈਟ, ਬੁੱਧਿਸਟ ਵਿਦਵਾਨ ਡਾ. ਜੀ. ਸੀ. ਕੌਲ ਨੇ ਡਾ. ਰਾਮਲਾਲ ਜੱਸੀ ਦੇ ਅਸਹਿ ਸਦੀਵੀ ਵਿਛੋੜੇ 'ਤੇ ਦਿਲੀ ਦੁੱਖ ਪ੍ਰਗਟ ਕੀਤਾ।

ਇਸ ਦੁੱਖ ਭਰੇ ਸਮੇਂ ਤੇ ਅਸੀਂ ਉਹਨਾਂ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹੋਏ ਡਾ. ਜੱਸੀ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕਰਦੇ ਹਾਂ।

ਦੇਸ਼ ਦੁਆਬਾ

# ਸ਼ਹੀਦ ਊਧਮ ਸਿੰਘ ਦੀ ਕੁਰਬਾਨੀ

ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਜਿਹਨਾਂ ਯੋਧਿਆਂ, ਸੂਰਬੀਰਾਂ ਨੇ ਕੁਰਬਾਨੀਆਂ ਦੇ ਕੇ ਅੱਜ ਦੇ ਭਾਰਤ ਦੇ ਹੋਂਦ ਵਿਚ ਆਉਣ ਦਾ ਰਾਹ ਪੱਧਰਾ ਕੀਤਾ, ਉਹਨਾਂ ਵਿਚ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਵਰਗੇ ਮਹਾਨ ਨੌਜਵਾਨ ਸ਼ਹੀਦਾਂ ਤੋਂ ਇਲਾਵਾ ਸ਼ਹੀਦ ਊਧਮ ਸਿੰਘ ਦਾ ਨਾਂ ਸੁਨਹਿਰੀ ਅੱਖਰਾਂ ਵਿਚ ਲਿਖਿਆ ਹੈ। ਹਾਲਾਂਕਿ ਪੰਜਾਬੀ ਮੂਲ ਦੇ ਸੈਂਕੜੇ ਅਜਿਹੇ ਮਹਾਨ ਸ਼ਹੀਦ ਹੋਏ, ਜਿਹਨਾਂ ਨੇ ਕੁਰਬਾਨੀਆਂ ਦੇ ਕੇ ਭਾਰਤ ਦੀ ਆਜ਼ਾਦੀ ਦਾ ਰਾਹ ਪੱਧਰਾ ਕੀਤਾ, ਪਰ ਕੁਝ ਦਿਨਾਂ ਵਿਚ ਅਸੀਂ ਸ਼ਹੀਦ ਊਧਮ ਸਿੰਘ ਦਾ ਜਨਮ ਦਿਹਾੜਾ ਮਨਾ ਰਹੇ ਹਾਂ, ਜਿਹਨਾਂ ਦੀ ਬਦੌਲਤ ਸਾਨੂੰ ਅੱਜ ਦਾ ਲੋਕਰਾਜੀ ਭਾਰਤ ਮਿਲਿਆ ਹੈ। ਭਾਰਤ ਨੂੰ ਆਜ਼ਾਦ ਕਰਵਾਉਣ ਲਈ ਇਹਨਾਂ ਸ਼ਹੀਦਾਂ ਨੇ ਆਪਣੀ ਮਹਾਨ ਸ਼ਹਾਦਤ ਦੇ ਕੇ ਜਿੱਥੇ ਮੁਲਕ ਨੂੰ ਆਜ਼ਾਦ ਕਰਵਾਇਆ, ਉਥੇ ਹੀ ਅੱਜ ਦੇ ਲੋਕਰਾਜੀ ਅਤੇ ਹਰੇਕ ਵਰਗ ਲਈ ਅਧਿਕਾਰਾਂ ਦੀ ਸਿਰਜਣਾ ਕਰਨ ਵਾਲੇ, ਬਰਾਬਰੀ ਦੇ ਸਮਾਜ ਦਾ ਮੁੱਢ ਬੰਨ੍ਹਣ ਵਾਲੇ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਦਕਰ ਜੀ ਦਾ ਪ੍ਰੀ-ਨਿਰਵਾਣ ਦਿਵਸ ਵੀ ਹਾਲੇ ਅਸੀਂ ਕੁਝ ਦਿਨ ਪਹਿਲਾਂ ਮਨਾਇਆ ਹੈ।

ਸ਼ਹੀਦ ਊਧਮ ਸਿੰਘ ਇਕ ਗਰੀਬ ਪਰਿਵਾਰ ਨਾਲ ਸਬੰਧਤ ਸਨ, ਜੋ ਬਚਪਨ ਵਿਚ ਹੀ ਯਤੀਮ ਹੋ ਗਏ ਅਤੇ ਯਤੀਮਖਾਨੇ ਵਿਚ ਹੀ ਪਲੇ-ਵੱਡੇ ਹੋਏ। ਉਹਨਾਂ ਦੇ ਇਸ ਸੰਘਰਸ਼ ਭਰੇ ਜੀਵਨ ਦੇ ਬਾਵਜੂਦ ਆਦਰਸ਼ ਅਤੇ ਦੇਸ਼ ਲਈ ਮਰ ਮਿਟਣ ਦੀਆਂ ਭਾਵਨਾਵਾਂ ਹੋਰ ਪ੍ਰਬੱਲ ਹੁੰਦੀਆਂ ਗਈਆਂ। ਉਹਨਾਂ ਨੇ ਆਪਣੀ ਚੜ੍ਹਦੀ ਜਵਾਨੀ ਜਲ੍ਹਿਆਂਵਾਲਾ ਬਾਗ ਦੇ ਕਿੱਸੇ ਸੁਣੇ, ਜਿੱਥੇ ਅੰਗਰੇਜ਼ ਹਕੂਮਤ ਨੇ ਸੈਂਕੜੇ ਨਿਰਦੋਸ਼ ਭਾਰਤੀਆਂ ਨੂੰ ਦਾਣਿਆਂ ਵਾਂਗ ਭੁੰਨ ਦਿੱਤਾ ਸੀ।

ਉਹਨਾਂ ਤੇ ਇਸ ਵਾਰਦਾਤ ਦਾ ਇੰਨਾ ਜ਼ਿਆਦਾ ਅਸਰ ਹੋਇਆ ਕਿ ਉਹਨਾਂ ਨੇ ਨਿਰਦੋਸ਼ਾਂ ਦੇ ਕਾਤਲਾਂ ਨੂੰ ਸਬਕ ਸਿਖਾਉਣ ਦਾ ਨਿਸਚਾ ਕਰ ਲਿਆ। ਇਸ ਤੋਂ ਬਾਅਦ ਆਪਣੇ ਇਸ ਮਿਸ਼ਨ ਦੀ ਪੂਰਤੀ ਲਈ ਉਹ ਭਾਰਤ ਤੋਂ ਨਿਕਲ ਤੁਰੇ ਅਤੇ ਕਈ ਮੁਲਕਾਂ ਵਿਚ ਹੁੰਦੇ ਹੋਏ, ਸੰਘਰਸ਼ ਕਰਦੇ ਆਖਿਰ ਇੰਗਲੈਂਡ ਪਹੁੰਚੇ। ਜਿੱਥੇ ਉਹਨਾਂ ਨੇ ਜਲ੍ਹਿਆਂ ਵਾਲੇ ਬਾਗ ਦੇ ਖ਼ੂਨੀ ਅੰਗਰੇਜ਼ ਅਫਸਰ ਜਨਰਲ ਡਾਇਰ ਦੀ ਹੱਤਿਆ ਕਰ ਦਿੱਤੀ ਅਤੇ ਫਿਰ ਆਤਮ-ਸਮਰਪਣ ਕਰਕੇ ਆਪਣੀਆਂ ਭਾਵਨਾਵਾਂ ਨੂੰ ਅੰਗਰੇਜ਼ਾਂ ਦੀ ਅਦਾਲਤ ਵਿਚ ਜਿਸ ਬਹਾਦਰੀ ਨਾਲ ਬਿਆਨ ਕੀਤਾ, ਉਸ ਨੇ ਅੰਗਰੇਜ਼ੀ ਹਕੂਮਤ ਨੂੰ ਜੜ੍ਹੋਂ ਹਿਲਾ ਕੇ ਰੱਖ ਦਿੱਤਾ। ਇਸ ਘਟਨਾ ਦਾ ਅੰਗਰੇਜ਼ਾਂ ਤੇ ਇੰਨਾ ਅਸਰ ਹੋਇਆ ਕਿ ਉਹਨਾਂ ਨੇ ਭਾਰਤ ਛੱਡਣ ਦਾ ਫੈਸਲਾ ਕਰ ਲਿਆ ਅਤੇ ਇਸ ਦੀ ਪ੍ਰਕਿਰਿਆ ਆਰੰਭ ਕਰ ਦਿੱਤੀ। ਅੰਗਰੇਜ਼ਾਂ ਨੂੰ ਹੁਣ ਯਕੀਨ ਹੋ ਗਿਆ ਸੀ ਕਿ ਭਾਰਤੀ ਹੁਣ ਜਾਗਰੂਕ ਹੋ ਗਏ ਹਨ ਅਤੇ ਭਾਰਤ ਦੇ ਨੌਜਵਾਨਾਂ ਨੇ ਆਜ਼ਾਦੀ ਦਾ ਝੰਡਾ ਚੁੱਕ ਲਿਆ ਹੈ, ਜਿਹਨਾਂ ਨੂੰ ਹਰਾਉਣਾ ਉਹਨਾਂ ਦੇ ਵੱਸ ਦੀ ਗੱਲ ਨਹੀਂ ਸੀ। ਇਸ ਮਹਾਨ ਸ਼ਹੀਦ ਦੀ ਕੁਰਬਾਨੀ ਨੂੰ ਅਸੀਂ ਤਹਿ ਦਿਲੋਂ ਸਿਜਦਾ ਕਰਦੇ ਹਾਂ।

ਇਸ ਦੇ ਨਾਲ ਹੀ ਭਾਰਤ ਦੇ ਇਕ ਹੋਰ ਮਹਾਨ ਸਪੂਤ ਨੇ ਬੜਾ ਲੰਮਾ ਸੰਘਰਸ਼ ਕਰਕੇ ਭਾਰਤ ਦੀ ਬਹੁਗਿਣਤੀ ਆਬਾਦੀ ਦੇ ਲਈ ਉਹ ਕੀਤਾ, ਜੋ ਭਾਰਤ ਦੇ ਦਲਿਤ, ਪੱਛੜੇ ਅਤੇ ਸ਼ੋਸ਼ਣ ਦਾ ਸ਼ਿਕਾਰ ਲੋਕਾਂ ਨੂੰ ਇਸ ਦਲਦਲ ਵਿਚੋਂ ਕੱਢਣ ਲਈ ਹੋਰ ਕੋਈ ਵੀ ਇਨਸਾਨ ਨਹੀਂ ਕਰ ਸਕਦਾ ਸੀ। ਭਾਰਤ ਦੇ ਹਰੇਕ ਨਾਗਰਿਕ ਨੂੰ ਬੁਨਿਆਦੀ ਹੱਕ ਤਾਂ ਮਿਲੇ ਹੀ, ਨਾਲ ਹੀ ਭਾਰਤ ਇਕ ਅਜਿਹਾ ਫੈਡਰਲ ਅਤੇ ਵਿਕੇਂਦਰਿਤ ਰਾਜ ਬਣਿਆ, ਜਿਸ ਵਿਚ ਸ਼ਕਤੀਆਂ ਦੀ ਵੰਡ ਅਜਿਹੇ ਤਰੀਕੇ ਨਾਲ ਕੀਤੀ ਗਈ ਕਿ ਕੋਈ ਵੀ ਪਾਸਾ ਤਾਨਾਸ਼ਾਹ ਨਹੀਂ ਹੋ ਸਕਦਾ। ਬਾਬਾ ਸਾਹਿਬ ਦੁਆਰਾ ਦਿੱਤੇ ਇਸ ਸੰਵਿਧਾਨ ਦੀ ਬਦੌਲਤ ਹੀ ਭਾਰਤ ਆਜ਼ਾਦੀ ਦੇ 76 ਸਾਲ ਬਾਅਦ ਵਿਸ਼ਵ ਵਿਚ ਤੇਜ਼ੀ ਨਾਲ ਉਭਰ ਰਿਹਾ ਹੈ।

– ਤਰਸੇਮ ਜਲੰਧਰੀ

# ਮੁਫ਼ਤ ਸਹੂਲਤਾਂ ਅਤੇ ਪੰਜਾਬ ਦਾ ਅਰਥਚਾਰਾ



ਡਾ. ਕੇਸਰ ਸਿੰਘ ਭੰਗੂ

ਪੰਜਾਬ ਵਿੱਚ ਪਿਛਲੇ ਲੰਮੇ ਸਮੇਂ ਤੋਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਨੇ ਚੋਣਾਂ ਜਿੱਤ ਕੇ ਸੱਤਾ ਹਾਸਲ ਕਰਨ ਦੇ ਮਨਸੂਬਿਆਂ ਨੂੰ ਪੂਰਾ ਕਰਨ ਹਿੱਤ ਵੱਖ ਵੱਖ ਵਰਗਾਂ ਨੂੰ ਮੁਫ਼ਤ ਬਿਜਲੀ ਸਹੂਲਤਾਂ ਜਾਂ ਘੱਟ ਰੇਟ ’ਤੇ ਬਿਜਲੀ ਸਬਸਿਡੀ ਦੀਆਂ ਸਹੂਲਤਾਂ ਦਿੱਤੀਆਂ ਹਨ। ਸੂਬੇ ਦੇ ਵੱਡੇ ਵੋਟ ਬੈਂਕ, ਕਿਸਾਨਾਂ ਨੂੰ 1996 ਵਿੱਚ ਕਾਂਗਰਸ ਦੀ ਸਰਕਾਰ ਨੇ ਆਪਣੇ ਕਾਰਜਕਾਲ ਦੇ ਆਖ਼ਰੀ ਮਹੀਨਿਆਂ ਵਿਚ ਛੋਟੀ ਕਿਸਾਨੀ ਨੂੰ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਅਤੇ ਵੱਡੀ ਕਿਸਾਨੀ ਨੂੰ 50 ਰੁਪਏ ਪ੍ਰਤੀ ਹਾਰਸ ਪਾਵਰ ਦੇ ਰੇਟ ’ਤੇ ਬਿਜਲੀ ਦਿੱਤੀ ਸੀ। 1997 ਵਿੱਚ ਅਕਾਲੀ-ਭਾਜਪਾ ਸਰਕਾਰ ਬਣਨ ’ਤੇ ਸਾਰੇ ਕਿਸਾਨਾਂ ਲਈ ਟਿਊਬਵੈਲਾਂ ਲਈ ਮੁਫ਼ਤ ਬਿਜਲੀ ਦੀ ਸਹੂਲਤ ਦਿੱਤੀ ਗਈ। 2002 ਵਿੱਚ ਕਾਂਗਰਸ ਸਰਕਾਰ ਆਉਣ ’ਤੇ 2003 ਵਿੱਚ ਇਹ ਸਹੂਲਤ ਬੰਦ ਕਰ ਦਿੱਤੀ ਗਈ ਪਰ 2006 ਵਿੱਚ ਇਹ ਮੁੜ ਲਾਗੂ ਕਰ ਦਿੱਤੀ। 2007 ਵਿੱਚ ਇੱਕ ਵਾਰ ਫਿਰ ਅਕਾਲੀ-ਭਾਜਪਾ ਸਰਕਾਰ ਬਣਨ ’ਤੇ ਇਹ ਸਹੂਲਤ ਬਰਕਰਾਰ ਰੱਖੀ ਗਈ ਅਤੇ ਨਾਲ ਹੀ ਹੋਰ ਵਰਗਾਂ ਜਿਵੇਂ ਦਲਿਤਾਂ ਨੂੰ ਘਰਾਂ ਲਈ 200 ਯੂਨਿਟਾਂ ਮੁਫ਼ਤ ਬਿਜਲੀ ਦੀ ਸਹੂਲਤ, ਸਨਅਤਾਂ ਦੇ ਕੁਝ ਵਰਗਾਂ ਆਦਿ ਨੂੰ ਵੀ ਸਸਤੀ ਬਿਜਲੀ ਦਿੱਤੀ ਗਈ।

2017 ਵਿੱਚ ਕਾਂਗਰਸ ਸਰਕਾਰ ਬਣਨ ’ਤੇ ਇਹ ਸਾਰੀਆਂ ਸਹੂਲਤਾਂ ਜਾਰੀ ਰੱਖੀਆਂ ਗਈਆਂ। 2022 ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਵੀ ਇਹ ਸਹੂਲਤਾਂ/ਸਬਸਿਡੀਆਂ ਜਾਰੀ ਨਹੀਂ ਰੱਖੀਆਂ ਸਗੋਂ ਜੁਲਾਈ 2022 ਤੋਂ ਸੂਬੇ ਦੇ ਸਾਰੇ ਖਪਤਕਾਰਾਂ ਨੂੰ ਮਹੀਨੇ ਵਿੱਚ 300 ਯੂਨਿਟਾਂ ਮੁਫ਼ਤ ਬਿਜਲੀ ਦੀ ਸਹੂਲਤ ਵੀ ਸ਼ੁਰੂ ਕਰ ਦਿੱਤੀ। ਅੱਜ ਕੱਲ੍ਹ ਸੂਬੇ ਵਿਚ ਲੱਗਭਗ ਛੇ ਕਿਸਮਾਂ ਦੀ ਬਿਜਲੀ ਸਬਸਿਡੀ ਦਿੱਤੀ ਜਾ ਰਹੀ ਹੈ: ਖੇਤੀ ਖੇਤਰ ਦੀ ਸਬਸਿਡੀ, ਘਰੇਲੂ 300 ਯੂਨਿਟਾਂ ਪ੍ਰਤੀ ਮਹੀਨਾ ਸਬਸਿਡੀ, 7 ਕਿਲੋਵਾਟ ਤੱਕ 2.50 ਰੁਪਏ ਪ੍ਰਤੀ ਯੂਨਿਟ ਸਬਸਿਡੀ, ਛੋਟੀਆਂ ਪਾਵਰ ਸਨਅਤਾਂ ਲਈ ਸਬਸਿਡੀ, ਮਧਿਅਮ ਪਾਵਰ ਸਨਅਤਾਂ ਲਈ ਸਬਸਿਡੀ ਅਤੇ ਵੱਡੀਆਂ ਪਾਵਰ ਸਨਅਤਾਂ ਲਈ ਸਬਸਿਡੀ। ਇਹਨਾਂ ਸਬਸਿਡੀਆਂ ਉਤੇ ਸਰਕਾਰ ਤਕਰੀਬਨ 20-21,000 ਕਰੋੜ ਰੁਪਏ ਸਾਲਾਨਾ ਖਰਚ ਰਹੀ ਹੈ। ਇਹ ਸਰਕਾਰ ਦੀ ਸਾਲਾਨਾ ਆਮਦਨ ਦਾ 18-19 ਪ੍ਰਤੀਸ਼ਤ ਬਣਦਾ ਹੈ।

**ਬਿਜਲੀ ਸਬਸਿਡੀਆਂ ਅਤੇ ਚੋਣਾਂ**

ਕਿਹਾ ਜਾਂਦਾ ਹੈ ਕਿ ਇਹ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਸਿਆਸੀ ਪਾਰਟੀਆਂ ਚੋਣਾਂ ਜਿੱਤਣ ਲਈ ਦਿੰਦੀਆਂ ਹਨ। ਉਂਝ, ਇਹ ਸਬਸਿਡੀਆਂ ਸ਼ੁਰੂ ਕਰਨ ਵਾਲੀ ਕਾਂਗਰਸ 1997 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਅਗਲੀ ਅਕਾਲੀ-ਭਾਜਪਾ ਦੀ ਸਰਕਾਰ ਨੇ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਨੂੰ ਹੋਰਨਾਂ ਵਰਗਾਂ ਤੱਕ ਵਧਾਇਆ ਪਰ ਉਹ ਵੀ 2002 ਵਾਲੀਆਂ ਵਿਧਾਨ ਸਭਾ ਚੋਣਾਂ ਹਾਰ ਗਈ ਸੀ। ਇਸ ਤੋਂ ਬਾਅਦ ਕਾਂਗਰਸ ਦੀ ਸਰਕਾਰ ਨੇ ਥੋੜ੍ਹੇ ਸਮੇਂ ਲਈ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀ ਖ਼ਤਮ ਕੀਤੀਆਂ ਪਰ ਜਲਦੀ ਹੀ ਦੁਬਾਰਾ ਸ਼ੁਰੂ ਕਰ ਦਿੱਤੀਆਂ ਪਰ ਉਹ ਵੀ 2007 ਵਿੱਚ ਵਿਧਾਨ ਸਭਾ ਚੋਣਾਂ ਹਾਰ ਗਈ। 2007 ਤੋਂ 2017 ਦੀ ਅਕਾਲੀ-ਭਾਜਪਾ ਸਰਕਾਰ ਨੇ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਹੋਰ ਵਰਗਾਂ ਨੂੰ ਵੀ ਦਿੱਤੀਆਂ ਪਰ ਅਕਾਲੀ-ਭਾਜਪਾ ਵੀ 2017 ਦੀਆਂ ਵਿਧਾਨ ਸਭਾ ਚੋਣਾਂ ਹਾਰ ਗਏ। 2017 ਦੀ ਕਾਂਗਰਸ ਦੀ ਸਰਕਾਰ ਨੇ ਬਿਜਲੀ ਸਬਸਿਡੀਆਂ ਨੂੰ ਉਵੇਂ ਹੀ ਜਾਰੀ ਰੱਖਿਆ ਪਰ ਉਹ ਵੀ 2022 ਦੀਆਂ ਚੋਣਾਂ ਹਾਰ ਗਈ। 2022 ਵਿੱਚ ਬਣੀ ਮੌਜੂਦਾ ਸਰਕਾਰ ਨੇ ਸੂਬੇ ਵਿੱਚ 300 ਯੂਨਿਟਾਂ ਪ੍ਰਤੀ ਮਹੀਨਾ ਘਰੇਲੂ ਬਿਜਲੀ ਮੁਫ਼ਤ ਕਰ ਦਿੱਤੀ ਤੇ ਹੁਣੇ ਆਏ ਲੋਕ ਸਭਾ ਚੋਣ ਨਤੀਜੇ ਸਭ ਦੇ ਸਾਹਮਣੇ ਹਨ। ਇਸ ਤੋਂ ਇਕ ਗੱਲ ਕਾਫੀ ਹੱਦ ਤੱਕ ਸਪੱਸ਼ਟ ਹੁੰਦੀ ਹੈ ਕਿ ਮੁਫ਼ਤ ਬਿਜਲੀ ਸਹੂਲਤਾਂ ਅਤੇ ਬਿਜਲੀ ਸਬਸਿਡੀਆਂ ਦਾ ਚੋਣਾਂ ਜਿੱਤਣ ਨਾਲ ਕੋਈ ਬਹੁਤਾ ਸਿੱਧਾ-ਸਿੱਧਾ ਸਬੰਧ ਨਹੀਂ ਲੱਗਦਾ।

**ਬਿਜਲੀ ਸਬਸਿਡੀਆਂ ਅਤੇ ਧਰਤੀ ਹੇਠਲਾ ਪਾਣੀ**

ਸੂਬੇ ਦੇ ਬਹੁਤੇ ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਘਟ ਕੇ ਖ਼ਤਰਨਾਕ ਪੱਧਰ ਤੱਕ ਨੀਵਾਂ ਹੋ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਸੂਬਾ ਬਹੁਤ ਜਲਦੀ ਧਰਤੀ ਹੇਠਲੇ ਪਾਣੀ ਤੋਂ ਵਾਂਝਾ ਹੋ ਸਕਦਾ ਹੈ ਅਤੇ ਰੇਗਸਤਾਨ ਵਿਚ ਬਦਲ ਸਕਦਾ ਹੈ। ਸੂਬੇ ਵਿਚ 1980 ਤੋਂ ਬਾਅਦ ਝੋਨੇ ਦੀ ਖੇਤੀ ਵੱਡੇ ਪੱਧਰ ਤੇ ਸ਼ੁਰੂ ਹੋ ਗਈ ਸੀ ਅਤੇ ਅੱਜ ਬਹੁਤ ਵੱਡਾ ਰਕਬਾ ਝੋਨੇ ਦੀ ਖੇਤੀ ਹੇਠ ਹੈ। ਇਸ ਫ਼ਸਲ ਨੂੰ ਬਹੁਤ ਜ਼ਿਆਦਾ ਪਾਣੀ ਦੀ ਜ਼ਰੂਰਤ ਹੁੰਦੀ ਹੈ ਅਤੇ ਅੱਜ ਕੱਲ੍ਹ ਨਹਿਰੀ ਪਾਣੀ ਦੇ ਨਾਲ-ਨਾਲ 14-15 ਲੱਖ ਬਿਜਲੀ ਆਧਾਰਿਤ ਟਿਊਬਵੈਲਾਂ ਨਾਲ ਪਾਣੀ ਦੀ ਸਪਲਾਈ ਕੀਤੀ ਜਾ ਰਹੀ ਹੈ। ਇਸ ਫ਼ਸਲੀ ਚੱਕਰ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਨੀਵਾਂ ਚਲਾ ਗਿਆ ਹੈ। ਇਸੇ ਕਾਰਨ ਕਿਸਾਨਾਂ ਨੂੰ ਸਮੇਂ-ਸਮੇਂ ਟਿਊਬਵੈਲ ਡੂੰਘੇ ਕਰਨੇ ਪੈ ਰਹੇ ਹਨ ਅਤੇ ਮੋਟਰਾਂ ਦਾ ਲੋਡ ਵੀ ਵਧਾਉਣਾ ਪੈ ਰਿਹਾ ਹੈ। ਇਸ ਨਾਲ ਬਿਜਲੀ ਦੀ ਖ਼ਪਤ ਵਧਦੀ ਹੈ। ਝੋਨੇ ਨੇ ਨਾ ਸਿਰਫ ਧਰਤੀ ਹੇਠਲੇ ਪਾਣੀ ਦਾ ਹੀ ਸੰਕਟ ਖੜ੍ਹਾ ਕੀਤਾ ਹੈ ਸਗੋਂ ਪੰਜਾਬ ਦਾ ਜਲਵਾਯੂ ਵੀ ਗੰਧਲਾ ਤੇ ਪਲੀਤ ਕੀਤਾ ਹੈ। ਖੇਤੀ ਤੇ ਆਰਥਿਕ ਮਾਹਿਰਾਂ ਅਤੇ ਹੋਰ ਸਬੰਧਿਤ ਲੋਕਾਂ ਦਾ ਵੱਡਾ ਖੇਮਾ ਪਿਛਲੇ ਸਮੇਂ ਤੋਂ ਦੁਹਾਈ ਪਾ ਰਿਹਾ ਹੈ ਕਿ ਸੂਬੇ ਵਿੱਚ ਝੋਨੇ ਦੀ ਫ਼ਸਲ ਦਾ ਬਦਲ ਲੱਭਿਆ ਜਾਵੇ ਪਰ ਅਜੇ ਤੱਕ ਕਾਮਯਾਬੀ ਨਹੀਂ ਮਿਲ ਸਕੀ। ਬਹੁਤੇ ਮਾਹਿਰ ਖੇਤੀ ਲਈ ਮੁਫ਼ਤ ਬਿਜਲੀ ਦੀ ਸਪਲਾਈ ਨੂੰ ਵੀ ਧਰਤੀ ਹੇਠਲੇ ਪਾਣੀ ਦੇ ਪੱਧਰ ਦੇ ਨੀਵਾਂ ਪਹੁੰਚਾਉਣ ਲਈ ਦੋਸ਼ੀ ਮੰਨਦੇ ਹਨ; ਉਨ੍ਹਾਂ ਮੁਤਾਬਕ ਕਿਸਾਨ ਮੁਫ਼ਤ ਬਿਜਲੀ ਹੋਣ ਕਾਰਨ ਬਿਨਾਂ ਲੋੜ ਜਾਂ ਲੋੜ ਤੋਂ ਜ਼ਿਆਦਾ ਪਾਣੀ ਦੀ ਵਰਤੋਂ ਕਰਦੇ ਹਨ। ਇਹ ਖੇਮਾ ਬਿਜਲੀ ਮੋਟਰਾਂ ਲਈ ਮੁਫ਼ਤ ਬਿਜਲੀ ਬੰਦ ਕਰਨ ਦੀ ਵਕਾਲਤ ਕਰ ਰਿਹਾ ਹੈ।

**ਬਿਜਲੀ ਸਬਸਿਡੀਆਂ ਅਤੇ ਵਿੱਤੀ ਹਾਲਤ**

ਵੱਖ-ਵੱਖ ਸਰਕਾਰਾਂ ਦੀਆਂ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੇ ਸੂਬੇ ਦੀ ਵਿੱਤੀ ਹਾਲਤ ਕਮਜ਼ੋਰ ਤੇ ਡਾਵਾਂਡੋਲ ਬਣਾ ਦਿੱਤੀ ਹੈ। 1996 ਵਿੱਚ ਸ਼ੁਰੂ ਕੀਤੀ ਸਹੂਲਤ ਦਾ ਸਾਲਾਨਾ ਖਰਚ ਲੱਗਭਗ 900 ਕਰੋੜ ਰੁਪਏ ਤੋਂ ਵਧ ਕੇ 2025 ਤੱਕ ਲੱਗਭਗ 21000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਪੰਜਾਬ ਸਰਕਾਰ ਨੇ 1996-97 ਤੋਂ 2014-15 ਤੱਕ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉਤੇ 43600 ਕਰੋੜ ਰੁਪਏ ਅਤੇ 2020-2021 ਤੱਕ 1,18,000 ਕਰੋੜ ਰੁਪਏ ਖਰਚੇ ਹਨ। ਅੰਦਾਜ਼ੇ ਮੁਤਾਬਿਕ 1996 ਤੋਂ 2025 ਤੱਕ ਲੱਗਭਗ 1,75,000 ਕਰੋੜ ਰੁਪਏ ਤੋਂ ਵੱਧ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉਤੇ ਖ਼ਰਚ ਹੋ ਜਾਣਗੇ। ਜੇ ਇਸ ਖ਼ਰਚੇ ਵਿੱਚ ਇਸੇ ਸਮੇਂ ਦੌਰਾਨ ਦਿੱਤੀਆਂ ਹੋਰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਦੇ ਖਰਚੇ ਵੀ ਜੋੜ ਲਈਏ ਤਾਂ ਇਹ ਰਕਮ ਕਾਫੀ ਵੱਡੀ ਬਣ ਜਾਵੇਗੀ।

ਮਾਰਚ 2024 ਦੇ ਅੰਤ ਵਿੱਚ ਸੂਬੇ ਸਿਰ 343626.39 ਕਰੋੜ ਰੁਪਏ ਕਰਜ਼ਾ ਸੀ ਜੋ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 43.88 ਪ੍ਰਤੀਸ਼ਤ ਹੈ। ਇਵੇਂ ਹੀ ਸੂਬੇ ਦੇ 2024-25 ਦੇ ਬਜਟ ਅਨੁਮਾਨਾਂ ਮੁਤਾਬਿਕ ਕਰਜ਼ਾ ਮਾਰਚ 2025 ਵਿੱਚ 374091.31 ਕਰੋੜ ਰੁਪਏ ਹੋ ਜਾਵੇਗਾ ਜਿਹੜਾ ਸੂਬੇ ਦੀ ਕੁੱਲ ਘਰੇਲੂ ਪੈਦਾਵਾਰ ਦਾ 44.05 ਪ੍ਰਤੀਸ਼ਤ ਹੋਵੇਗਾ। ਜੇ ਅਗਲੇ ਕੁਝ ਸਾਲਾਂ ਵਿੱਚ ਇਹੀ ਹਾਲਤ ਰਹਿੰਦੀ ਹੈ ਤਾਂ ਪੰਜਾਬ ਕਰਜ਼ੇ ਦੇ ਜੰਜਾਲ/ਜਾਲ ਵਿੱਚ ਬਹੁਤ ਡੂੰਘਾ ਫਸ ਜਾਵੇਗਾ।

ਜੇ ਮੰਨ ਲਿਆ ਜਾਵੇ ਕਿ ਮੁਫ਼ਤ ਬਿਜਲੀ ਦੀ ਸਹੂਲਤ ਅਤੇ ਸਬਸਿਡੀਆਂ ਨਾ ਦਿੱਤੀਆਂ ਹੁੰਦੀਆਂ ਅਤੇ ਹੋਰ ਮੁਫ਼ਤ ਸਹੂਲਤਾਂ ਤੇ ਸਬਸਿਡੀਆਂ ਤਰਕਸੰਗਤ ਢੰਗ ਨਾਲ ਦਿੱਤੀਆਂ ਹੁੰਦੀਆਂ ਤਾਂ ਸੂਬੇ ਸਿਰ ਕਰਜ਼ਾ ਨਾ-ਮਾਤਰ ਹੋਣਾ ਸੀ। ਜੇਕਰ ਇਹੀ ਮੋਟੀਆਂ ਰਕਮਾਂ ਅਤੇ ਕਰਜ਼ੇ ਦੇ ਵਿਆਜ ਦੇ ਰੂਪ ਵਿੱਚ ਅਦਾ ਕੀਤੀ ਜਾਂਦੀ ਮੋਟੀ ਰਕਮ ਸੂਬੇ ਵਿਚ ਨਿਵੇਸ਼ ਕੀਤੀ ਹੁੰਦੀ ਤਾਂ ਸੂਬੇ ਦੀ ਆਮਦਨ ਵਿੱਚ ਚੋਖਾ ਵਾਧਾ ਹੋਣਾ ਤੈਅ ਸੀ। ਇਸ ਹਿਸਾਬ ਨਾਲ ਪੰਜਾਬ ਅੱਜ ਕਰਜ਼ਾ ਮੁਕਤ ਹੁੰਦਾ ਅਤੇ ਇਹ ਅੱਜ ਵੀ ਆਰਥਿਕ ਵਿਕਾਸ ਅਤੇ ਮਾਪਦੰਡਾਂ ਦੇ ਮਾਮਲੇ ਵਿੱਚ ਦੇਸ਼ ਦਾ ਮੋਹਰੀ ਸੂਬਾ ਹੁੰਦਾ।

**ਸੰਭਾਵਨਾਵਾਂ**

ਇਹ ਵਿਸ਼ਲੇਸ਼ਣ ਸਪਸ਼ਟ ਕਰਦਾ ਹੈ ਕਿ ਬਿਜਲੀ ਸਬਸਿਡੀਆਂ ਅਤੇ ਮੁਫ਼ਤ ਬਿਜਲੀ ਦੀਆਂ ਸਹੂਲਤਾਂ ਨੇ ਸੂਬੇ ਦਾ ਕੋਈ ਬਹੁਤਾ ਫਾਇਦਾ ਨਹੀਂ ਕੀਤਾ ਸਗੋਂ ਉਲਟਾ ਨੁਕਸਾਨ ਹੀ ਕੀਤਾ ਹੈ। ਸੂਬੇ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਨੀਵਾਂ ਕਰ ਕੇ ਪਾਣੀ ਦਾ ਸੰਕਟ ਖੜ੍ਹਾ ਕਰ ਦਿੱਤਾ ਅਤੇ ਜਲਵਾਯੂ ਵੀ ਪਲੀਤ ਕੀਤਾ। ਸਿਆਸੀ ਪਾਰਟੀਆਂ ਵੀ ਇਨ੍ਹਾਂ ਦੇ ਸਹਾਰੇ ਚੋਣਾਂ ਜਿੱਤਣ ਵਿੱਚ ਬਹੁਤੀਆਂ ਸਫ਼ਲ ਨਹੀਂ ਹੋਈਆਂ। ਮੁਫ਼ਤ ਬਿਜਲੀ ਤੇ ਸਬਸਿਡੀਆਂ ਨੇ ਸੂਬੇ ਦੀ ਵਿੱਤੀ ਹਾਲਤ ਨੂੰ ਬਹੁਤ ਤਰਸਯੋਗ ਬਣਾ ਦਿੱਤਾ ਹੈ ਅਤੇ ਇਹ ਹੋਰ ਵਿਕਾਸ ਕੰਮਾਂ ਵਿੱਚ ਵੀ ਅੜਿੱਕਾ ਬਣ ਰਹੀਆਂ ਹਨ। ਇਥੇ ਇਹ ਕਹਿਣਾ ਵਾਜਿਬ ਹੋਵੇਗਾ ਕਿ ਜੇ ਸਿਆਸੀ ਪਾਰਟੀਆਂ ਅਤੇ ਨੇਤਾ ਸੂਬੇ ਦੇ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਵਿਕਾਸ ਲਈ ਸੁਹਿਰਦ ਹੁੰਦੇ ਤਾਂ ਪੰਜਾਬ ਅੱਜ ਕਰਜ਼ਾ ਮੁਕਤ ਹੋਣ ਦੇ ਨਾਲ-ਨਾਲ ਹੋਰ ਮਾੜੀਆਂ ਅਲਾਮਤਾਂ ਜਿਵੇਂ ਨਸ਼ੇ, ਬੇਰੁਜ਼ਗਾਰੀ, ਪਰਵਾਸ, ਖੇਤੀ ਸੰਕਟ, ਪੇਂਡੂ ਖੇਤਰਾਂ ਦਾ ਸੰਕਟ ਆਦਿ ਤੋਂ ਵੀ ਬਚਿਆ ਹੋਣਾ ਸੀ ਪਰ ਨੇਤਾਵਾਂ ਅਤੇ ਪਾਰਟੀਆਂ ਨੇ ਹਰ ਹਾਲ ਸੱਤਾ ਹਾਸਲ ਕਰਨ ਦੇ ਮਕਸਦ ਨੂੰ ਤਰਜੀਹ ਦੇ ਕੇ ਸੂਬੇ ਦੇ ਹਿੱਤਾਂ ਨੂੰ ਦਰਕਿਨਾਰ ਕੀਤਾ। ਇਹ ਵਰਤਾਰਾ ਬਿਨਾਂ ਰੋਕ ਟੋਕ ਹੁਣ ਵੀ ਜਾਰੀ ਹੈ। ਇਸ ਲਈ ਬਿਜਲੀ ਸਬਸਿਡੀਆਂ, ਮੁਫ਼ਤ ਬਿਜਲੀ ਸਹੂਲਤਾਂ ਅਤੇ ਹੋਰ ਮੁਫ਼ਤ ਸਹੂਲਤਾਂ ਤੇ ਸਬਸਿਡੀਆਂ ਨੂੰ ਸਾਰੀਆਂ ਸਬੰਧਿਤ ਧਿਰਾਂ ਵੱਲੋਂ ਮਿਲ ਬੈਠ ਕੇ ਤੁਰੰਤ ਬੰਦ ਕਰਨ ਜਾਂ ਤਰਕਸੰਗਤ ਬਣਾਉਣਾ ਚਾਹੀਦਾ ਹੈ ਤਾਂ ਕਿ ਸੂਬੇ ਨੂੰ ਹੋਰ ਨਿਘਾਰ ਅਤੇ ਨੁਕਸਾਨ ਤੋਂ ਬਚਾਇਆ ਜਾ ਸਕੇ।



ਵੱਖ-ਵੱਖ ਸਰਕਾਰਾਂ ਦੀਆਂ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਨੇ ਸੂਬੇ ਦੀ ਵਿੱਤੀ ਹਾਲਤ ਕਮਜ਼ੋਰ ਤੇ ਡਾਵਾਂਡੋਲ ਬਣਾ ਦਿੱਤੀ ਹੈ। 1996 ਵਿੱਚ ਸ਼ੁਰੂ ਕੀਤੀ ਸਹੂਲਤ ਦਾ ਸਾਲਾਨਾ ਖਰਚ ਲੱਗਭਗ 900 ਕਰੋੜ ਰੁਪਏ ਤੋਂ ਵਧ ਕੇ 2025 ਤੱਕ ਲੱਗਭਗ 21000 ਕਰੋੜ ਰੁਪਏ ਤੱਕ ਪਹੁੰਚ ਜਾਵੇਗਾ। ਪੰਜਾਬ ਸਰਕਾਰ ਨੇ 1996-97 ਤੋਂ 2014-15 ਤੱਕ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉਤੇ 43600 ਕਰੋੜ ਰੁਪਏ ਅਤੇ 2020-2021 ਤੱਕ 1,18,000 ਕਰੋੜ ਰੁਪਏ ਖਰਚੇ ਹਨ। ਅੰਦਾਜ਼ੇ ਮੁਤਾਬਿਕ 1996 ਤੋਂ 2025 ਤੱਕ ਲੱਗਭਗ 1,75,000 ਕਰੋੜ ਰੁਪਏ ਤੋਂ ਵੱਧ ਮੁਫ਼ਤ ਬਿਜਲੀ ਅਤੇ ਬਿਜਲੀ ਸਬਸਿਡੀਆਂ ਉਤੇ ਖ਼ਰਚ ਹੋ ਜਾਣਗੇ। ਜੇ ਇਸ ਖ਼ਰਚੇ ਵਿੱਚ ਇਸੇ ਸਮੇਂ ਦੌਰਾਨ ਦਿੱਤੀਆਂ ਹੋਰ ਮੁਫ਼ਤ ਸਹੂਲਤਾਂ ਅਤੇ ਸਬਸਿਡੀਆਂ ਦੇ ਖਰਚੇ ਵੀ ਜੋੜ ਲਈਏ ਤਾਂ ਇਹ ਰਕਮ ਕਾਫੀ ਵੱਡੀ ਬਣ ਜਾਵੇਗੀ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪੰਜਾਬੀ ਗਾਇਕਾ ਸੁੱਖੀ ਬਰਾੜ ਦਾ ਗੀਤ "ਪੰਜਾਬ ਕੌਰ" ਦੁਨੀਆਂ ਭਰ ਵਿੱਚ ਰਿਲੀਜ਼



**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਪੰਜਾਬੀ ਸੱਭਿਆਚਾਰਕ ਵਿਰਸੇ ਦੀ ਸੰਭਾਲ ਅਤੇ ਉਸ ਨੂੰ ਅਗਲੀ ਪੀੜੀ ਤੱਕ ਤੋਰਨ ਦਾ ਕੰਮ ਬਹੁਤ ਹੱਦ ਤੱਕ ਸੁਹਿਰਦ ਅਤੇ ਚੰਗੇ ਗਾਇਕਾਂ ਦੇ ਹੱਥ ਆਇਆ ਹੈ। ਉਨਾਂ ਗਾਇਕਾਂ ਦੀ ਕਤਾਰ ਵਿੱਚ ਸਭ ਤੋਂ ਉਪਰ ਨਾਂ ਪੰਜਾਬ ਦੀ ਧੀ ਸੁੱਖੀ ਬਰਾੜ ਦਾ ਆਉਂਦਾ ਹੈ। ਜਿਸ ਨੇ ਇਸ ਕਮਰਸੀਅਲ ਯੁੱਗ ਵਿੱਚ ਵੀ ਆਪਣੇ-ਆਪ ਨੂੰ ਸੱਭਿਆਚਾਰਿਕ ਵਿਰਸੇ ਨਾਲ ਜੋੜੀ ਰੱਖਿਆ ਹੈ। ਜਿਵੇਂ ਕਹਿੰਦੇ ਹਨ ਕਿ 'ਦੋ ਕਦਮ ਘੱਟ ਤੁਰਨਾ, ਪਰ ਤੁਰਨਾ ਮਟਕ ਦੇ ਨਾਲ' ਵਾਂਗ ਇਸ ਗਾਇਕੀ ਦੇ ਖੇਤਰ ਵਿੱਚ ਸਾਰਾ ਸਲਾਘਾਯੋਗ ਕੰਮ ਕੀਤਾ। ਚੰਗੇ ਪਰਿਵਾਰਿਕ ਰੀਤਾਂ-ਰਸਮਾਂ ਅਤੇ ਵਿਰਾਸਤ ਨਾਲ ਜੁੜੇ ਗੀਤ ਗਾਏ। ਜਿੰਨਾਂ ਤੋਂ ਪ੍ਰੇਰਣਾ ਲੈ ਨਵੀਂ ਪੀੜੀ ਕੁਝ ਸਿੱਖਦੀ ਹੈ ਅਤੇ ਆਪਣੇ ਵਿਰਸੇ ਨੂੰ ਅੱਗੇ ਤੋਰਦੀ ਹੈ।

ਇਸੇ ਪੰਜਾਬੀ ਵਿਰਸੇ ਦੀ ਧੀ ਅਤੇ ਪੰਜਾਬੀ ਸੱਭਿਆਚਾਰ ਦਾ ਮਾਣ ਗਾਇਕਾ ਸੁੱਖੀ ਬਰਾੜ ਅਤੇ ਸੰਗੀ ਫੁੱਲ ਪ੍ਰਡਕਸ਼ਨ ਵੱਲੋਂ ਸੁੱਖੀ ਬਰਾੜ ਦਾ ਗੀਤ "ਪੰਜਾਬ ਕੌਰ" ਬੀਤੇ ਦਿਨੀਂ ਰਿਲੀਜ਼ ਹੋਇਆ। ਜਿਸ ਵਿੱਚ ਪੰਜਾਬੀ ਸੱਭਿਆਚਾਰ ਅੰਦਰ ਵਿਰਸੇ ਦੇ ਨਾਲ-ਨਾਲ ਪੰਜਾਬੀ ਮੁਟਿਆਰਾ ਅੰਦਰ ਆਪਣੇ ਨਾਂ ਦੇ ਨਾਲ ਗੁਰੂਆਂ ਵੱਲੋਂ ਬਖਸ਼ੇ ਕੌਰ ਦੇ ਨਾਂ ਦੀ ਗੱਲ ਹੋਈ ਹੈ। ਜੋ ਬਹਾਦਰੀ ਅਤੇ ਮਾਣ ਦਾ ਪ੍ਰਤੀਕ ਹੈ। ਇਸ ਗੀਤ ਦੀ ਗੀਤਕਾਰੀ ਵੀ ਪੰਜਾਬ ਸਿੰਘ ਵੱਲੋਂ ਬਾ-ਕਮਾਲ ਕੀਤੀ ਗਈ ਹੈ। ਜਦ ਕਿ ਮਿਊਜ਼ਿਕ ਨੂੰ 'ਦਾ ਮਿਊਜ਼ਿਕ ਫੈਕ-ਟਰੀ' ਵੱਲੋਂ ਦਿੱਤਾ ਗਿਆ ਹੈ। ਇਸ ਗੀਤ ਵਿੱਚ ਬੁਲੰਦ ਅਵਾਜ਼ ਸੁੱਖੀ ਬਰਾੜ ਦੀ ਗਾਇਕੀ ਸਲਾਘਾਯੋਗ ਹੈ। ਜਿਸ ਨੇ ਪੰਜਾਬ ਦਾ ਬਹੁਤ ਮਾਣ ਵਧਾਇਆ ਹੈ।

ਇਸ ਗੀਤ ਦੀ ਵੀਡੀਓ ਵੀ ਸੱਭਿਆਚਾਰਕ ਪੱਖਾਂ ਨੂੰ ਛੂਹਦੀ ਹੈ। ਜਦ ਕਿ ਵੀਡੀਓ ਵਿੱਚ ਗਾਇਕਾਂ ਸੁੱਖੀ ਬਰਾੜ ਤੋਂ ਇਲਾਵਾ ਅਦਾਕਾਰਾ ਡਾ। ਸਿਫਤੀ ਭੱਲਰ ਅਤੇ ਪੂਰੀ ਟੀਮ ਨਜ਼ਰ ਆਉਦੀ ਹੈ। ਇਸ ਗੀਤ ਦੀ ਸਾਰੇ ਪੱਖਾਂ ਸ਼ਲਾਘਾ ਕਰਨੀ ਬਣਦੀ ਹੈ। ਇਹ ਗੀਤ ਅੱਜ ਕਲ ਦੇਸ਼-ਵਿਦੇਸ਼ ਵਿੱਚ ਚੱਲ ਰਹੇ ਤੀਆਂ ਦੇ ਮੇਲਿਆਂ ਦੀ ਸ਼ਾਨ ਬਣਿਆ ਹੋਇਆ ਹੈ।

ਇਸ ਗੀਤ ਨੂੰ ਯੂ-ਟਿਊਬ ਜਾਂ ਹੋਰ ਸ਼ੋਸ਼ਲ ਮੀਡੀਏ ਦੇ ਸਾਧਨਾਂ ਰਾਹੀ ਸੁਣੋ ਅਤੇ ਚੰਗੇ ਕਲਾਕਾਰਾਂ ਦਾ ਹਮੇਸ਼ਾ ਹੌਸ਼ਲਾ ਅਫਜ਼ਾਈ ਜ਼ਰੂਰ ਕਰੋ ਤਾਂ ਕਿ ਅੱਗੋਂ ਤੋਂ ਵੀ ਅਜਿਹੇ ਸੱਭਿਆਚਾਰਕ ਗੀਤ ਆ ਸਕਣ। ਸਾਡੇ ਵੱਲੋਂ ਗਾਇਕਾਂ ਸੁੱਖੀ ਬਰਾੜ ਅਤੇ ਸਾਰੀ ਟੀਮ ਨੂੰ ਬਹੁਤ-ਬਹੁਤ ਮੁਬਾਰਕਾਂ।

# ਗੋਲਡੀ ਪੁਰਖਾਲੀ ਬਸਪਾ ਵਲੋਂ ਜਿਲ੍ਹਾ ਰੂਪਨਗਰ ਦੇ ਪ੍ਰਧਾਨ ਨਿਯੁਕਤ



**ਰੂਪਨਗਰ (ਸਤਨਾਮ ਸਿੰਘ ਸਹੂੰਗੜਾ)-** ਬਹੁਜਨ ਸਮਾਜ ਪਾਰਟੀ ਜਿਲਾ ਰੂਪਨਗਰ ਦੀ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿੱਚ ਮੁੱਖ ਮਹਿਮਾਨ ਵਿੱਪਲ ਕੁਮਾਰ ਇੰਚਾਰਜ ਪੰਜਾਬ ਅਤੇ ਚੰਡੀਗੜ੍ਹ ਸਰਦਾਰ ਜਸਵੀਰ ਸਿੰਘ ਗੜ੍ਹੀ ਸੂਬਾ ਪ੍ਰਧਾਨ ਪੰਜਾਬ ਅਤੇ ਵਿਸ਼ੇਸ਼ ਮਹਿਮਾਨ ਪਰਵੀਨ ਬੰਗਾ ਲੋਕ ਸਭਾ ਇੰਚਾਰਜ ਹਾਜ਼ਰ ਹੋਏ। ਮੀਟਿੰਗ ਵਿੱਚ ਜਿਲੇ ਦੀਆਂ ਤਿੰਨੇ ਵਿਧਾਨ ਸਭਾ ਵਿੱਚੋਂ ਜਿੰਮੇਵਾਰ ਸਾਥੀ ਸ਼ਾਮਿਲ ਹੋਏ। ਸ੍ਰੀ ਵਿਪਲ ਕੁਮਾਰ ਇੰਚਾਰਜ ਪੰਜਾਬ ਤੇ ਚੰਡੀਗੜ੍ਹ ਨੇ ਆਪਣੇ ਸੰਬੋਧਨ ਦੱਸਿਆ ਕਿ ਭੈਣ ਕੁਮਾਰੀ ਮਾਇਆਵਤੀ ਵੱਲੋਂ ਪੰਜਾਬ ਬਾਡੀ ਦੀ ਸਮੀ-ਖਿਆ ਕਰਕੇ ਨਵੇਂ ਸਿਰੇ ਪੰਜਾਬ ਬਾਡੀ ਨਿਯੁਕਤ ਕੀਤੀ ਗਈ ਨਾਲ ਹੀ ਹਦਾਇਤ ਅਨੁਸਾਰ ਜਿਲ੍ਹਾ ਬਾਡੀ ਬਣਾਉਣ ਲਈ ਹਦਾਇਤ ਕੀਤੀ ਗਈ ਕਿ ਸਮੀਖਿਆ ਕਰਕੇ ਜਿਲਾ ਤੇ ਹਲਕਾ ਪੱਧਰੀ ਸੰਗਠਨ ਬਣਾ ਕੇ ਪਾਰਟੀ ਦਫਤਰ ਜਮਾ ਕੀਤਾ ਜਾਵੇ ਜਸਵੀਰ ਸਿੰਘ ਗੜ੍ਹੀ ਸੂਬਾ ਪ੍ਰਧਾਨ ਬਸਪਾ ਪੰਜਾਬ ਵੱਲੋਂ ਆਪਣੇ ਸੰਬੋਧਨ ਦੌਰਾਨ ਕਿਹਾ ਗਿਆ ਕਿ ਸਰਬ ਸਮਾਜ ਨੂੰ ਇਕੱਠੇ ਕਰਕੇ 2027 ਦੀਆਂ ਚੋਣਾਂ ਦੀ ਤਿਆਰੀ ਪਿੰਡ ਪੱਧਰ ਤੱਕ ਪਹੁੰਚ ਕੇ ਕੀਤੀ ਜਾਵੇ ਤਾਂ ਜੋ ਪਿਛਲੀਆਂ ਚੋਣਾਂ ਦੌਰਾਨ ਜੋ ਕਮੀਆਂ ਰਹਿ ਗਈਆਂ ਹਨ ਉਹਨਾਂ ਦੀ ਸਮਿਖਿਆ ਕੀਤੀ ਗਈ ਮੀਟਿੰਗ ਵਿੱਚ ਆਏ ਹੋਏ ਸਾਥੀਆਂ ਦੇ ਵਿਚਾਰ ਤਸੱਲੀ ਬਖਸ਼ ਸੁਣੇ ਗਏ ਸਰਦਾਰ ਗੜ੍ਹੀ ਵੱਲੋਂ ਗੁਰਵਿੰਦਰ ਸਿੰਘ ਗੋਲਡੀ ਪੁਰਖਾਲੀ ਨੌਜਵਾਨ ਆਗੂ ਨੂੰ ਸਰਬ ਸੰਮਤੀ ਨਾਲ ਜਿਲਾ ਪ੍ਰਧਾਨ ਬਣਾਇਆ ਗਿਆ ਤੇ ਨਾਲ ਹੀ ਆਪਸ ਵਿੱਚ ਸਲਾਹ ਕਰਕੇ ਸਹਿਮਤੀ ਨਾਲ ਜਿਲਾ ਕਮੇਟੀਆਂ ਨਵੇਂ ਸਿਰੇ ਤਿਆਰ ਕਰਕੇ ਦਫਤਰ ਜਮਾ ਕਰਾਉਣ ਲਈ ਕਿਹਾ ਗਿਆ ਇਸ ਤੋਂ ਇਲਾਵਾ ਉਹਨਾਂ ਨੇ ਵਿਧਾਨ ਸਭਾ ਦੀਆਂ ਸਾਰੀਆਂ ਕਮੇਟੀਆਂ ਭੰਗ ਕੀਤੀਆਂ ਜਿਲੇ ਦੀ ਕਮੇਟੀ ਭੰਗ ਕਰ ਦਿੱਤੀ ਗਈ ਜੋ ਕਿ ਨਵੇਂ ਸਿਰੇ ਤਿਆਰ ਕੀਤੀ ਜਾਵੇਗੀ ਇਸ ਮੌਕੇ ਤੇ ਪੰਜਾਬ ਸਕੱਤਰ ਮਾਸਟਰ ਰਾਮਪਾਲ ਅਬਿਆਣਾ ਜੀ ਜਿਲਾ ਜਨਰਲ ਸਕੱਤਰ ਨਰਿੰਦਰ ਬਡਵਾਲੀ ਹਲਕਾ ਪ੍ਰਧਾਨ ਰੂਪਨਗਰ ਮਾਸਟਰ ਮੋਹਨ ਸਿੰਘ ਨੋਧੇ ਮਾਜਰਾ ਹਲਕਾ ਪ੍ਰਧਾਨ ਚਮਕੌਰ ਸਾਹਿਬ ਕੁਲਦੀਪ ਪਪਰਾਲੀ ਕੁਲਦੀਪ ਘਨੌਲੀ ਗੁਰਚਰਨ ਸਿੰਘ ਖਾਲਸਾ ਕੇਵਲ ਧਮਾਣਾ ਜਸਵਿੰਦਰ ਜਸਵੰਤ ਸਿੰਘ ਬਹਿਰਾਮਪੁਰ ਜਸਵਿੰਦਰ ਸਿੰਘ ਛਿੱਬਰ ਡਾਕਟਰ ਮੋਹਨ ਸਿੰਘ ਗੁਰਵਿੰਦਰ ਸਿੰਘ ਬਡਵਾਲੀ ਫਕੀਰ ਸਿੰਘ ਬਡਵਾਲੀ ਨਸੀਬ ਸਿੰਘ ਬੇਲਾ ਡਾਕਟਰ ਸੁਰਜੀਤ ਸਿੰਘ ਲੱਖੇਵਾਲ ਤਰਲੋਕ ਸਿੰਘ ਫਤਿਹਪੁਰ ਮਹਿੰਦਰ ਪਾਲ ਥਰਮਲ ਪਲਾਂਟ ਜਤਿੰਦਰਵੀਰ ਸਿੰਘ ਪਰਖਾਲੀ ਪ੍ਰਿੰਸੀਪਲ ਸੁਰਿੰਦਰ ਸਿੰਘ ਪਰਖਾਲੀ ਸਰਜੀਤ ਸਿੰਘ ਖੇੜੀ ਬੀਬੀ ਹਰਜੀਤ ਕੌਰ ਮਾਜਰੀ ਕੁਲਵਿੰਦਰ ਕੌਰ ਮਾਜਰੀ ਹਰਵਿੰਦਰ ਸਿੰਘ ਮਾਜਰੀ ਜਸਵਿੰਦਰ ਬੈਂਸ ਸ ਪ੍ਰੀਤਮ ਸਿੰਘ ਗੋਬਿੰਦ ਵੈਲੀ ਡਾਕਟਰ ਭਗਤ ਰਾਮ ਬੈਂਸਾਂ ਸੁਰਜੀਤ ਲਾਲ ਰੂਪਨਗਰ ਦੌਲਤ ਸਿੰਘ ਰੋਪੜ ਹੁਸਨ ਚੰਦ ਰੋਪੜ ਬਲਵਿੰਦਰ ਸਿੰਘ ਬਿੱਲੂ ਰੋਪੜ ਸਤਨਾਮ ਸਿੰਘ ਰੋਪੜ ਆਦਿ ਆਗੂ ਹਾਜਰ ਸਨ।






# ਸਿੱਖਿਆ ਮੰਤਰੀ ਹਰਜੋਤ ਬੈਂਸ ਨੇ ਸਰਕਾਰੀ ਸਕੂਲਾਂ ਦੇ ਵਿਕਾਸ ਲਈ ਜ਼ਿਲ੍ਹੇ ਨੂੰ ਦਿੱਤੇ 7 ਕਰੋੜ ਰੁਪਏ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਭਾਸ਼ਾ ਅਤੇ ਸਕੂਲ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੀ ਪ੍ਰਧਾਨਗੀ ਵਿਚ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਹੁਸ਼ਿਆਰਪੁਰ ਵਿਚ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀ ਦੀ ਇਕ ਮਹੱਤਵਪੂਰਨ ਮੀਟਿੰਗ ਹੋਈ। ਇਸ ਦੌਰਾਨ ਕੈਬਨਿਟ ਮੰਤਰੀ ਪੰਜਾਬ ਬ੍ਰਹਮ ਸ਼ੰਕਰ ਜਿੰਪਾ, ਸੰਸਦ ਮੈਂਬਰ ਡਾ। ਰਾਜ ਕੁਮਾਰ ਚੱਬੇਵਾਲ, ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ, ਵਿਧਾਇਕ ਸ਼ਾਮ ਚੁਰਾਸੀ ਡਾ। ਰਵਜੋਤ ਸਿੰਘ, ਵਿਧਾਇਕ ਉੜਮੁੜ ਜਸਵੀਰ ਸਿੰਘ ਰਾਜਾ ਗਿੱਲ, ਵਿਧਾਇਕ ਦਸੂਹਾ ਕਰਮਬੀਰ ਸਿੰਘ ਘੁੰਮਣ ਅਤੇ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਵੀ ਮੌਜੂਦ ਸਨ। ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ, ਜੋ ਕਿ ਜ਼ਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀ ਦੇ ਚੇਅਰਮੈਨ ਹਨ, ਨੇ ਕਿਹਾ ਕਿ ਇਸ ਮੀਟਿੰਗ ਦਾ ਉਦੇਸ਼ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਦੀ ਪ੍ਰਗਤੀ ਦਾ ਜਾਇਜ਼ਾ ਲੈਣਾ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਇਸ ਦੌਰਾਨ ਹਾਜ਼ਰ ਕੈਬਨਿਟ ਮੰਤਰੀ ਜਿੰਪਾ, ਡਿਪਟੀ ਸਪੀਕਰ ਰੌੜੀ ਅਤੇ ਸਮੂਹ ਵਿਧਾਇਕਾਂ ਵੱਲੋਂ ਵੀ ਵੱਖ-ਵੱਖ ਵਿਭਾਗਾਂ ਦੇ ਕੰਮਾਂ ਦੀ ਪ੍ਰਗਤੀ ਦੇ ਬਾਰੇ ਵਿਚ ਜਾਣਕਾਰੀ ਹਾਸਲ ਕੀਤੀ ਗਈ।

ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਇਸ ਦੌਰਾਨ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਸ਼ਿਆਰਪੁਰ ਜ਼ਿਲ੍ਹੇ ਦੇ ਸਾਰੇ 7 ਵਿਧਾਨ ਸਭਾ ਹਲਕਿਆਂ ਦੇ ਸਰਕਾਰੀ ਸਕੂਲਾਂ ਦੇ ਵਿਕਾਸ ਲਈ 7 ਕਰੋੜ ਰੁਪਏ (ਪ੍ਰਤੀ ਵਿਧਾਨ ਸਭਾ ਹਲਕਾ 1-1 ਕਰੋੜ ਰੁਪਏ) ਦਿੱਤੇ ਜਾ ਰਹੇ ਹਨ। ਉਨ੍ਹਾਂ ਮੀਟਿੰਗ ਦੌਰਾਨ ਜ਼ਿਲ੍ਹੇ ਦੇ ਵੱਖ-ਵੱਖ ਵਿਕਾਸ ਕਾਰਜਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਹਾਸਲ ਕੀਤੀ ਅਤੇ ਸਬੰਧਤ ਅਧਿਕਾਰੀਆਂ ਤੋਂ ਪ੍ਰਗਤੀ ਰਿਪੋਰਟ ਮੰਗੀ। ਇਸ ਦੌਰਾਨ ਉਨ੍ਹਾਂ ਸਿੱਖਿਆ ਵਿਭਾਗ, ਲੋਕ ਨਿਰਮਾਣ ਵਿਭਾਗ, ਜਲ ਸਪਲਾਈ ਅਤੇ ਸੀਵਰੇਜ ਬੋਰਡ, ਮੰਡੀ ਬੋਰਡ, ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ, ਉਦਯੋਗ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ, ਖ਼ੁਰਾਕ ਅਤੇ ਸਿਵਲ ਸਪਲਾਈ ਵਿਭਾਗ ਦੇ ਨਾਲ-ਨਾਲ ਪੁਲਿਸ ਅਤੇ ਹੋਰਨਾਂ ਵਿਭਾਗਾਂ ਦੇ ਕੰਮਕਾਜ਼ ਦੀ ਵੀ ਸਮੀਖਿਆ ਕੀਤੀ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਵਿਚ ਕਾਨੂੰਨ ਵਿਵਸਥਾ ਨੂੰ ਹੋਰ ਮਜ਼ਬੂਤ ਕਰਨ ਲਈ ਸਖ਼ਤ ਕਦਮ ਚੁੱਕੇ ਜਾਣ ਅਤੇ ਨਸ਼ੇ 'ਤੇ ਲਗਾਮ ਲਗਾਉਣ ਲਈ ਨਸ਼ਾ ਤਸਕਰਾਂ 'ਤੇ ਸਖ਼ਤ ਕਾਰਵਾਈ ਕੀਤੀ ਜਾਵੇ।




ਹਰਜੋਤ ਸਿੰਘ ਬੈਂਸ ਨੇ ਸਾਰੇ ਅਧਿਕਾਰੀਆਂ ਨੂੰ ਟੀਮ ਭਾਵਨਾ ਨਾਲ ਮਿਲ ਕੇ ਕੰਮ ਕਰਨ ਅਤੇ ਜ਼ਿਲ੍ਹੇ ਦੇ ਵਿਕਾਸ ਨੂੰ ਪਹਿਲ ਦੇਣ ਦੀ ਬੇਨਤੀ ਕੀਤੀ। ਉਨ੍ਹਾਂ ਇਹ ਵੀ ਯਕੀਨੀ ਬਣਾਉਣ ਲਈ ਕਿਹਾ ਕਿ ਜ਼ਿਲ੍ਹੇ ਵਿਚ ਚੱਲ ਰਹੇ ਸਾਰੇ ਵਿਕਾਸ ਕਾਰਜਾਂ ਵਿਚ ਪਾਰਦਰਸ਼ਤਾ ਅਤੇ ਗੁਣਵੱਤਾ ਬਣੀ ਰਹੇ। ਉਨ੍ਹਾਂ ਕਿਹਾ ਕਿ ਤਕਨੀਕੀ ਸਿੱਖਿਆ, ਉਦਯੋਗਿਕ ਸਿਖਲਾਈ, ਉਚੇਰੀ ਸਿੱਖਿਆ, ਭਾਸ਼ਾ ਅਤੇ ਸਕੂਲ ਸਿੱਖਿਆ ਦੇ ਖੇਤਰਾਂ ਵਿਚ ਜ਼ਿਲ੍ਹੇ ਨੂੰ ਮੋਹਰੀ ਬਣਾਉਣਾ ਉਨ੍ਹਾਂ ਦੀ ਤਰਜ਼ੀਹ ਹੈ। ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਉਹ ਇਨ੍ਹਾਂ ਖੇਤਰਾਂ ਵਿਚ ਵਿਸ਼ੇਸ਼ ਧਿਆਨ ਦੇਣ ਅਤੇ ਵਿਦਿਆਰਥੀਆਂ ਲਈ ਉੱਚ ਗੁਣਵੱਤਾ ਵਾਲੀ ਸਿੱਖਿਆ ਅਤੇ ਸਿਖਲਾਈ ਸੁਵਿਧਾਵਾਂ ਨੂੰ ਯਕੀਨੀ ਬਣਾਉਣ। ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਜ਼ਿਲ੍ਹੇ ਦੇ ਵਿਕਾਸ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਲਈ ਧੰਨਵਾਦ ਕੀਤਾ ਅਤੇ ਕਿਹਾ ਕਿ ਹਰ ਮਹੀਨੇ ਇਸ ਤਰ੍ਹਾਂ ਦੀਆਂ ਮੀਟਿੰਗਾਂ ਆਯੋਜਿਤ ਹੁੰਦੀਆਂ ਰਹਿਣਗੀਆਂ, ਤਾਂ ਜੋ ਜ਼ਿਲ੍ਹੇ ਦੇ ਵਿਕਾਸ ਕਾਰਜਾਂ ਦੀ ਨਿਰੰਤਰ ਨਿਗਰਾਨੀ ਕੀਤੀ ਜਾ ਸਕੇ।

# ਵੱਖ ਵੱਖ ਵਿਸ਼ਿਆਂ ਦੀਆਂ ਹਜ਼ਾਰਾਂ ਹੀ ਪੋਸਟਾਂ ਖਾਲੀ ਹੋਣ ਦੇ ਨੇ ਬਾਵਜੂਦ ਵੀ ਨਹੀਂ ਹੋ ਰਹੀਆਂ ਹਨ ਤਰੱਕੀਆਂ

**ਫਗਵਾੜਾ (ਬੀ.ਕੇ.ਰੱਤੂ)–** ਐਸਸੀ ਬੀਸੀ ਸਮਾਜ ਦੇ ਮੁਲਾਜ਼ਮ ਵਰਗ ਅਤੇ ਸਮਾਜ ਦੀਆਂ ਜਾਇਜ਼ ਅਤੇ ਸੰਵਿਧਾਨਿਕ ਮੰਗਾਂ ਲਈ ਆਵਾਜ਼ ਬੁਲੰਦ ਕਰਨ ਵਾਲੀ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ ਸੀ ਬੀ ਸੀ ਇੰਪਲਾਈਜ ਵੈਲਫੇਅਰ ਫੈਡਰੇਸ਼ਨ ਇਕਾਈ ਕਪੂਰਥਲਾ ਦੇ ਪ੍ਰਧਾਨ ਸਤਵੰਤ ਟੂਰਾ ,ਮਨਜੀਤ ਗਾਟ, ਲਖਵੀਰ ਚੰਦ, ਸਤਨਾਮ ਗਿੱਲ ,ਬਲਵਿੰਦਰ ਨਿਧੜਕ ਨੇ ਪ੍ਰੈਸ ਨੂੰ ਜਾਣਕਾਰੀ ਦਿੰਦਿਆਂ ਪੰਜਾਬ ਸਰਕਾਰ ਦੇ ਸਿੱਖਿਆ ਵਿਭਾਗ ਦੀ ਆਲੋਚਨਾ ਕਰਦਿਆਂ ਕਿਹਾ ਕਿ ਪੰਜਾਬ ਸਿੱਖਿਆ ਵਿਭਾਗ ਵੱਲੋਂ ਸਕੂਲ ਆਫ ਐਮੀਨੈਂਸ ਬਣਾ ਕੇ ਸਕੂਲਾਂ ਵਿੱਚ ਇਨਫਰਾਸਟਰਕਚਰ ਵੀ ਭੇਜ ਦਿੱਤਾ ਅਤੇ ਬੋਰਡ ਲਗਵਾਉਣ ਤੇ ਵੀ ਕਾਫੀ ਪੈਸਾ ਖਰਚ ਕਰ ਦਿੱਤਾ ਪਰ ਇਹਨਾਂ ਸਕੂਲਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ ਲੈਕਚਰਾਰਾਂ ਦੀਆਂ ਅਤੇ ਮਾਸਟਰ ਕਾਡਰ ਦੀਆਂ ਪੋਸਟਾਂ ਨਹੀਂ ਦਿੱਤੀਆਂ ਗਈਆਂ। ਦੂਸਰੇ ਪਾਸੇ ਵੀ ਪੰਜਾਬ ਦੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵੀ ਗਰੀਬ ਵਰਗ ਦੇ ਬੱਚੇ ਸਿੱਖਿਆ ਪ੍ਰਾਪਤ ਕਰ ਰਹੇ ਹਨ ਪਰ ਵੱਖ ਵੱਖ ਵਿਸ਼ਿਆਂ ਦੇ ਲੈਕਚਰਾਰਾਂ ਦੀਆਂ ਹਜ਼ਾਰਾਂ ਹੀ ਪੋਸਟਾਂ ਖਾਲੀ ਪਈਆਂ ਹਨ । ਇਸ ਤਰ੍ਹਾਂ ਲਗਦਾ ਹੈ ਜਿਵੇਂ ਸਰਕਾਰ ਗਰੀਬ ਵਰਗ ਦੇ ਬੱਚਿਆਂ ਨੂੰ ਸਿਰਫ ਆਪਣਾ ਵੋਟ ਬੈਂਕ ਹੀ ਬਣਾ ਰਹੀ ਹੈ।ਸ੍ਰੀ ਟੂਰਾ ਨੇ ਅੱਗੇ ਕਿਹਾ ਕਿਹਾ ਕਿ ਸਰਕਾਰਾਂ ਆਉਂ-




ਦੀਆਂ ਹਨ ਅਤੇ ਬਦਲ ਜਾਂਦੀਆਂ ਹਨ ਪਰ ਕਿੰਨੀ ਦੁੱਖ ਦੀ ਗੱਲ ਹੈ ਕਿ ਵਿਭਾਗ ਵੱਲੋਂ ਅਜੇ ਤੱਕ ਮਾਸਟਰ ਕਾਡਰ ਦੀ ਸੀਨਿਆਰਤਾ ਸੂਚੀ ਹੀ ਫਾਈਨਲ ਨਹੀਂ ਹੋਈ। ਭਾਵੇਂ ਹੁਣ ਵਿਭਾਗ ਵੱਲੋਂ ਕਾਫੀ ਮਿਹਨਤ ਕੀਤੀ ਜਾ ਰਹੀ ਹੈ ਪਰ ਅਜੇ ਵੀ ਬਹੁਤ ਸਾਰੀਆਂ ਖਾਮੀਆਂ ਹਨ। ਹਾਲ ਹੀ ਵਿਚ ਵਿਭਾਗ ਵੱਲੋਂ ਲੈਫਟ ਆਊਟ ਕੇਸਾਂ ਦੀ ਸਕਰੂਟਨੀ ਕੀਤੀ ਗਈ। ਵੱਖ ਵੱਖ ਵਿਸ਼ਿਆਂ ਦੇ ਲੈਕਚਰਾਰਾਂ ਦੀਆਂ ਲਿਸਟਾਂ ਵੀ ਵਿਭਾਗ ਵੱਲੋਂ ਜਾਰੀ ਕਰ ਦਿੱਤੀਆਂ ਗਈਆਂ ਪਰ ਦੂਸਰੇ ਹੀ ਦਿਨ ਮਾਣਯੋਗ ਸਿੱਖਿਆ ਮੰਤਰੀ ਦੇ ਹੁਕਮਾਂ ਤਹਿਤ ਇਹ ਲਿਸਟਾਂ ਰੱਦ ਕਰ ਦਿੱਤੀਆਂ ਗਈਆਂ ਜਿਸ ਨਾਲ ਤਰੱਕੀ ਪਾਉਣ ਵਾਲੇ ਲੈਫਟ ਆਊਟ ਲੈਕਚਰਾਰਾਂ ਵਿਚ ਵਿਭਾਗ ਖ਼ਿਲਾਫ਼ ਕਾਫੀ ਰੋਸ ਪਾਇਆ ਜਾ ਰਿਹਾ ਹੈ। ਮਨਜੀਤ ਗਾਟ ਨੇ ਕਿਹਾ ਕਿ ਬਹੁਤੇ ਅਧਿਆਪਕ ਤਰੱਕੀਆਂ ਦੀ ਉਡੀਕ ਵਿਚ ਸੇਵਾ ਮੁਕਤ ਹੋ ਰਹੇ ਹਨ ,ਬਹੁਤੇ ਜੂਨੀਅਰ ਅਧਿਆਪਕ 2012 ਤੋਂ ਕੋਰਟ ਦੀ ਸ਼ਰਨ ਵਿੱਚ ਬੈਠ ਕੇ ਵੱਖ-ਵੱਖ ਵਿਸ਼ਿਆਂ ਵਿੱਚ ਲੈਕਚਰਾਰਾਂ ਵਜੋਂ ਸੇਵਾ ਨਿਭਾ ਰਹੇ ਹਨ । ਲਖਵੀਰ ਚੰਦ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਵੱਖ-ਵੱਖ ਵਿਸ਼ਿਆਂ ਦੇ ਲੈਫਟ ਆਊਟ ਕੇਸਾਂ ਦੀਆਂ ਲਿਸਟਾਂ ਤੁਰੰਤ ਜਾਰੀ ਕਰਕੇ ਬਦਲੀਆਂ ਤੋਂ ਪਹਿਲਾਂ ਹਾਜ਼ਰ ਕਰਵਾਇਆ ਜਾਵੇ ਕਿਉਂਕਿ ਇਹ ਲੈਫਟ ਆਊਟ ਕੇਸ 2012 ,16 ,18 ਅਤੇ 21 ਤੋਂ ਪਹਿਲਾਂ ਦੇ ਬਣਦੇ ਹਨ। ਫੈਡਰੇਸ਼ਨ ਵੱਲੋਂ ਮਾਣਯੋਗ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਅਤੇ ਸਿੱਖਿਆ ਮੰਤਰੀ ਪੰਜਾਬ ਸ੍ਰੀ ਹਰਜੋਤ ਬੈਂਸ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਨਾਲ ਪੜ੍ਹਾਈ ਵਿੱਚ ਇਨਸਾਫ ਕਰਦੇ ਹੋਏ ਸਾਰੇ ਵਿਸ਼ਿਆਂ ਦੀਆਂ ਖਾਲੀ ਪਈਆਂ ਲੈਕਚਰਾਰਾਂ ਦੀਆਂ ਪੋਸਟਾਂ ਭਰੀਆਂ ਜਾਣ ਤਾਂ ਕਿ ਬੱਚਿਆਂ ਨੂੰ ਵਧੀਆ ਵਿੱਦਿਅਕ ਮਾਹੌਲ ਮਿਲ ਸਕੇ ਅਤੇ ਇਸੇ ਤਰ੍ਹਾਂ ਲੰਮੇ ਸਮੇਂ ਤੋਂ ਆਪਣੀਆਂ ਤਰ-ੱਕੀਆਂ ਦੀ ਉਡੀਕ ਕਰ ਰਹੇ ਕਰਮਚਾਰੀਆਂ ਦਾ ਰੋਸ਼ ਵੀ ਸ਼ਾਂਤ ਹੋ ਸਕੇ ਕਿਉਂਕਿ ਹਜ਼ਾਰਾਂ ਕਰਮਚਾਰੀ ਅਜਿਹੇ ਹਨ ਜਿਨਾਂ ਦੀ ਵਿੱਦਿਅਕ ਯੋਗਤਾ ਪੂਰੀ ਹੋਣ ਦੇ ਬਾਵਜੂਦ ਵੀ 25, 26 ਸਾਲਾਂ ਵਿੱਚ ਵੀ ਉਹਨਾਂ ਤਰੱਕੀ ਨਹੀਂ ਹੋਈ ਸਗੋਂ ਉਹ ਮਾਸਟਰ ਦੇ ਮਾਸਟਰ ਹੀ ਰਿਟਾਇਰ ਹੋ ਗਏ। ਇਸ ਮੌਕੇ ਗਿਆਨ ਚੰਦ ਵਾਹਦ, ਵਿਨੋਦ ਕੁਮਾਰ, ਅਮਰਿੰਦਰ ਸਿੰਘ, ਗੁਰਸੇਵਕ ਅਸ਼ੋਕ ਕੁਮਾਰ, ਸੁਰਜੀਤ ਕੁਮਾਰ, ਪ੍ਰਵੀਨ ਭੁੱਟਾ, ਕਮਲੇਸ਼ ਕੌਰ ਅਤੇ ਹੋਰ ਅਧਿਆਪਕ ਸ਼ਾਮਿਲ ਸਨ।



KB USED AUTO SALES

8655 B Monterey Street Gilroy, CA 95020
Kashmiri Bhatia, Dealer/Broker
408-848-2365
50% OFF WARRANTY with Qualifying Car Purchase
IN HOUSE FINANCING AVALIABLE
www. kbusedautosales.com
ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ

Kashmiri Bhatia & his wife
K&K AUTO REPAIR and Car Wash
63 Muckelemi St
San Juan Bautista 95045
Kashmiri Bhatia (Owner)
831-623-4702
20% OFF LABOUR on your next qualifying service
Car Care You Can Trust

# ਭਾਸ਼ਾ ਵਿਭਾਗ ਨੇ ਕਰਵਾਏ ਪੰਜਾਬੀ ਸਾਹਿਤ ਸਿਰਜਣ ਤੇ ਕਵਿਤਾ ਗਾਇਨ ਮੁਕਾਬਲੇ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ, ਡਾਇਰੈਕਟਰ ਭਾਸ਼ਾ ਵਿਭਾਗ ਜਸਵੰਤ ਸਿੰਘ ਜ਼ਫ਼ਰ ਦੀ ਰਹਿਨੁਮਾਈ ਅਤੇ ਜ਼ਿਲ੍ਹਾ ਭਾਸ਼ਾ ਦਫ਼ਤਰ ਹੁਸ਼ਿਆਰਪੁਰ ਦੀ ਅਗਵਾਈ ਵਿਚ ਜ਼ਿਲ੍ਹਾ ਪੱਧਰੀ ਪੰਜਾਬੀ ਸਾਹਿਤ ਸਿਰਜਣ ਅਤੇ ਕਵਿਤਾ ਗਾਇਨ ਮੁਕਾਬਲੇ ਸਕੂਲ ਆਫ ਐਮੀਨੈਂਸ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਖੁਆਸਪੁਰ ਹੀਰਾਂ ਵਿਖੇ ਕਰਵਾਏ ਗਏ। ਸਮਾਗਮ ਦੀ ਪ੍ਰਧਾਨਗੀ ਸ਼੍ਰੋਮਣੀ ਬਾਲ ਸਾਹਿਤਕਾਰ ਬਲਜਿੰਦਰ ਮਾਨ, ਜ਼ਿਲ੍ਹਾ ਭਾਸ਼ਾ ਅਫ਼ਸਰ ਡਾ। ਜਸਵੰਤ ਰਾਏ ਅਤੇ ਪ੍ਰਿੰਸੀਪਲ ਰਮਨਦੀਪ ਕੌਰ ਨੇ ਕੀਤੀ।

ਜ਼ਿਲ੍ਹੇ ਭਰ ਤੋਂ ਆਏ ਹੋਏ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆ ਨੂੰ ਜੀ ਆਇਆ ਸ਼ਬਦ ਆਖਦਿਆਂ ਡਾ। ਜਸਵੰਤ ਰਾਏ ਨੇ ਦੱਸਿਆ ਕਿ ਭਾਸ਼ਾ ਵਿਭਾਗ ਦਾ ਇਹ ਲਗਾਤਾਰ ਤਰੱਦਦ ਰਿਹਾ ਹੈ ਕਿ ਨਵੀਂ ਪਿਉਂਦ ਨੂੰ ਸਾਹਿਤਕ ਚੇਟਕ ਲਾਉਣ ਲਈ ਇਹੋ ਜਿਹੇ ਸਮਾਗਮ ਕਰਕੇ ਇਨ੍ਹਾਂ ਦੀ ਭਾਗੀਦਾਰੀ ਬਣਾਈ ਜਾਵੇ। ਸਾਹਿਤ ਸਾਡੇ ਜੀਵਨ ਨੂੰ ਸਿਰਫ਼ ਤਰਲ ਹੀ ਨਹੀਂ ਬਣਾਉਂਦਾ ਸਗੋਂ ਇਸ ਵਿਚ ਸੈਆਂ ਤਰ੍ਹਾਂ ਦੇ ਰੰਗ ਭਰਦਾ ਹੈ। ਉਨ੍ਹਾਂ ਭਾਸ਼ਾ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਕਰਵਾਈਆਂ ਜਾਂਦੀਆਂ ਸਾਹਿਤਕ ਗਤੀਵਿਧੀਆਂ ਹਾਜ਼ਰੀਨ ਨਾਲ ਸਾਂਝੀਆਂ ਕਰਦਿਆਂ ਵਿਭਾਗ ਵੱਲੋਂ ਭਾਸ਼ਾ ਵਿਭਾਗ ਦੇ ਜ਼ਿਲ੍ਹਾ ਦਫ਼ਤਰ ਵਿਚ ਵਿਕਰੀ ਲਈ ਉਪਲਬੱਧ ਕਿਤਾਬਾਂ ਅਤੇ ਮੈਗਜ਼ੀਨਾਂ ਦਾ ਵੀ ਵਿਸਥਾਰ ਨਾਲ ਜ਼ਿਕਰ ਕੀਤਾ।

ਇਸ ਸਮੇਂ ਅੱਜ ਦੇ ਸਭ ਤੋਂ ਵੱਡੇ ਮੁਕਾਬਲੇ ਕਵਿਤਾ ਗਾਇਨ ਵਿਚ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ




ਵਿਦਿਆਰਥੀ ਨਿਪੁੰਨ ਸ਼ਰਮਾ ਟੋਡਲਰ ਹੋਮ ਮਾਡਲ ਸਕੂਲ, ਅਕਸ਼ਰਾ ਸੈਕੰਡਰੀ ਸਕੂਲ ਅਹਿਰਾਣਾ ਕਲਾਂ, ਵਿਪੁਲ ਕੁਮਾਰ ਕੋ-ਐਜੂਕੇਸ਼ਨ ਘੰਟਾ ਘਰ, ਕਵਿਤਾ ਰਚਨਾ ਵਿਚ ਕ੍ਰਮਵਾਰ ਨਮਨ ਸ਼ਰਮਾ ਜੀ।ਐਮ।ਏ। ਸਕੂਲ ਸਿੰਗੜੀਵਾਲਾ, ਜਗਰਾਜ ਸਿੰਘ ਜੀ।ਐਮ।ਏ। ਸਕੂਲ, ਕੁਮਕੁਮ ਸੈਕੰਡਰੀ ਮਾਡਲ ਸਕੂਲ ਵਿਦਿਆ ਮੰਦਰ, ਲੇਖ ਰਚਨਾ ਵਿਚ ਕ੍ਰਮਵਾਰ ਲਵਲੀਨ ਹਾਈ ਸਕੂਲ ਚੱਗਰਾਂ, ਸ਼ੈਰੋਨ ਸਕੂਲ ਆਫ ਐਮੀਨੈਂਸ ਪੁਰਹੀਰਾਂ, ਭਵਨਦੀਪ ਸਿੰਘ ਮਿਡਲ ਸਕੂਲ ਚੱਕਗੁਜਰਾਂ, ਕਹਾਣੀ ਰਚਨਾ ਵਿਚ ਕ੍ਰਮਵਾਰ ਹੇਤਲ ਸ਼ਰਮਾ ਸੈਕੰਡਰੀ ਸਕੂਲ ਅਹਿਰਾਣਾ ਕਲਾਂ, ਹਰਮਨਦੀਪ ਕੌਰ ਹਾਈ ਸਕੂਲ ਭੀਖੋਵਾਲ ਅਤੇ ਤਾਨੀਆ ਸੈਕੰਡਰੀ ਸਕੂਲ ਨਸਰਾਲਾ ਨੇ ਪ੍ਰਾਪਤ ਕੀਤਾ। ਮੁਕਾਬਲੇ ਦੌਰਾਨ ਜੱਜਾਂ ਦੀ ਭੂਮਿਕਾ ਪ੍ਰੋ। ਸਚਕਿਰਨ ਕੌਰ ਸਰਕਾਰੀ ਕਾਲਜ ਹੁਸ਼ਿਆਰਪੁਰ, ਪ੍ਰਸਿੱਧ ਲੇਖਕ ਡਾ। ਧਰਮਪਾਲ ਸਾਹਿਲ ਤੇ ਗੋਲਡ ਮੈਡਲਿਸਟ ਮੈਡਮ ਪ੍ਰਭਜੋਤ ਕੌਰ ਨੇ ਨਿਭਾਈ। ਮੁਕਾਬਲਿਆਂ ਦੌਰਾਨ ਜੇਤੂ ਵਿਦਿਆਰਥੀਆਂ ਨੂੰ ਭਾਸ਼ਾ ਵਿਭਾਗ ਵੱਲੋਂ ਕ੍ਰਮਵਾਰ 1000, 750 ਅਤੇ 500 ਰੁਪਏ ਦੀਆਂ ਵਿਭਾਗੀ ਪੁਸਤਕਾਂ ਦੇ ਸੈੱਟ, ਪ੍ਰਮਾਣ ਪੱਤਰ ਅਤੇ ਬਲਜਿੰਦਰ ਮਾਨ ਵੱਲੋਂ ਮੈਗਜ਼ੀਨ ਨਿੱਕੀਆਂ ਕਰੂੰਬਲਾਂ ਦੇ ਕੇ ਸਨਮਾਨਿਤ ਕੀਤਾ ਗਿਆ। ਜੱਜ ਸਹਿਬਾਨ, ਪ੍ਰਿੰਸੀਪਲ ਰਮਨਦੀਪ ਕੌਰ ਅਤੇ ਸਾਹਿਤਕਾਰ ਬਲਜਿੰਦਰ ਮਾਨ ਨੂੰ ਵੀ ਵਿਭਾਗੀ ਪੁਸਤਕਾਂ ਦੇ ਸੈੱਟਾਂ ਨਾਲ ਸਨਮਾਨਿਤ ਕੀਤਾ ਗਿਆ।

ਧੰਨਵਾਦੀ ਸ਼ਬਦ ਪ੍ਰਿੰਸੀਪਲ ਰਮਨਦੀਪ ਕੌਰ ਹੁਰਾਂ ਨੇ ਆਖੇ। ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਲੇਖਿਕਾ ਅੰਜੂ ਵ ਰੱਤੀ ਨੇ ਬਾਖ਼ੂਬੀ ਨਿਭਾਈ। ਇਸ ਸਮੇਂ ਲਵਪ੍ਰੀਤ, ਲਾਲ ਸਿੰਘ, ਹਰਦੀਪ ਗਿੱਲ, ਮਨਿੰਦਰ ਕੌਰ, ਹਰਜਿੰਦਰ ਕੌਰ, ਵਨੀਤਾ ਰਾਣੀ, ਮੰਜੂ ਅਰੋੜਾ, ਵਨੀਤਾ ਠਾਕੁਰ, ਨਰਿੰਦਰ ਕੁਮਾਰ, ਜਸਪਾਲ ਸਿੰਘ, ਜਸਵੀਰ ਕੌਰ, ਪੂਨਮ ਰਾਣੀ, ਪੁਸ਼ਪਾ ਰਾਣੀ, ਵੱਖ ਵੱਖ ਸਕੂਲਾਂ ਤੋਂ ਆਏ ਹੋਏ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

# ਸਿਨਸਿਨੈਟੀ ਦੇ ਸਿੱਖ ਭਾਈਚਾਰੇ ਨੇ ਇੰਟਰਫੇਥ ਸਮਾਗਮ 'ਚ ਕੀਤੀ ਸ਼ਮੂਲੀਅਤ

**ਸਿਨਸਿਨੈਟੀ, ਓਹਾਇਓ–** ਗੁਰੂ ਨਾਨਕ ਸੋਸਾਇਟੀ ਆਫ਼ ਗ੍ਰੇਟਰ ਸਿਨਸਿਨੈਟੀ ਅਤੇ ਡੇਟਨ ਤੋਂ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਹਾਲ ਹੀ ਵਿੱਚ ਸਿਨਸਿਨੈਟੀ, ਓਹਾਇਓ ਵਿੱਚ "ਦ ਐਪੀਸਕੋਪਲ ਚਰਚ ਆਫ਼ ਦਿ ਰੀਡੀਮਰ" ਵਿਖੇ ਆਯੋਜਿਤ "ਇੰਟਰਫੇਥ ਕੰਨਵਰਸੇਸ਼ਨ ਐਂਡ ਕੁਜ਼ੀਨ" ਸਮਾਗਮ ਵਿੱਚ ਹਿੱਸਾ ਲਿਆ। ਇਸ ਇਕੱਠ ਦਾ ਮੰਤਵ ਵੱਖ-ਵੱਖ ਧਾਰਮਿਕ ਪਿਛੋਕੜ ਵਾਲੇ ਵਿਅਕਤੀਆਂ ਨੂੰ ਖਾਣੇ 'ਤੇ ਇਕੱਠੇ ਕਰਕੇ ਆਪਸ 'ਚ ਆਪਣੇ ਧਰਮ ਬਾਰੇ ਜਾਣਕਾਰੀ ਸਾਂਝੀ ਕਰਨਾ ਸੀ। ਇਸ ਸਮਾਗਮ ਵਿੱਚ ਸਿੱਖ ਭਾਈਚਾਰੇ ਤੋਂ ਇਲਾਵਾ ਜਿਊਜ਼ ਕਮਿਊਨਿਟੀ ਕੌਂਸਲ, ਹਿੰਦੂ ਟੈਂਪਲ ਆਫ ਗ੍ਰੇਟਰ ਸਿਨਸਿਨੈਟੀ, ਇਸਲਾਮੀਕ ਸੈਂਟਰ ਆਫ ਗ੍ਰੇਟਰ ਸਿਨਸਿਨਾਟੀ, ਬਹਾਈ ਅਤੇ ਹੋਰ ਧਰਮਾਂ ਦੇ ਮੈਂਬਰ ਸ਼ਾਮਲ ਸਨ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ, ਕਮਿਊਨਿਟੀ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਸਿੱਖ ਧਰਮ ਦੇ ਮੂਲ ਸਿਧਾਂਤਾਂ ਜਿਵੇਂ ਕਿ ਸੇਵਾ, ਕਿਰਤ ਕਰੋ, ਨਾਮ ਜਪੋ ਦੀ ਮਹੱਤਤਾ ਬਾਰੇ ਦੱਸਿਆ। ਗੁਮਟਾਲਾ ਨੇ ਕਿਹਾ ਕਿ ਵੱਖ-ਵੱਖ ਧਰਮਾਂ ਦੇ ਮੈਂਬਰਾਂ ਨੂੰ ਖਾਣੇ ਦੇ ਟੇਬਲਾਂ 'ਤੇ ਇਕੱਠੇ ਬਿਠਾਇਆ ਗਿਆ ਸੀ ਤਾਂ ਜੋ ਉਹ ਇੱਕ-ਦੂਜੇ ਨਾਲ ਆਪਣੇ ਧਰਮ ਅਤੇ ਸਭਿਆਚਾਰ ਬਾਰੇ ਜਾਣਕਾਰੀ ਸਾਂਝੀ ਕਰ ਸਕਣ। ਉਹਨਾਂ ਕਿਹਾ, "ਇਹ ਦੇਖਣਾ ਬਹੁਤ ਉਤਸ਼ਾਹਜਨਕ ਹੈ ਕਿ ਹਰ ਉਮਰ ਦੇ ਲੋਕ ਇਸ ਸਮਾਗਮ ਦਾ ਹਿੱਸਾ ਹਨ ਅਤੇ ਵੱਖ-ਵੱਖ ਭਾਈਚਾਰਿਆਂ ਵਿੱਚਕਾਰ ਏਕਤਾ ਬਣਾਉਣ ਅਤੇ ਕਾਇਮ ਰੱਖਣ ਲਈ ਅਜਿਹੇ ਸਮਾਗਮ ਬਹੁਤ ਮਹੱਤਤਾ ਰੱਖਦੇ ਹਨ। ਹਾਈ ਸਕੂਲ ਅਤੇ ਕਾਲਜ 'ਚ ਪੜ੍ਹ ਰਹੇ ਸਿੱਖ ਨੌਜਵਾਨ ਕੀਰਤ ਸਿੰਘ,



ਜਪਨੀਤ ਸਿੰਘ, ਮਾਨਿਤ ਸਿੰਘ, ਅਤੇ ਮਿਹਰ ਕੌਰ ਨੇ ਵੀ ਹੋਰ ਧਰਮਾਂ ਦੇ ਮੈਂਬਰਾਂ ਨਾਲ ਸਰਗਰਮੀ ਨਾਲ ਸ਼ਮੂਲੀਅਤ ਕੀਤੀ। 10ਵੀਂ ਜਮਾਤ ਦੀ ਵਿਦਿਆਰਥਣ ਮਿਹਰ ਕੌਰ ਨੇ ਦੱਸਿਆ ਕਿ ਉਹਨਾਂ ਨੇ ਆਪਣੇ ਖਾਣੇ ਦੇ ਟੇਬਲ 'ਤੇ ਦੂਜੇ ਧਰਮਾਂ ਦੇ ਲੋਕਾਂ ਨੂੰ ਸਿੱਖ ਧਰਮ 'ਚ ਸੇਵਾ ਅਤੇ ਲੰਗਰ ਦੀ ਮਹੱਤਤਾ ਸੰਬੰਧੀ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦਰਬਾਰ ਸਾਹਿਬ, ਹਰਿਮੰਦਰ ਸਾਹਿਬ ਦੇ ਇਤਿਹਾਸ ਬਾਰੇ ਵੀ ਜਾਣਕਾਰੀ ਦਿੱਤੀ। ਇਸ ਮੌਕੇ 'ਤੇ ਬੋਲਦਿਆਂ ਅਸੀਸ ਕੌਰ ਨੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਵੱਖ-ਵੱਖ ਧਰਮਾਂ ਦੇ ਲੋਕਾਂ ਨੂੰ ਇਕੱਠਾ ਕੀਤਾ ਅਤੇ ਉਹਨਾਂ ਦੇ ਧਰਮ ਤੇ ਹੋਰ ਪਰੰਪਰਾਵਾਂ ਬਾਰੇ ਜਾਣਕਾਰੀ ਸਾਂਝੀ ਕਰਨ ਦਾ ਮੌਕਾ ਦਿੱਤਾ। ਸਿੱਖ ਭਾਈਚਾਰੇ ਦੇ ਮੈਂਬਰਾਂ ਵਿੱਚ ਡਾ: ਚਰਨਜੀਤ ਸਿੰਘ ਗੁਮਟਾਲਾ, ਅਵਤਾਰ ਸਿੰਘ ਸਪਰਿੰਗਫੀਲਡ, ਹਰਵਿੰਦਰ ਸਿੰਘ ਅਤੇ ਰਸਪ੍ਰੀਤ ਕੌਰ ਵੀ ਸ਼ਾਮਲ ਸਨ। ਇਹਨਾਂ ਸਾਰੇ ਮਹਿਮਾਨਾਂ ਨੇ ਚਰਚ ਵੀ ਦੇਖਿਆ ਜਿੱਥੇ ਉਹਨਾਂ ਨੂੰ ਰੇਵ। ਮੈਲਾਨੀ ਸਲੇਨ ਨੇ ਸਿਨਸਿਨੈਟੀ ਸਥਿਤ ਇਸ ਚਰਚ ਦੇ ਇਤਿਹਾਸ, ਹਫਤਾਵਾਰੀ ਪ੍ਰੋਗਰਾਮਾਂ 'ਚ ਬਾਈਬਲ ਤੋਂ ਦਿੱਤੇ ਜਾਂਦੇ ਉਪਦੇਸ਼ਾਂ ਬਾਰੇ ਜਾਣਕਾਰੀ ਦਿੱਤੀ। ਗਿਆਨ ਭਰਪੂਰ ਵਿਚਾਰ-ਵਟਾਂਦਰੇ ਤੋਂ ਇਲਾਵਾ, ਮੈਂਬਰਾਂ ਨੇ ਉੱਥੇ ਮੌਜੂਦ ਵਿਭਿੰਨ ਸਭਿਆਚਾਰਾਂ ਦੀ ਨੁਮਾਇੰਦਗੀ ਕਰਦੇ ਹੋਏ ਕਈ ਮੁਲਕਾਂ ਦੇ ਕਈ ਤਰ੍ਹਾਂ ਦੇ ਪਕਵਾਨਾਂ ਦਾ ਆਨੰਦ ਮਾਣਿਆ। **–ਸਮੀਪ ਸਿੰਘ ਗੁਮਟਾਲਾ**


CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

ਪੰਜਾਬੀ ਭਰਾਵਾਂ ਲਈ ਸੇਲ
ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ
ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



ਪੁਰਾਣੇ ਟਾਇਰਾਂ ਦੀ ਸੇਲ
ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

Used Tires American Brand $99 + Labor
Recap Truck Tire $ 249 + Labor
Recap Trailar Tires and Kind $ 199 + Labor

NEW & USED TIRES
WASH, LUBE, BRAKES

Call: 530-824-5134
LUCAS OIL LUCAS INJECTOR CLEANER $28.99
Call: 650-642-0697

3525 Highway 99, West Corning, CA 96021
Across the Street from TA Truck Stop

# ਭਾਰਤ ਨੂੰ ਜੈਵਲਿਨ, ਕੁਸ਼ਤੀ, ਬੈਡਮਿੰਟਨ, ਸ਼ੂਟਿੰਗ, ਹਾਕੀ ਅਤੇ ਮੁੱਕੇਬਾਜ਼ੀ ਵਿੱਚ ਤਗਮੇ ਮਿਲਣ ਦੀ ਸਭ ਤੋਂ ਵੱਧ ਉਮੀਦ

**ਜੈਵਲਿਨ ਥ੍ਰੋਅ–** ਟੋਕੀਓ ਓਲੰਪਿਕ 2021 ਵਿੱਚ ਨੀਰਜ ਚੋਪੜਾ ਨੇ ਸੋਨ ਤਗਮਾ ਜਿੱਤ ਕੇ ਇਤਿਹਾਸ ਰਚ ਦਿੱਤਾ ਸੀ। ਉਨ੍ਹਾਂ ਨੇ 87।58 ਮੀਟਰ ਦੀ ਦੂਰੀ 'ਤੇ ਜੈਵਲਿਨ ਸੁੱਟ ਕੇ ਸੋਨ ਤਗਮਾ ਹਾਸਲ ਕੀਤਾ। ਇਹ ਅਥਲੈਟਿਕਸ ਵਿੱਚ ਭਾਰਤ ਦਾ ਪਹਿਲਾ ਓਲੰਪਿਕ ਤਗਮਾ ਸੀ।

ਇਸ ਦੇ ਨਾਲ ਹੀ ਵਿਅਕਤੀਗਤ ਮੁਕਾਬਲਿਆਂ ਵਿੱਚ ਇਹ ਭਾਰਤ ਦਾ ਦੂਜਾ ਸੋਨ ਤਗਮਾ ਸੀ। ਭਾਰਤ ਲਈ ਪਹਿਲਾਂ ਵਿਅਕਤੀਗਤ ਸੋਨ ਤਗਮਾ ਸ਼ੂਟਿੰਗ ਵਿੱਚ ਅਭਿਨਵ ਬਿੰਦਰਾ ਨੇ 2008 ਦੇ ਬੀਜਿੰਗ ਓਲੰਪਿਕ ਵਿੱਚ ਹਾਸਲ ਕੀਤਾ ਸੀ।

ਇਸ ਵਾਰ ਵੀ ਭਾਰਤੀਆਂ ਦੀਆਂ ਨਜ਼ਰਾਂ ਨੀਰਜ ਚੋਪੜਾ 'ਤੇ ਟਿਕੀਆਂ ਹਨ। ਉਨ੍ਹਾਂ ਤੋਂ ਇਲਾਵਾ ਇਸ ਵਾਰ ਕਿਸ਼ੋਰ ਜੇਨਾ ਅਤੇ ਅੰਨੂ ਰਾਣੀ ਵੀ ਜੈਵਲਿਨ ਥ੍ਰੋਅ ਵਿੱਚ ਭਾਗ ਲੈ ਰਹੇ ਹਨ। 6 ਅਗਸਤ ਨੂੰ ਪੁਰਸ਼ਾਂ ਦੇ ਜੈਵਲਿਨ ਥ੍ਰੋ ਦਾ ਕੁਆਲੀਫਾਇੰਗ ਮੁਕਾਬਲਾ ਖੇਡਿਆ ਜਾਵੇਗਾ। ਉੱਥੇ ਹੀ ਔਰਤਾਂ ਦੇ ਜੈਵਲਿਨ ਥ੍ਰੋਅ ਦਾ ਕੁਆਲੀਫਾਇੰਗ ਮੁਕਾਬਲਾ 7 ਅਗਸਤ ਨੂੰ ਖੇਡਿਆ ਜਾਵੇਗਾ, ਜਿਸ ਵਿੱਚ ਅੰਨੂ ਰਾਣੀ ਹਿੱਸਾ ਲੈਣਗੇ। ਇਸ ਦੇ ਨਾਲ ਹੀ ਜੈਵਲਿਨ ਥ੍ਰੋਅ ਵਿੱਚ ਮਰਦਾਂ ਦਾ ਫਾਈਨਲ ਮੁਕਾਬਲਾ 8 ਅਗਸਤ ਨੂੰ ਹੋਵੇਗਾ ਅਤੇ ਔਰਤਾਂ ਦਾ ਫਾਈਨਲ ਮੁਕਾਬਲਾ 10 ਅਗਸਤ ਨੂੰ ਖੇਡਿਆ ਜਾਵੇਗਾ।

**ਪੈਦਲ ਚਾਲ (ਰੇਸ ਵਾਕ)–** ਮਹਿਲਾਵਾਂ ਵਿੱਚ ਪ੍ਰਿਯੰਕਾ ਗੋਸਵਾਮੀ ਅਤੇ ਪੁਰਸ਼ਾਂ ਵਿੱਚ ਅਕਸ਼ਦੀਪ ਸਿੰਘ, ਵਿਕਾਸ ਸਿੰਘ, ਪਰਮਜੀਤ ਬਿਸ਼ਟ ਅਤੇ ਰਾਮ ਬਾਬੂ 20 ਕਿਲੋਮੀਟਰ ਪੈਦਲ ਚਾਲ ਮੁਕਾਬਲੇ ਵਿੱਚ ਹਿੱਸਾ ਲੈਣਗੇ। ਇਹ ਮੁਕਾਬਲੇ 1 ਅਗਸਤ ਨੂੰ ਹੋਣਗੇ।

**ਪੈਦਲ ਚਾਲ (ਰੇਸ ਵਾਕ)–** ਮਹਿਲਾਵਾਂ ਵਿੱਚ ਪ੍ਰਿਯੰਕਾ ਗੋਸਵਾਮੀ ਅਤੇ ਪੁਰਸ਼ਾਂ ਵਿੱਚ ਅਕਸ਼ਦੀਪ ਸਿੰਘ, ਵਿਕਾਸ ਸਿੰਘ, ਪਰਮਜੀਤ ਬਿਸ਼ਟ ਅਤੇ ਰਾਮ ਬਾਬੂ 20 ਕਿਲੋਮੀਟਰ ਪੈਦਲ ਚਾਲ ਮੁਕਾਬਲੇ ਵਿੱਚ ਹਿੱਸਾ ਲੈਣਗੇ। ਇਹ ਮੁਕਾਬਲੇ 1 ਅਗਸਤ ਨੂੰ ਹੋਣਗੇ।

**ਰਿਲੇਅ ਰੇਸ–** 4/400 ਮੀਟਰ ਰਿਲੇਅ ਰੇਸ ਵਿੱਚ ਔਰਤਾਂ ਆਏ ਮਰਦਾਂ ਦੇ ਕੁਆਲੀਫਾਇੰਗ ਮੁਕਾਬਲੇ 9 ਅਗਸਤ ਨੂੰ ਹੋਣਗੇ। ਮਰਦਾਂ ਟੀਮ ਵਿੱਚ ਮੁਹੰਮਦ ਅਨਸ, ਮੁਹੰਮਦ ਅਜਮਲ, ਰਾਜੀਵ ਅਰੋਕਿਆ ਅਤੇ ਅਮੋਜ ਜੈਕਬ ਹਿੱਸਾ ਲੈ ਰਹੇ ਹਨ। ਉੱਧਰ ਔਰਤਾਂ ਦੀ ਟੀਮ ਵਿੱਚ ਜੋਤਿਕਾ ਸ਼੍ਰੀ ਦਾਂਡੀ, ਰੁਪਲ ਸੁਭਾ ਵੈਂਕਟੇਸ਼ਨ ਅਤੇ ਪੂਵੱਮਾ ਐਮਆਰ ਹਿੱਸਾ ਲੈਣਗੇ। 10 ਅਗਸਤ ਨੂੰ ਰਿਲੇਅ ਰੇਸ ਦਾ ਫਾਈਨਲ ਮੁਕਾਬਲਾ ਖੇਡਿਆ ਜਾਵੇਗਾ।

**ਵੇਟਲਿਫਟਿੰਗ–** 49 ਕਿੱਲੋਗ੍ਰਾਮ ਭਾਰ ਵਰਗ ਦੇ ਵੇਟਲਿਫਟਿੰਗ ਮੁਕਾਬਲੇ ਵਿੱਚ ਮੀਰਾਬਾਈ ਚਾਨੂ ਤੋਂ ਵਧੇਰੇ ਉਮੀਦ ਹੈ ਕਿ ਉਹ ਭਾਰਤ ਲਈ ਤਗਮਾ ਜਿੱਤਣਗੇ। ਟੋਕੀਓ ਓਲੰਪਿਕ ਵਿੱਚ ਉਨ੍ਹਾਂ ਨੇ ਕੁੱਲ 201 ਕਿੱਲੋਗ੍ਰਾਮ ਭਾਰ ਚੁੱਕ ਕੇ ਚਾਂਦੀ ਦਾ ਤਗਮਾ ਜਿੱਤਿਆ ਸੀ। ਵੇਟਲਿਫਟਿੰਗ ਦਾ ਮੁਕਾਬਲਾ 7 ਅਗਸਤ ਨੂੰ ਖੇਡਿਆ ਜਾਵੇਗਾ।

**ਬੈਡਮਿੰਟਨ–** ਬੈਡਮਿੰਟਨ ਦੇ ਔਰਤਾਂ ਦੇ ਸਿੰਗਲਜ਼ ਮੁਕਾਬਲੇ ਵਿੱਚ ਭਾਰਤ ਦੀ ਸਟਾਰ ਖਿਡਾਰਨ ਪੀਵੀ ਸਿੰਧੂ ਤੋਂ ਵੀ ਭਾਰਤ ਲਈ ਤਗਮਾ ਜਿੱਤਣ ਦੀ ਵੱਡੀ ਉਮੀਦ ਹੈ। ਸਿੰਧੂ ਨੇ 2016 ਵਿੱਚ ਰਿਓ ਓਲੰਪਿਕ ਖੇਡਾਂ ਵਿੱਚ ਚਾਂਦੀ ਦਾ ਤਗਮਾ ਅਤੇ 2021 ਦੀਆਂ ਟੋਕੀਓ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤਿਆ ਸੀ। ਮਰਦਾਂ ਦੇ ਸਿੰਗਲਜ਼ ਵਿੱਚ ਐਸਐਸ ਪ੍ਰਣਾਏ ਅਤੇ ਲਕਸ਼ੇ ਸੇਨ ਭਾਰਤ ਵੱਲੋਂ ਮੁਕਾਬਲਾ ਕਰਨਗੇ।

**ਕੁਸ਼ਤੀ–** ਕੁਸ਼ਤੀ ਵਿੱਚ ਭਾਰਤ ਵੱਲੋਂ ਔਰਤਾਂ ਦੇ ਵਰਗ ਵਿੱਚ ਅੰਤਿਮ ਪੰਘਾਲ (53 ਕਿੱਲੋ), ਵਿਨੇਸ਼ ਫੋਗਾਟ (50 ਕਿੱਲੋ), ਅੰਸ਼ੂ ਮਲਿਕ (57 ਕਿੱਲੋ), ਰੀਤਿਕਾ ਹੁੱਡਾ (76 ਕਿੱਲੋ) ਅਤੇ ਨਿਸ਼ਾ ਦਹੀਆ (68 ਕਿੱਲੋ) ਭਾਗ ਲੈਣਗੀਆਂ। ਮਰਦਾਂ ਦੇ ਮੁਕਾਬਲਿਆਂ ਵਿੱਚੋਂ ਭਾਰਤ ਵੱਲੋਂ ਅਮਨ ਸਹਿਰਾਵਤ 57 ਕਿੱਲੋ ਫ੍ਰੀਸਟਾਈਲ ਵਰਗ ਵਿੱਚ ਹਿੱਸਾ ਲੈਣਗੇ। ਕੁਸ਼ਤੀ ਦੇ ਇਹ ਮੁਕਾਬਲੇ 5 ਅਗਸਤ ਤੋਂ 11 ਅਗਸਤ ਦੇ ਵਿਚਕਾਰ ਖੇਡੇ ਜਾਣਗੇ।

**ਹਾਕੀ–** ਭਾਰਤੀ ਔਰਤਾਂ ਹਾਕੀ ਟੀਮ ਇਸ ਵਾਰ ਓਲੰਪਿਕ ਲਈ ਕੁਆਲੀਫਾਈ ਨਹੀਂ ਕਰ ਸਕੀ। ਪਰ ਮਰਦਾਂ ਦੀ ਹਾਕੀ ਟੀਮ ਓਲੰਪਿਕ ਖੇਡਾਂ 'ਚ ਮੁਕਾਬਲੇ ਲਈ ਤਿਆਰ ਹੈ।ਭਾਰਤੀ ਮਰਦਾਂ ਦੀ ਹਾਕੀ ਟੀਮ ਪੂਲ ਬੀ ਗਰੁੱਪ ਵਿੱਚ ਹੈ। 1 ਅਗਸਤ ਨੂੰ ਬੈਲਜੀਅਮ ਅਤੇ 2 ਅਗਸਤ ਨੂੰ ਆਸਟ੍ਰੇਲੀਆ ਖ਼ਿਲਾਫ਼ ਮੁਕਾਬਲਾ ਖੇਡੇਗਾ।

4 ਅਗਸਤ ਨੂੰ ਮਰਦਾਂ ਦੀ ਹਾਕੀ ਦਾ ਕੁਆਟਰਫਾਈਨਲ, 6 ਅਗਸਤ ਨੂੰ ਸੈਮੀਫਾਈਨਲ ਅਤੇ 8 ਅਗਸਤ ਨੂੰ ਫਾਈਨਲ ਮੈਚ ਖੇਡਿਆ ਜਾਵੇਗਾ।

**ਮੁੱਕੇਬਾਜ਼ੀ (ਬਾਕਸਿੰਗ)–** ਮੁੱਕੇਬਾਜ਼ੀ ਵਿੱਚ ਔਰਤਾਂ ਦੇ ਮੁਕਾਬਲੇ 'ਚ ਭਾਰਤ ਵੱਲੋਂ ਨਿਖਿਤ ਜ਼ਰੀਨ (50 ਕਿੱਲੋ), ਪ੍ਰੀਤੀ ਪਵਾਰ (54 ਕਿੱਲੋ), ਜੈਸਮੀਨ ਲੰਬੋਰੀਆ (57 ਕਿੱਲੋ) ਅਤੇ ਲਵਲੀਨਾ ਬੋਰਘੇਨ (75 ਕਿੱਲੋ) ਭਾਗ ਲੈਣਗੀਆਂ। ਮਰਦਾਂ ਦੇ ਮੁਕਾਬਲਿਆਂ 'ਚ ਭਾਰਤ ਵੱਲੋਂ ਨਿਸ਼ਾਂਤ ਦੇਵ (71 ਕਿੱਲੋ) ਅਤੇ ਅਮਿਤ ਪੰਘਾਲ (51 ਕਿੱਲੋ) ਭਾਗ ਲੈਣਗੇ।

**ਗੌਲਫ਼–** ਗੌਲਫ਼ ਦੇ ਔਰਤਾਂ ਦੇ ਮੁਕਾਬਲੇ 'ਚ ਭਾਰਤ ਵੱਲੋਂ ਅਦਿਤੀ ਅਸ਼ੋਕ ਅਤੇ ਦਿਕਸ਼ਾ ਡਾਗਰ ਭਾਗ ਲੈ ਰਹੀਆਂ ਹਨ। ਮਰਦਾਂ ਵਿੱਚੋਂ ਸ਼ੁਭਾਂਕਰ ਸ਼ਰਮਾ ਅਤੇ ਗਗਨਜੀਤ ਸਿੰਘ ਭੁੱਲਰ ਭਾਗ ਲੈਣਗੇ। ਪੁਰਸ਼ਾਂ ਦੇ ਮੁਕਾਬਲੇ 1 ਅਗਸਤ ਅਤੇ ਮਹਿਲਾਵਾਂ ਦੇ ਮੁਕਾਬਲੇ 7 ਅਗਸਤ ਤੋਂ ਖੇਡੇ ਜਾਣਗੇ। ਭਾਰਤ ਦੀਆਂ ਨਜ਼ਰਾਂ ਅਦਿਤੀ ਅਸ਼ੋਕ 'ਤੇ ਹੋਣਗੀਆਂ।

**ਤੀਰਅੰਦਾਜ਼ੀ (ਆਰਚਰੀ)–** ਤੀਰਅੰਦਾਜ਼ੀ ਵਿੱਚ ਮਰਦਾਂ ਦੇ ਸਿੰਗਲਜ਼ ਮੁਕਾਬਲੇ ਵਿੱਚ ਧੀਰਜ ਬੋਮਾਦੇਵਰਾ, ਤਰੁਣਦੀਪ ਰਾਏ, ਪ੍ਰਵੀਨ ਜਾਧਵ ਭਾਗ ਲੈਣਗੇ। ਔਰਤਾਂ ਦੇ ਸਿੰਗਲਜ਼ ਮੁਕਾਬਲੇ 'ਚ ਭਜਨ ਕੌਰ, ਦੀਪਿਕਾ ਕੁਮਾਰੀ ਅਤੇ ਅੰਕਿਤਾ ਭਗਤ ਆਪਣੀ ਕਿਸਮਤ ਅਜ਼ਮਾਉਣਗੀਆਂ। ਇਹ ਮੁਕਾਬਲੇ 25 ਜੁਲਾਈ ਤੋਂ ਖੇਡੇ ਜਾਣਗੇ।

**ਨਿਸ਼ਾਨੇਬਾਜ਼ੀ (ਸ਼ੂਟਿੰਗ)–** 10 ਮੀਟਰ ਏਅਰ ਰਾਇਫਲ ਸ਼ੂਟਿੰਗ ਵਿੱਚ ਭਾਰਤ ਵੱਲੋਂ ਮਰਦਾਂ 'ਚੋਂ ਸੰਦੀਪ ਸਿੰਘ, ਅਰਜੁਨ ਬਬੂਟਾ ਅਤੇ ਔਰਤਾਂ ਵਿੱਚੋਂ ਏਲਵੇਨਿਲ ਵਾਲਾਰਿਵਨ ਅਤੇ ਰਮਿਤਾ ਜਿੰਦਲ ਭਾਗ ਲੈ ਰਹੇ ਹਨ।

ਨਿਸ਼ਾਨੇਬਾਜ਼ੀ ਦੇ ਇਹ ਮੁਕਾਬਲੇ 27, 28 ਅਤੇ 29 ਜੁਲਾਈ ਨੂੰ ਸਵੇਰੇ 9 ਵਜੇ ਤੋਂ ਸ਼ੁਰੂ ਹੋ ਜਾਣਗੇ। ਟ੍ਰੈਪ ਸ਼ੂਟਿੰਗ ਦੇ ਮਰਦ ਵਰਗ 'ਚ ਪ੍ਰਿਥਵੀਰਾਜ ਤੋਂਡਾਈਮਾਨ ਅਤੇ ਔਰਤ ਵਰਗ 'ਚ ਰਾਜੇਸ਼ਵਰੀ ਕੁਮਾਰੀ ਅਤੇ ਸ਼੍ਰੇਅਸੀ ਸਿੰਘ ਭਾਗ ਲੈਣਗੇ। ਟ੍ਰੈਪ ਸ਼ੂਟਿੰਗ ਦੇ ਇਹ ਮੁਕਾਬਲੇ 29, 30 ਅਤੇ 31 ਜੁਲਾਈ ਨੂੰ ਹੋਣਗੇ।

# ਮੈਡਲ ਦੀ ਚਾਬੀ ਨਾਲ ਖੁੱਲ੍ਹਦਾ ਹੈ ਮਨੂ ਦੇ ਘਰ ਦਾ ਦਰਵਾਜ਼ਾ

ਕਿਹਾ ਜਾਂਦਾ ਹੈ ਕਿ ਮੈਡਲ ਦੀ ਚਾਬੀ ਨਾਲ ਹੀ ਮਨੂ ਦੇ ਘਰ ਦਾ ਦਰਵਾਜ਼ਾ ਖੁੱਲ੍ਹਦਾ ਹੈ। ਮੈਚ ਖਤਮ ਹੋਣ ਤੱਕ ਘਰ ਅੰਦਰੋਂ ਬੰਦ ਹੈ। ਖਾਸ ਗੱਲ ਇਹ ਹੈ ਕਿ ਗੁਆਂਢੀਆਂ ਨੂੰ ਵੀ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ। ਮਨੂ ਦੀ ਮਾਂ ਨੇ ਦੱਸਿਆ ਕਿ ਜਦੋਂ ਵੀ ਮਨੂ ਦਾ ਮੈਚ ਹੁੰਦਾ ਹੈ ਤਾਂ ਪਰਿਵਾਰ ਵਾਲੇ ਘਰ ਨੂੰ ਤਾਲਾ ਲਗਾ ਦਿੰਦੇ ਹਨ... ਮੈਚ ਦਾ ਨਤੀਜਾ ਆਉਣ 'ਤੇ ਹੀ ਘਰ ਦਾ ਦਰਵਾਜ਼ਾ ਖੁੱਲ੍ਹਦਾ ਹੈ। ਆਂਢ-ਗੁਆਂਢ ਨੂੰ ਵੀ ਪਤਾ ਨਹੀਂ ਹੁੰਦਾ ਕਿ ਮੈਚ ਦੌਰਾਨ ਘਰ ਵਿੱਚ ਕੀ ਹੋ ਰਿਹਾ ਹੈ। ਭਾਰਤੀ ਨਿਸ਼ਾਨੇਬਾਜ਼ ਮਨੂ ਭਾਕਰ ਦੇ ਕਾਂਸੀ ਦਾ ਤਗਮਾ ਜਿੱਤਣ 'ਤੇ ਉਸ ਦੀ ਮਾਂ ਸੁਮੇਧਾ ਭਾਕਰ ਨੇ ਕਿਹਾ, "ਬਹੁਤ ਖੁਸ਼.. ਮੈਂ ਦੋਵੇਂ ਬੱਚਿਆਂ (ਮਨੂੰ ਭਾਕਰ ਅਤੇ ਸਰਬਜੋਤ ਸਿੰਘ) ਲਈ ਖੁਸ਼ ਹਾਂ। ਪ੍ਰਮਾਤਮਾ ਨੇ ਅੱਜ ਸਭ ਕੁਝ ਸਫਲ ਕੀਤਾ।"





**ਸਵੇਰੇ ਹੀ ਕਰ ਲਿਆ ਸੀ ਘਰ ਦਾ ਕੰਮ**

ਮਨੂ ਭਾਕਰ ਦੀ ਮਾਂ ਸੁਮੇਧਾ ਨੇ ਦੱਸਿਆ ਕਿ ਉਹ ਅੱਜ ਸਵੇਰੇ ਹੀ ਘਰ ਦਾ ਸਾਰਾ ਕੰਮ ਕਰ ਗਈ ਸੀ। ਉਦੋਂ ਤੋਂ ਉਹ ਅਤੇ ਪਰਿਵਾਰ ਦੇ ਸਾਰੇ ਮੈਂਬਰ ਭਗਵਾਨ ਹਨੂੰਮਾਨ ਜੀ ਦੀ ਭਗਤੀ ਵਿੱਚ ਮਗਨ ਸਨ। ਨੇ ਦੱਸਿਆ ਕਿ ਟੋਕੀਓ ਓਲੰਪਿਕ 'ਚ ਮੰਗਲਵਾਰ ਨੂੰ ਹੀ ਮਨੂ ਦੀ ਪਿਸਤੌਲ ਖਰਾਬ ਹੋ ਗਈ ਸੀ। ਪਰ ਅੱਜ ਵੀ ਮੰਗਲਵਾਰ ਹੈ, ਇਸ ਲਈ ਅੱਜ ਦਾ ਦਿਨ ਸਾਡੇ ਅਤੇ ਭਗਵਾਨ ਹਨੂੰਮਾਨ ਜੀ ਲਈ ਪ੍ਰੀਖਿਆ ਦਾ ਦਿਨ ਸੀ। ਪਰ ਹਨੂੰਮਾਨ ਜੀ ਨੇ ਮਨੂ ਨੂੰ ਜੋ ਸ਼ਕਤੀ ਦਿੱਤੀ, ਉਹ ਸ਼ਲਾਘਾਯੋਗ ਹੈ।

**ਮਨੂ ਦੀ ਮਾਂ ਨੇ ਰੱਬ ਦੀ ਸ਼ਕਤੀ ਕੀਤੀ ਮਹਿਸੂਸ**

ਮਨੂ ਦੀ ਮਾਂ ਦੱਸਦੀ ਹੈ ਕਿ ਮੈਂ ਇਸ ਸੰਸਾਰ ਵਿੱਚ ਰੱਬ ਦੀ ਸ਼ਕਤੀ ਨੂੰ ਮਹਿਸੂਸ ਕੀਤਾ ਹੈ। ਅੱਜ ਉਸੇ ਦਾ ਨਤੀਜਾ ਹੈ ਕਿ ਪ੍ਰਮਾਤਮਾ ਨੇ ਮਨੂ ਨੂੰ ਇਸ ਸਥਾਨ 'ਤੇ ਲਿਆਂਦਾ ਹੈ। ਉਨ੍ਹਾਂ ਦੱਸਿਆ ਕਿ ਮੈਂ, ਮੇਰਾ ਪਤੀ ਅਤੇ ਬੇਟਾ ਹਮੂਮਾਨ ਜੀ ਦੇ ਸ਼ਰਧਾਲੂ ਹਾਂ। ਅਸੀਂ ਤਿੰਨੋਂ ਹਨੂੰਮਾਨ ਜੀ ਦੀ ਭਗਤੀ ਵਿੱਚ ਮਗਨ ਰਹਿੰਦੇ ਹਾਂ।

**ਮਨੂ ਦੀ ਮਾਂ ਜਨਵਰੀ ਤੋਂ ਤਪੱਸਿਆ ਕਰ ਰਹੀ ਸੀ**

ਸੁਮੇਧਾ ਭਾਕਰ ਦੱਸਦੀ ਹੈ ਕਿ ਜਦੋਂ ਤੋਂ ਮਨੂ ਨੇ ਮੁਕੱਦਮਾ ਚਲਾਇਆ ਹੈ, ਮੈਂ ਤਪੱਸਿਆ ਵਿੱਚ ਰੁੱਝੀ ਹੋਈ ਹਾਂ। ਨੇ ਦੱਸਿਆ ਕਿ ਜਨਵਰੀ ਤੋਂ ਮੈਂ ਹਰ ਰੋਜ਼ ਸਵੇਰੇ 4।30 ਵਜੇ ਉੱਠ ਕੇ ਤਪੱਸਿਆ ਕਰਦਾ ਹਾਂ। ਸਮੇਧਾ ਦੱਸਦੀ ਹੈ ਕਿ ਮੈਂ ਭਗਵਾਨ ਨੂੰ ਕਿਹਾ ਸੀ ਕਿ ਭਾਵੇਂ ਮੈਨੂੰ ਗਰਮ ਕੋਲਿਆਂ 'ਤੇ ਚੱਲਣਾ ਪਵੇ, ਇਸ ਵਾਰ ਮੇਰੀ ਬੇਟੀ ਨੂੰ ਨਿਰਾਸ਼ ਨਾ ਕਰੋ। ਪਰ ਅੱਜ ਉਹ ਤਪੱਸਿਆ ਸਫਲ ਹੋ ਗਈ ਹੈ।

**ਮੇਰੀ ਧੀ ਦੀ ਜਿੱਤ 'ਤੇ ਇੰਨੀ ਖੁਸ਼ੀ ਸੀ ਕਿ..**

ਮਨੂ ਭਾਕਰ ਦੀ ਮਾਂ ਦਾ ਕਹਿਣਾ ਹੈ ਕਿ ਜਿਵੇਂ ਹੀ ਮੇਰੇ ਬੇਟੇ ਨੇ ਮੈਨੂੰ ਦੱਸਿਆ ਕਿ ਮਨੂ ਜਿੱਤ ਗਿਆ ਹੈ, ਮੈਂ ਇੰਨੀ ਖੁਸ਼ ਹੋਈ ਕਿ ਮੈਂ ਸੋਚਿਆ ਕਿ ਸ਼ਾਇਦ ਮੇਰਾ ਦਿਲ ਬੰਦ ਹੋ ਗਿਆ ਹੈ। ਫਿਰ ਮੈਂ ਆਪਣੇ ਪਤੀ ਨੂੰ ਪਾਣੀ ਦੇਣ ਲਈ ਕਿਹਾ। ਉਸ ਨੇ ਦੱਸਿਆ ਕਿ ਮੈਂ ਦੋਵਾਂ ਬੱਚਿਆਂ ਦੀ ਜਿੱਤ ਤੋਂ ਬਾਅਦ ਆਪਣੀ ਡਾਇਰੀ ਵਿੱਚ ਬਹੁਤ ਕੁਝ ਲਿਖਿਆ ਹੈ।

**ਸੁਮੇਧਾ ਨੇ ਕਦੇ ਬੱਚਿਆਂ ਨੂੰ ਟੀਵੀ 'ਤੇ ਖੇਡਦੇ ਨਹੀਂ ਦੇਖਿਆ**

ਮਨੂ ਭਾਕਰ ਦੀ ਮਾਂ ਨੇ ਕਿਹਾ ਕਿ ਉਸ ਨੇ ਕਦੇ ਵੀ ਆਪਣੇ ਬੱਚਿਆਂ ਨੂੰ ਟੀਵੀ 'ਤੇ ਖੇਡਦੇ ਨਹੀਂ ਦੇਖਿਆ ਹੈ। ਉਸ ਨੇ ਦੱਸਿਆ ਕਿ ਜਦੋਂ ਵੀ ਮੇਰੇ ਬੱਚੇ ਦੇਸ਼ ਲਈ ਖੇਡਦੇ ਹਨ ਤਾਂ ਮੈਂ ਇਕਾਂਤ ਵਿਚ ਬੈਠ ਕੇ ਉਨ੍ਹਾਂ ਲਈ ਪ੍ਰਾਰਥਨਾ ਕਰਦੀ ਹਾਂ। ਅੱਜ ਦੋਵੇਂ ਬੱਚਿਆਂ ਦੀ ਜਿੱਤ 'ਤੇ ਉਹ ਬਹੁਤ ਖੁਸ਼ ਹਨ।

ਇਸ ਦੇ ਨਾਲ ਹੀ ਮਨੂ ਭਾਕਰ ਦੇ ਮਾਤਾ-ਪਿਤਾ ਕਰਨੀ ਸਿੰਘ ਸ਼ੂਟਿੰਗ ਰੇਂਜ ਪਹੁੰਚ ਗਏ ਹਨ, ਜਿੱਥੇ ਸਾਰਿਆਂ ਨੇ ਉਨ੍ਹਾਂ ਨੂੰ ਵਧਾਈ ਦਿੱਤੀ। ਇਸ ਦੌਰਾਨ ਸਾਰਿਆਂ ਨੇ ਇੱਕ ਦੂਜੇ ਨੂੰ ਮਠਿਆਈਆਂ ਖਿਲਾ ਕੇ ਵਧਾਈ ਦਿੱਤੀ। ਮਨੂ ਭਾਕਰ ਦੀ ਜਿੱਤ 'ਤੇ ਪੂਰੇ ਸ਼ਹਿਰ 'ਚ ਖੁਸ਼ੀ ਦਾ ਮਾਹੌਲ ਹੈ।

ਮਨੂ ਭਾਕਰ ਨੇ ਇਹ ਤਮਗਾ ਜਿੱਤਿਆ ਹੈ। ਮਨੂ ਭਾਕਰ ਨੇ 124 ਸਾਲ ਪੁਰਾਣੇ ਰਿਕਾਰਡ ਦੀ ਬਰਾਬਰੀ ਕਰ ਲਈ ਹੈ। ਦਰਅਸਲ ਮਨੂ ਭਾਕਰ ਤੋਂ ਪਹਿਲਾਂ ਭਾਰਤੀ ਖਿਡਾਰੀ ਨਾਰਮਨ ਪ੍ਰਿਚਰਡ ਨੇ 1900 ਓਲੰਪਿਕ ਵਿੱਚ 200 ਮੀਟਰ ਸਪ੍ਰਿੰਟ ਅਤੇ 200 ਮੀਟਰ ਅੜਿੱਕਾ ਦੌੜ ਵਿੱਚ ਚਾਂਦੀ ਦਾ ਤਗ਼ਮਾ ਜਿੱਤਿਆ ਸੀ।

ਤੁਹਾਨੂੰ ਦੱਸ ਦੇਈਏ ਕਿ ਉਸ ਸਮੇਂ ਬ੍ਰਿਟਿਸ਼ ਰਾਜ ਸੀ ਪਰ ਆਜ਼ਾਦੀ ਤੋਂ ਬਾਅਦ ਮਨੂ ਭਾਕਰ ਇੱਕ ਓਲੰਪਿਕ ਵਿੱਚ ਦੋ ਤਗਮੇ ਜਿੱਤਣ ਵਾਲੀ ਪਹਿਲੀ ਭਾਰਤੀ ਖਿਡਾਰਨ ਬਣ ਗਈ ਹੈ। ਇਸ ਤੋਂ ਪਹਿਲਾਂ ਮਨੂ ਨੇ ਐਤਵਾਰ ਨੂੰ ਇਸੇ ਈਵੈਂਟ ਦੇ ਸਿੰਗਲਜ਼ ਮੁਕਾਬਲੇ ਵਿੱਚ ਕਾਂਸੀ ਤਮਗਾ ਜਿੱਤਿਆ ਸੀ। ਭਾਰਤ ਨੇ ਕੋਰੀਆ ਨੂੰ 16-10 ਨਾਲ ਹਰਾ ਕੇ ਇਹ ਤਮਗਾ ਜਿੱਤਿਆ।

## ਮਨੂ ਨੇ ਦੂਜਾ ਤ਼ਗਮਾ ਜਿੱਤ ਕੇ ਰਚਿਆ ਇਤਿਹਾਸ

(ਸਫਾ 1 ਦੀ ਬਾਕੀ)

ਮੁਕਾਬਲੇ ਵਿੱਚ ਕਾਂਸੇ ਦਾ ਤਗ਼ਮਾ ਜਿੱਤਣ ’ਤੇ ਵਧਾਈ ਦਿੱਤੀ ਹੈ। ਰਾਸ਼ਟਰਪਤੀ ਮੁਰਮੂ ਨੇ ਐਕਸ ’ਤੇ ਕਿਹਾ, ‘‘ਮਨੂ ਭਾਕਰ ਨੇ ਇਤਿਹਾਸ ਰਚ ਦਿੱਤਾ ਹੈ। ਉਹ ਇੱਕ ਹੀ ਓਲੰਪਿਕ ’ਚ ਦੋ ਤ਼ਗਮੇ ਜਿੱਤਣ ਵਾਲੀ ਭਾਰਤ ਦੀ ਪਹਿਲੀ ਨਿਸ਼ਾਨੇਬਾਜ਼ ਬਣ ਗਈ ਹੈ। ਮੈਂ ਉਸ ਨੂੰ ਅਤੇ ਸਰਬਜੋਤ ਸਿੰਘ ਨੂੰ ਭਵਿੱਖ ਵਿੱਚ ਹੋਰ ਪ੍ਰਾਪਤੀਆਂ ਲਈ ਸ਼ੁਭਕਾਮਨਾਵਾਂ ਦਿੰਦੀ ਹਾਂ।’’ ਪ੍ਰਧਾਨ ਮੰਤਰੀ ਮੋਦੀ ਨੇ ਐਕਸ ’ਤੇ ਕਿਹਾ, ‘‘ਸਾਡੇ ਨਿਸ਼ਾਨੇਬਾਜ਼ ਸਾਡਾ ਮਾਣ ਵਧਾਉਂਦੇ ਜਾ ਰਹੇ ਹਨ। ਭਾਰਤ ਬਹੁਤ ਖੁਸ਼ ਹੈ।’’ ਇਸੇ ਤਰ੍ਹਾਂ ਖੇਡ ਮੰਤਰੀ ਮਨਸੁਖ ਮਾਂਡਵੀਆ, ਸਾਬਕਾ ਖੇਡ ਮੰਤਰੀ ਕਿਰਨ ਰਿਜਿਜੂ ਅਤੇ ਰਾਜਵਰਧਨ ਸਿੰਘ ਰਾਠੌਰ, ਕੌਮਾਂਤਰੀ ਓਲੰਪਿਕ ਕਮੇਟੀ (ਆਈਓਸੀ) ਦੀ ਮੈਂਬਰ ਅਤੇ ਰਿਲਾਇੰਸ ਫਾਊਂਡੇਸ਼ਨ ਦੀ ਚੇਅਰਪਰਸਨ ਨੀਤਾ ਅੰਬਾਨੀ, ਨਿਸ਼ਾਨੇਬਾਜ਼ੀ ਵਿੱਚ ਸੋਨ ਤਗ਼ਮਾ ਜੇਤੂ ਅਭਿਨਵ ਬਿੰਦਰਾ, ਲੰਡਨ ਓਲੰਪਿਕ ’ਚ ਕਾਂਸੇ ਦਾ ਤਗ਼ਮਾ ਜੇਤੂ ਪਹਿਲਵਾਨ ਯੋਗੇਸ਼ਵਰ ਦੱਤ, ਭਾਰਤੀ ਕ੍ਰਿਕਟ ਕੋਚ ਗੌਤਮ ਗੰਭੀਰ, ਭਾਰਤੀ ਕ੍ਰਿਕਟ ਬੋਰਡ ਦੇ ਜਨਰਲ ਸਕੱਤਰ ਜੈ ਸ਼ਾਹ ਅਤੇ ਮਹਿਲਾ ਕ੍ਰਿਕਟ ਟੀਮ ਦੀ ਸਾਬਕਾ ਕਪਤਾਨ ਮਿਤਾਲੀ ਰਾਜ ਨੇ ਵੀ ਦੋਵਾਂ ਨਿਸ਼ਾਨੇਬਾਜ਼ਾਂ ਨੂੰ ਵਧਾਈ ਦਿੱਤੀ ਹੈ।

# ਸਰਬਜੋਤ ਸਿੰਘ ਬਣਨਾ ਚਾਹੁੰਦਾ ਸੀ ਫੁੱਟਬਾਲਰ, ਬਣ ਗਿਆ ਸ਼ੂਟਰ

ਹਰ ਖਿਡਾਰੀ ਦਾ ਸੁਪਨਾ ਆਪਣੇ ਕਰੀਅਰ ਵਿੱਚ ਓਲੰਪਿਕ ਤਮਗਾ ਜਿੱਤਣਾ ਹੁੰਦਾ ਹੈ। ਕਈ ਖਿਡਾਰੀ ਇਸ ਵਿਚ ਸਫਲ ਹੁੰਦੇ ਹਨ ਜਦਕਿ ਕਈ ਖਿਡਾਰੀ ਨਿਰਾਸ਼ ਮਹਿਸੂਸ ਕਰਦੇ ਹਨ। ਭਾਰਤੀ



ਨਿਸ਼ਾਨੇਬਾਜ਼ ਸਰਬਜੋਤ ਸਿੰਘ ਉਨ੍ਹਾਂ ਖਿਡਾਰੀਆਂ ਵਿੱਚੋਂ ਇੱਕ ਹੈ ਜਿਨ੍ਹਾਂ ਨੇ ਆਪਣਾ ਸੁਪਨਾ ਪੂਰਾ ਕੀਤਾ। ਸਰਬਜੋਤ ਨੇ ਮਨੂ ਭਾਕਰ ਨਾਲ ਮਿਲ ਕੇ ਮੰਗਲਵਾਰ ਨੂੰ 10 ਮੀਟਰ ਏਅਰ ਪਿਸਟਲ ਮਿਕਸਡ ਟੀਮ ਮੁਕਾਬਲੇ ਵਿੱਚ ਕਾਂਸੀ ਦਾ ਮੈਡਲ ਜਿੱਤਿਆ। ਸਰਬਜੋਤ ਸਿੰਘ ਉਨ੍ਹਾਂ ਨਿਸ਼ਾਨੇਬਾਜ਼ਾਂ ਵਿੱਚ ਸ਼ਾਮਲ ਹੋ ਗਿਆ ਹੈ, ਜਿਨ੍ਹਾਂ ਨੇ ਭਾਰਤ ਲਈ ਓਲੰਪਿਕ ਮੈਡਲ ਜਿੱਤੇ ਹਨ। ਪਰ ਸ਼ੂਟਿੰਗ ਸਰਬਜੋਤ ਦਾ ਪਹਿਲਾ ਪਿਆਰ ਨਹੀਂ ਸੀ। ਉਸਦਾ ਪਹਿਲਾ ਪਿਆਰ ਫੁੱਟਬਾਲ ਸੀ। ਪਰ 13 ਸਾਲ ਦੀ ਉਮਰ ਵਿੱਚ ਅਚਾਨਕ ਉਸਦਾ ਮਨ ਬਦਲ ਗਿਆ ਅਤੇ ਸਰਬਜੋਤ ਦਾ ਸ਼ੂਟਿੰਗ ਲਈ ਪਿਆਰ ਉਸਦੇ ਦਿਲ ਵਿੱਚ ਜਾਗ ਗਿਆ।

ਮੈਡਲ ਜਿੱਤਣ ਤੋਂ ਬਾਅਦ ਸਪੋਰਟਸ ਅਥਾਰਟੀ ਆਫ ਇੰਡੀਆ (ਸਾਈ) ਵੱਲੋਂ ਸਰਬਜੋਤ ਸਿੰਘ ਬਾਰੇ ਜਾਰੀ ਕੀਤੀ ਗਈ ਜਾਣਕਾਰੀ ਮੁਤਾਬਕ ਸਰਬਜੋਤ ਫੁੱਟਬਾਲਰ ਬਣਨਾ ਚਾਹੁੰਦਾ ਸੀ ਪਰ ਜਦੋਂ ਉਹ 13 ਸਾਲ ਦਾ ਸੀ ਤਾਂ ਉਸ ਨੇ ਕੁਝ ਬੱਚਿਆਂ ਨੂੰ ਏਅਰ ਗਨ ਚਲਾਉਂਦੇ ਦੇਖਿਆ। ਇਹ ਖੇਡ ਉਸ ਦੇ ਮਨ ਵਿਚ ਵਸ ਗਈ ਅਤੇ ਉਹ ਹਰ ਰੋਜ਼ ਇਸ ਖੇਡ ਬਾਰੇ ਸੋਚਣ ਲੱਗਾ। 2014 ਵਿੱਚ, ਉਹ ਆਪਣੇ ਪਿਤਾ ਕੋਲ ਗਿਆ ਅਤੇ ਕਿਹਾ ਕਿ ਉਹ ਸ਼ੂਟਿੰਗ ਕਰਨਾ ਚਾਹੁੰਦਾ ਹੈ।

ਸਰਬਜੋਤ ਹਰਿਆਣਾ ਦੇ ਅੰਬਾਲਾ ਦਾ ਰਹਿਣ ਵਾਲਾ ਹੈ ਅਤੇ ਉਸ ਦੇ ਪਿਤਾ ਜਤਿੰਦਰ ਇੱਕ ਕਿਸਾਨ ਹਨ। ਉਸ ਨੇ ਆਪਣੇ ਬੇਟੇ ਨੂੰ ਦੱਸਿਆ ਕਿ ਸ਼ੂਟਿੰਗ ਬਹੁਤ ਮਹਿੰਗੀ ਖੇਡ ਹੈ, ਪਰ ਸਰਬਜੋਤ ਨੇ ਬੰਦੂਕ ਰੱਖਣ ਦੀ ਆਪਣੀ ਜ਼ਿੱਦ ਨਹੀਂ ਛੱਡੀ ਅਤੇ ਕਈ ਮਹੀਨਿਆਂ ਤੱਕ ਆਪਣੇ ਪਿਤਾ ਨੂੰ ਇਸ ਗੱਲ ਦੀ ਜ਼ਿੱਦ ਕਰਦਾ ਰਿਹਾ। ਉਸਦਾ ਪਿਤਾ ਮੰਨ ਗਿਆ। ਸਰਬਜੋਤ ਨੇ 2019 ਵਿੱਚ ਜੂਨੀਅਰ ਵਿਸ਼ਵ ਚੈਂਪੀਅਨਸ਼ਿਪ ਵਿੱਚ ਸੋਨ ਤਮਗਾ ਜਿੱਤ ਕੇ ਆਪਣੇ ਪਿਤਾ ਦਾ ਮਾਣ ਵਧਾਇਆ ਹੈ।

ਸਰਬਜੋਤ ਸਿੰਘ ਨੇ ਏਸ਼ਿਆਈ ਖੇਡਾਂ-2022 ਵਿੱਚ ਪੁਰਸ਼ ਟੀਮ ਮੁਕਾਬਲੇ ਵਿੱਚ ਸੋਨ ਤ਼ਗਮਾ ਜਿੱਤਿਆ ਸੀ। ਇਨ੍ਹਾਂ ਖੇਡਾਂ ਵਿੱਚ ਉਹ ਮਿਕਸਡ ਟੀਮ ਈਵੈਂਟ ਵਿੱਚ ਵੀ ਚਾਂਦੀ ਦਾ ਤ਼ਗਮਾ ਜਿੱਤਣ ਵਿੱਚ ਸਫ਼ਲ ਰਿਹਾ। ਪਿਛਲੇ ਸਾਲ ਕੋਰੀਆ 'ਚ ਖੇਡੀ ਗਈ ਏਸ਼ੀਅਨ ਚੈਂਪੀਅਨਸ਼ਿਪ 'ਚ ਉਸ ਨੇ 10 ਮੀਟਰ ਏਅਰ ਪਿਸਟਲ ਮੁਕਾਬਲੇ 'ਚ ਕਾਂਸੀ ਦਾ ਤਮਗਾ ਜਿੱਤਿਆ ਸੀ ਅਤੇ ਇਸ ਦੇ ਨਾਲ ਹੀ ਉਸ ਨੇ ਪੈਰਿਸ ਓਲੰਪਿਕ ਲਈ ਕੋਟਾ ਵੀ ਪੱਕਾ ਕੀਤਾ ਸੀ। ਪਿਛਲੇ ਸਾਲ ਹੀ ਉਸ ਨੇ ਭੋਪਾਲ ਵਿੱਚ ਹੋਏ ਵਿਸ਼ਵ ਕੱਪ ਵਿੱਚ ਵਿਅਕਤੀਗਤ ਮੁਕਾਬਲੇ ਵਿੱਚ ਸੋਨ ਤਮਗਾ ਜਿੱਤਿਆ ਸੀ।

# 1 ਕਰੋੜ 19 ਲੱਖ ਰੁਪਏ ਦੀ ਲਾਗਤ ਨਾਲ ਬਣਾਇਆ ਜਾਵੇਗਾ ਚੱਬੇਵਾਲ ਵਿੱਚ ਸਕੂਲ ਆਫ ਹੈਪੀਨੈੱਸ - ਸੰਸਦ ਮੈਂਬਰ ਚੱਬੇਵਾਲ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਇੱਕ ਬੇਮਿਸਾਲ ਪਹਿਲਕਦਮੀ ਕਰਦੇ ਹੋਏ ਸੰਸਦ ਮੈਂਬਰ ਰਾਜਕੁਮਾਰ ਚੱਬੇਵਾਲ ਨੇ ਪੰਜਾਬ ਦੇ ਵਿਧਾਨ ਸਭਾ ਹਲਕਾ ਚੱਬੇਵਾਲ ਦੇ ਪਿੰਡ ਚੱਬੇਵਾਲ ਵਿੱਚ ਸਕੂਲ ਆਫ ਹੈਪੀਨੈੱਸ ਸਥਾਪਤ ਕਰਨ ਦਾ ਐਲਾਨ ਕੀਤਾ ਹੈ। 1 ਕਰੋੜ 19 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਇਹ ਮੋਹਰੀ ਸਰਕਾਰੀ ਵਿੱਦਿਅਕ ਸੰਸਥਾ ਵਿਦਿਆਰਥੀਆਂ ਦੀ ਜ਼ਿੰਦਗੀ ਨੂੰ ਨਵਾਂ ਰੂਪ ਦੇਵੇਗੀ ਅਤੇ ਸਿੱਖਿਆ ਦੇ ਸੰਕਲਪ ਨੂੰ ਮੁੜ ਪਰਿਭਾਸ਼ਤ ਕਰੇਗੀ। ਪਿੰਡ ਜੈਤਪੁਰ ਵਿੱਚ ਇੱਕ ਆਮ ਜਨ ਸਭਾ ਨੂੰ ਸੰਬੋਧਨ ਕਰਦਿਆਂ ਸੰਸਦ ਮੈਂਬਰ ਰਾਜਕੁਮਾਰ ਚੱਬੇਵਾਲ ਨੇ ਕਿਹਾ ਕਿ ਪਿੰਡ ਚੱਬੇਵਾਲ ਵਿਖੇ ਸਕੂਲ ਆਫ਼ ਹੈਪੀਨੈੱਸ ਅਜਿਹਾ ਇੱਕ ਮਿਸਾਲ ਕਾਇਮ ਕਰਨ ਵਾਲਾ ਸਕੂਲ ਬਣਾਇਆ ਜਾਵੇਗਾ, ਜਿੱਥੇ ਵਿਦਿਆਰਥੀ ਅਕਾਦਮਿਕ, ਭਾਵਨਾਤਮਕ ਅਤੇ ਸਮਾਜਿਕ ਤੌਰ 'ਤੇ ਵਿਕਾਸ ਕਰ ਸਕਦੇ ਹਨ। ਉਹਨਾਂ ਦੱਸਿਆ ਕੇ ਸਕੂਲਾਂ ਦੇ ਪਾਠਕ੍ਰਮ ਵਿੱਚ ਭਾਵਨਾਤਮਕ ਬੁੱਧੀ, ਰਚਨਾਤਮਕਤਾ ਅਤੇ ਆਲੋਚਨਾਤਮਕ ਸੋਚ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਨਵੀਨਤਾਕਾਰੀ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਉਹਨਾਂ ਕਿਹਾ ਕੇ, "ਅਸੀਂ ਖੁਸ਼ਹਾਲ, ਆਤਮ ਵਿਸ਼ਵਾਸੀ ਅਤੇ ਦਇਆਵਾਨ ਵਿਅਕਤੀਆਂ ਦੀ ਇੱਕ ਪੀੜ੍ਹੀ ਪੈਦਾ ਕਰਨਾ ਚਾਹੁੰਦੇ ਹਾਂ, ਜੋ ਸੰਸਾਰ ਵਿੱਚ ਸਕਾਰਾਤਮਕ ਪ੍ਰਭਾਵ ਪਾ ਸਕਦੀਆਂ ਹਨ।" ਸਕੂਲ ਆਫ਼ ਹੈਪੀਨੇਸ ਦੇ ਨਾਲ ਹੁਣ ਇੱਕ



ਸੁਪਨਾ ਸਾਕਾਰ ਹੋਣ ਜਾ ਰਿਹਾ ਹੈ ਅਤੇ ਮੈਂ ਇਸਨੂੰ ਇੱਕ ਹਕੀਕਤ ਬਣਾਉਣ ਲਈ ਵਚਨਬੱਧ ਹਾਂ। ਕੈਂਪਸ ਵਿੱਚ ਖੇਡਾਂ ਦੀਆਂ ਸਹੂਲਤਾਂ, ਕਲਾ ਸਟੂਡੀਓ ਅਤੇ ਇੱਕ ਸਲਾਹ ਕੇਂਦਰ ਵੀ ਹੋਵੇਗਾ। ਜੋ ਕਿ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਪ੍ਰਦਾਨ ਕਰੇਗਾ, ਸਕੂਲ ਓਫ ਹੈਪੀਨੈੱਸ ਸਿਰਫ਼ ਇੱਕ ਵਿਦਿਅਕ ਸੰਸਥਾ ਨਹੀਂ ਹੈ - ਇਹ ਇੱਕ ਅੰਦੋਲਨ ਹੈ। ਇਹ ਇੱਕ ਅਜਿਹੀ ਲਹਿਰ ਹੈ ਜੋ ਸਿੱਖਿਆ ਪ੍ਰਤੀ ਕ੍ਰਾਂਤੀ ਲਿਆਉਣ ਦੇ ਸਾਡੇ ਸੰਕਲਪ ਦੀ ਹਾਣੀ ਬਣੇਗੀ। ਸਕੂਲ ਆਫ਼ ਹੈਪੀਨੈਸ ਦੇ ਨਾਲ, ਸੰਸਦ ਮੈਂਬਰ ਰਾਜਕੁਮਾਰ ਚੱਬੇਵਾਲ ਨੇ ਵਿਧਾਨ ਸਭਾ ਖੇਤਰ ਵਿੱਚ ਸਿੱਖਿਆ ਲਈ ਇੱਕ ਨਵਾਂ ਮਾਪਦੰਡ ਸਥਾਪਤ ਕੀਤਾ ਹੈ। ਇਹ ਦੂਰਦਰਸ਼ੀ ਪ੍ਰੋਜੈਕਟ ਅਣਗਿਣਤ ਵਿਦਿਆਰਥੀਆਂ ਦੇ ਜੀਵਨ ਨੂੰ ਬਦਲਣ ਦੀ ਸਮਰੱਥਾ ਰੱਖਦਾ ਹੈ।

ਇੱਸ ਘੋਸ਼ਣਾ ਤੋਂ ਬਾਅਦ ਚੱਬੇਵਾਲ ਦੇ ਲੋਕ ਆਸ ਅਤੇ ਉਤਸ਼ਾਹ ਨਾਲ ਭਰੇ ਹੋਏ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਦੇ ਬੱਚੇ ਵਿਸ਼ਵ ਪੱਧਰੀ ਸਿੱਖਿਆ ਪ੍ਰਾਪਤ ਕਰਨਗੇ। ਜੋ ਉਨ੍ਹਾਂ ਨੂੰ ਜੀਵਨ ਦੇ ਸਾਰੇ ਪਹਿਲੂਆਂ ਵਿੱਚ ਸਫ਼ਲ ਹੋਣ ਲਈ ਸ਼ਕਤੀ ਪ੍ਰਦਾਨ ਕਰੇਗੀ। ਸੰਸਦ ਮੈਂਬਰ ਰਾਜਕੁਮਾਰ ਚੱਬੇਵਾਲ ਨੇ ਕਿਹਾ ਕਿ ਸਰਕਾਰ ਵੱਲੋਂ 1189000 ਰੁਪਏ ਦੀ ਪਹਿਲੀ ਕਿਸ਼ਤ ਜਲਦੀ ਹੀ ਜਾਰੀ ਕਰ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਕੂਲ ਆਫ਼ ਹੈਪੀਨੈਸ ਆਮ ਆਦਮੀ ਪਾਰਟੀ ਦੀ ਦੂਰਅੰਦੇਸ਼ੀ ਲੀਡਰਸ਼ਿਪ ਦੀ ਸ਼ਕਤੀ ਅਤੇ ਸਮਾਜ 'ਤੇ ਇਸ ਦੇ ਪ੍ਰਭਾਵ ਦਾ ਪ੍ਰਮਾਣ ਹੈ। ਸੰਸਦ ਮੈਂਬਰ ਰਾਜ ਕੁਮਾਰ ਚੱਬੇਵਾਲ ਦੀ ਸਿੱਖਿਆ ਪ੍ਰਤੀ ਵਚਨਬੱਧਤਾ ਅਤੇ ਚੱਬੇਵਾਲ ਦੇ ਲੋਕਾਂ ਪ੍ਰਤੀ ਉਨ੍ਹਾਂ ਦੀ ਸਮਰਪਣ ਭਾਵਨਾ ਇਸ ਸੁਪਨੇ ਨੂੰ ਸਾਕਾਰ ਕਰਨ ਜਾ ਰਹੀ ਹੈ। ਇਸ ਮੌਕੇ ਸਰਬਜੀਤ ਸਿੰਘ ਭੋਲਾ, ਰਜਿੰਦਰ ਕੁਮਾਰ ਬੱਗਾ, ਸਲੀਮ ਕੁਮਾਰ, ਪਾਲ ਸਿੰਘ, ਸੂਬੇਦਾਰ ਜੀਵਨ ਸਿੰਘ, ਰਿੰਕੂ, ਪੰਚ ਹਰਦੀਪ ਸਿੰਘ ਕੰਗ, ਦੀਦਾਰ ਸਿੰਘ, ਸਤਨਾਮ ਸਿੰਘ, ਵਿਨੋਦ ਕੁਮਾਰ, ਵਿਕਾਸ ਕੁਮਾਰ ਭੋਲਾ, ਅਮਨਦੀਪ ਸਿੰਘ ਕੰਮੋਵਾਲ ਆਦਿ ਹਾਜ਼ਰ ਸਨ।

# ਸਪੈਸ਼ਲ ਬੱਚਿਆਂ ਨੂੰ ਵੀ ਮਿਲਣੇ ਚਾਹੀਦੇ ਨੇ ਬਰਾਬਰ ਮੌਕੇ - ਜਸਵਿਦਰ ਸਿੰਘ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸਪੈਸ਼ਲ ਬੱਚਿਆਂ ਨਾਲ ਵੀ ਆਮ ਬੱਚਿਆਂ ਵਰਗਾ ਵਿਵਹਾਰ ਕਰਨ ਦੀ ਲੋੜ ਹੈ ਕਿਉਂਕਿ ਇਹ ਬੱਚੇ ਵੀ ਸਮਾਜ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਦੇ ਸਕਦੇ ਹਨ। ਇਸ ਲਈ ਸਪੈਸ਼ਲ ਬੱਚਿਆਂ ਨੂੰ ਵੀ ਜ਼ਿੰਦਗੀ ਵਿੱਚ ਅੱਗੇ ਵੱਧਣ ਦੇ ਬਰਾਬਰ ਮੌਕੇ ਉਪਲਬਧ ਕਰਵਾਉਣੇ ਚਾਹੀਦੇ ਹਨ। ਇਹ ਪ੍ਰਗਟਾਵਾ ਸਮਾਜਸੇਵੀ ਬਲਵਿੰਦਰ ਸਿੰਘ ਵੱਲੋਂ ਜੇ.ਐੱਸ.ਐੱਸ. ਆਸ਼ਾ ਕਿਰਨ ਸਪੈਸ਼ਲ ਸਕੂਲ ਜਹਾਨਖੇਲਾ ਦਾ ਦੌਰਾ ਕਰਨ ਸਮੇਂ ਕੀਤਾ ਗਿਆ। ਇਸ ਸਮੇਂ ਉਨ੍ਹਾ ਦੇ ਨਾਲ ਸ਼੍ਰੀਮਤੀ ਸ਼ੀਲਾ ਦੇਵੀ ਵੀ ਮੌਜੂਦ ਸਨ। ਇਸ ਮੌਕੇ ਜਸਵਿੰਦਰ ਸਿੰਘ ਵੱਲੋਂ ਸਕੂਲ ਵਿੱਚ ਪੜ੍ਹਦੇ ਬੱਚਿਆਂ ਦੀ ਭਲਾਈ ਲਈ 20 ਹਜਾਰ ਰੁਪਏ ਦੀ ਰਾਸ਼ੀ ਦਾਨ




ਕੀਤੀ ਗਈ। ਉਨ੍ਹਾਂ ਕਿਹਾ ਕਿ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਵੱਲੋ ਕੀਤੇ ਜਾ ਰਹੇ ਕਾਰਜਾਂ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ ਉਹ ਘੱਟ ਹੈ। ਜਿਕਰਯੋਗ ਹੈ ਕਿ ਜਸਵਿੰਦਰ ਸਿੰਘ ਦੇ ਬੇਟੇ ਰਮਨਦੀਪ, ਪ੍ਰਿੰਸ ਸਿੱਧੂ ਤੇ ਬੇਟੀ ਹਰਦੀਪ ਕੌਰ ਵੀ ਪਿਛਲੇ ਲੰਬੇ ਸਮੇਂ ਤੋ ਸਪੈਸ਼ਲ ਬੱਚਿਆਂ ਨਾਲ ਜੁੜੇ ਹੋਏ ਹਨ। ਇਸ ਮੌਕੇ ਆਸ਼ਾਦੀਪ ਵੈੱਲਫੇਅਰ ਸੁਸਾਇਟੀ ਦੇ ਸਕੱਤਰ ਹਰਬੰਸ ਸਿੰਘ, ਸਾਬਕਾ ਪ੍ਰਧਾਨ ਮਲਕੀਤ ਸਿੰਘ ਮਹੇੜੂ, ਕੈਸ਼ੀਅਰ ਹਰੀਸ਼ ਠਾਕੁਰ, ਰਾਮ ਆਸਰਾ, ਕੋਰਸ ਕੋਆਰਡੀਨੇਟਰ ਬਰਿੰਦਰ ਕੁਮਾਰ, ਪ੍ਰਿੰਸੀਪਲ ਸ਼ੈਲੀ ਸ਼ਰਮਾ, ਵਾਈਸ ਪ੍ਰਿੰਸੀਪਲ ਇੰਦੂ ਬਾਲਾ ਵੱਲੋ ਜਸਵਿੰਦਰ ਸਿੰਘ ਦਾ ਧੰਨਵਾਦ ਕੀਤਾ ਗਿਆ।

# ਸੰਦੀਪ ਕਾਂਸਲ ਲਹਿਰਾਗਾਗਾ ਬਣੇ ਬਠਿੰਡਾ ਟੈਕਨੀਕਲ ਯੂਨੀਵਰਸਿਟੀ ਦੇ ਉਪ ਕੁਲਪਤੀ

**ਲਹਿਰਾਗਾਗਾ, (ਦਲਜੀਤ ਕੌਰ)–** ਲਹਿਰਾਗਾਗਾ ਦੇ ਜੰਮਪਲ਼ ਮਹਾਰਾਜਾ ਰਣਜੀਤ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਬਠਿੰਡਾ ਦੇ ਭੌਤਿਕ ਵਿਗਿਆਨ ਦੇ ਪ੍ਰੋਫੈਸਰ, ਵਿਭਾਗ ਮੁਖੀ ਤੇ ਵਿਗਿਆਨ ਫੈਕਲਟੀ ਦੇ ਡੀਨ ਵਜੋਂ ਸੇਵਾ ਨਿਭਾਅ



ਰਹੇ ਹੋਣਹਾਰ, ਮਿਹਨਤੀ ਰਹੇ ਵਿਦਿਆਰਥੀ ਸੰਦੀਪ ਕਾਂਸਲ (ਗੋਲਡੀ) ਮਹਾਰਾਜਾ ਰਣਜੀਤ ਸਿੰਘ ਪੰਜਾਬ ਬਠਿੰਡਾ ਟੈਕਨੀਕਲ ਯੂਨੀਵਰਸਿਟੀ ਦੇ ਕਾਰਜਕਾਰੀ ਵਾਈਸ ਚਾਂਸਲਰ ਦੇ ਅਹੁਦੇ ਤੇ ਨਿਯੁਕਤ ਹੋ ਗਏ ਹਨ। ਮਿਹਨਤੀ, ਇਮਾਨਦਾਰ, ਨਿਮਰ, ਬੁੱਧੀਮਾਨ ਹੋਣ ਕਰਕੇ ਸੰਦੀਪ ਅਸਲ ਵਿੱਚ ਇਸ ਅਹੁਦੇ ਦੇ ਯੋਗ ਹਨ। ਉਨ੍ਹਾਂ ਨੇ ਲਹਿਰਾਗਾਗਾ ਸਮੇਤ ਪੂਰੇ ਸੰਗਰੂਰ ਜ਼ਿਲ੍ਹੇ ਦਾ ਮਾਣ ਵਧਾਇਆ ਹੈ। ਯੋਗਤਾ ਪੱਖੋਂ ਉਹ ਪੀ ਐਚ ਡੀ ਪ੍ਰਮਾਣੂ ਭੌਤਿਕ ਵਿਗਿਆਨੀ ਹਨ। ਮਾਸਟਰ ਪਰਮਵੇਦ ਸਮੇਤ ਉਸਦੇ ਮਿਹਨਤੀ ਅਧਿਆਪਕਾਂ ਨੇ ਕਿਹਾ ਕਿ ਉਹ ਇਸ ਅਹੁਦੇ ਨੂੰ ਨਿਪੁੰਨਤਾ ਨਾਲ ਨਿਭਾਉਂਦੇ ਹੋਏ ਹੋਰ ਬੁਲੰਦੀਆਂ ਤੇ ਪਹੁੰਚਣਗੇ। ਲਹਿਰਾਗਾਗਾ ਤੇ ਸੰਗਰੂਰ ਇਲਾਕਾ ਵਾਸੀਆਂ/ ਪਤਵੰਤਿਆਂ ਨੇ ਇਸ ਅਹੁਦੇ ਤੇ ਨਿਯੁਕਤ ਹੋਣ ਲਈ ਅਤੀਅੰਤ ਖੁਸ਼ੀ ਜ਼ਾਹਿਰ ਕਰਦਿਆਂ ਉਨ੍ਹਾਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ ਹਨ। ਮਾਸਟਰ ਪਰਮਵੇਦ ਨੇ ਦੱਸਿਆ ਕਿ ਦਸਵੀਂ ਤੱਕ ਉਨ੍ਹਾਂ ਕੋਲ 9-10 ਮੁੰਡੇ ਘਰੇ ਪੜ੍ਹਦੇ ਹੁੰਦੇ ਸੀ, ਸਾਰੇ ਬਹੁਤ ਤੇਜ਼ ਤਰਾਰ ਦਿਮਾਗ ਦੇ ਸੀ, ਸਾਰੇ ਵਧੀਆ ਅਹੁਦਿਆਂ ਤੇ ਹਨ। ਇਹ ਉਨ੍ਹਾਂ ਵਿਚੋਂ ਸਭ ਤੋਂ ਤੇਜ਼ ਸੀ। ਅੱਠਵੀਂ ਵਿੱਚ ਇਹ ਬਲਾਕ ਵਿੱਚੋਂ ਪਹਿਲੇ ਨੰਬਰ ਤੇ ਆਇਆ ਸੀ ਅਤੇ ਦਸਵੀਂ ਵਿੱਚ ਪੰਜਾਬ ਮੈਰਿਟ ਵਿੱਚ ਆਇਆ ਸੀ।

# ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੀ ਅਗਵਾਈ ਹੇਠ ਦਲਿਤਾਂ ਵੱਲੋਂ ਪੰਜਾਬ ਸਰਕਾਰ ਖਿਲਾਫ ਤਿੱਖੇ ਸੰਘਰਸ਼ਾਂ ਦਾ ਐਲਾਨ

## ਨਜ਼ੂਲ ਜਮੀਨਾਂ ਦੇ ਮਾਲਕੀ ਹੱਕ ਦੇ ਫੈਸਲੇ ਖਿਲਾਫ ਹਾਈਕੋਰਟ ਪਹੁੰਚੀ ਪੰਜਾਬ ਸਰਕਾਰ !

**ਸੰਗਰੂਰ, (ਦਲਜੀਤ ਕੌਰ)** ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜ਼ੋਨਲ ਪ੍ਰਧਾਨ ਮੁਕੇਸ਼ ਮਲੌਦ ਨੇ ਪ੍ਰੈੱਸ ਨੂੰ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਪਟਿਆਲਾ ਅਤੇ ਸੰਗਰੂਰ ਜ਼ਿਲ੍ਹੇ ਦੇ ਨਜੂਲ ਸੋਸਾਇਟੀ ਦੇ ਮੈਂਬਰਾਂ ਦੀ ਮੀਟਿੰਗ ਗਦਰ ਮੈਮੋਰੀਅਲ ਭਵਨ, ਸੰਗਰੂਰ ਵਿਖੇ ਧਰਮਪਾਲ ਨੂਰਖੇੜੀਆਂ ਦੀ ਪ੍ਰਧਾਨਗੀ ਹੇਠ ਕੀਤੀ ਗਈ।



ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਵਿੱਤ ਸਕੱਤਰ ਬਿੱਕਰ ਸਿੰਘ ਹਥੋਆ ਅਤੇ ਜਨਰਲ ਸਕੱਤਰ ਗੁਰਵਿੰਦਰ ਬੌੜਾ ਨੇ ਦੱਸਿਆ ਕਿ ਜਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਨਜੂਲ ਸੋਸਾਇਟੀ ਦੀਆਂ ਜਮੀਨਾਂ ਦੇ ਮਾਲਕੀ ਹੱਕ ਦੀ ਮੰਗ ਨੂੰ ਲੈ ਕੇ ਪਿਛਲੇ ਲੰਮੇ ਸਮੇਂ ਤੋਂ ਸੰਘਰਸ਼ ਕੀਤਾ ਜਾ ਰਿਹਾ ਹੈ। ਜਿਸ ਸੰਘਰਸ਼ ਦੇ ਚਲਦਿਆਂ ਪਹਿਲਾਂ ਦਸੰਬਰ 2016 ਵਿੱਚ ਮੌਕੇ ਦੀ ਸਰਕਾਰ ਵੱਲੋਂ ਨਜੂਲ ਜਮੀਨਾਂ ਦੇ ਮਾਲਕੀ ਹੱਕ ਦੇਣ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ ਜਿਸ ਉੱਪਰ ਨਵੀਂ ਬਣੀ ਸਰਕਾਰ ਵੱਲੋਂ ਰੋਕ ਲਗਾ ਦਿੱਤੀ ਗਈ। ਜਿਸ ਦੇ ਖਿਲਾਫ ਜਥੇਬੰਦੀ ਵੱਲੋਂ ਲਗਾਤਾਰ ਸੰਘਰਸ਼ ਲੜਿਆ ਗਿਆ ਅਤੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿੱਚ ਨਜੂਲ ਜਮੀਨਾਂ ਦੇ ਮਾਲਕੀ ਹੱਕ ਦੀ ਦਾਅਵੇਦਾਰੀ ਲਈ ਕਾਨੂੰਨੀ ਲੜਾਈ ਵੀ ਲੜੀ ਗਈ। ਜਿਸ ਦੇ ਚਲਦਿਆਂ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਾਰੇ ਕਾਨੂੰਨੀ ਪੱਖਾਂ ਉੱਪਰ ਚਰਚਾ ਕਰਦਿਆਂ ਸੁਸਾਇਟੀ ਮੈਂਬਰਾਂ ਨੂੰ ਜਮੀਨਾਂ ਦੇ ਮਾਲਕੀ ਹੱਕ ਦੇਣ ਸਬੰਧੀ ਫੈਸਲਾ ਸੁਣਾਇਆ ਗਿਆ ਅਤੇ ਮੌਕੇ ਦੇ ਡਿਪਟੀ ਕਮਿਸ਼ਨਰਾਂ ਨੂੰ ਨਜੂਲ ਜਮੀਨਾਂ ਦੇ ਮਾਲਕੀ ਹੱਕ ਦੇਣ ਸਬੰਧੀ ਮਨਜ਼ੂਰੀ ਦੇਣ ਦੇ ਹੁਕਮ ਦਿੱਤੇ ਗਏ ਪਰੰਤੂ ਪੰਜਾਬ ਸਰਕਾਰ ਵੱਲੋਂ ਆਪਦੇ ਦਲਿਤ ਵਿਰੋਧੀ ਰਵੱਈਏ ਦੇ ਚਲਦਿਆਂ ਜਿੱਥੇ ਦਲਿਤਾਂ ਨਾਲ ਵੱਖ-ਵੱਖ ਥਾਵਾਂ ਉੱਪਰ ਜਾਤੀ ਵਿਤਕਰਾ ਕੀਤਾ ਜਾਂਦਾ ਹੈ ਉੱਥੇ ਇਸ ਜਮੀਨ ਦੇ ਮਾਲਕੀ ਹੱਕ ਦੇ ਹੁਕਮਾਂ ਨੂੰ ਰੋਕਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਡਬਲ ਬੈਂਚ ਕੋਲ ਅਪੀਲ ਪਾ ਕੇ ਇਹਨਾਂ ਹੁਕਮਾਂ ਨੂੰ ਰੋਕਣ ਦੀ ਇੱਕ ਵਾਰ ਫਿਰ ਕੋਸ਼ਿਸ਼ ਕੀਤੀ ਗਈ ਹੈ। ਉਹਨਾਂ ਪੰਜਾਬ ਸਰਕਾਰ ਦੇ ਇਸ ਦਲਿਤ ਵਿਰੋਧੀ ਰਵਈਏ ਖਿਲਾਫ ਜਿੱਥੇ ਹਾਈਕੋਰਟ ਅੰਦਰ ਕਾਨੂੰਨੀ ਲੜਾਈ ਲੜਨ ਦਾ ਐਲਾਨ ਕਰਦਿਆਂ ਪੰਜਾਬ ਅੰਦਰ ਮੌਜੂਦਾ ਆਮ ਆਦਮੀ ਪਾਰਟੀ ਦੀ ਸਰਕਾਰ ਖ਼ਿਲਾਫ਼ ਤਿੱਖਾ ਸੰਘਰਸ਼ ਵਿੱਢਣ ਦਾ ਫੈਸਲਾ ਵੀ ਕੀਤਾ।

ਉਹਨਾਂ ਮੀਟਿੰਗ ਵਿੱਚ ਹਾਜ਼ਰ ਸਮੁੱਚੇ ਮੈਂਬਰਾਂ ਨੂੰ ਵਿਸ਼ਾਲ ਲਾਮਬੰਦੀ ਲਈ ਪਿੰਡ ਅਤੇ ਇਲਾਕਾ ਪੱਧਰ ਦੀਆਂ ਮੀਟਿੰਗਾਂ ਜਥੇਬੰਦ ਕਰਨ ਦੀ ਅਪੀਲ ਕੀਤੀ ਅਤੇ ਪੰਜਾਬ ਸਰਕਾਰ ਤੇ ਇਸ ਦਲਿਤ ਵਿਰੋਧੀ ਚਿਹਰੇ ਨੂੰ ਨੰਗਾ ਕਰਨ ਲਈ ਅਤੇ ਦਲਿਤਾਂ ਦੇ ਜਮੀਨੀ ਘੋਲ ਨੂੰ ਪ੍ਰਚੰਡ ਕਰਨ ਲਈ 20 ਮਾਰਚ ਨੂੰ ਸ਼ੁਰੂ ਕੀਤੇ ਜਾਣ ਵਾਲੇ ਦਲਿਤ ਮੁਕਤੀ ਮਾਰਚ ਨੂੰ ਸਫ਼ਲ ਕਰਨ ਦਾ ਸੱਦਾ ਦਿੱਤਾ। ਇਸ ਮੌਕੇ ਉਪਰੋਕਤ ਤੋਂ ਬਿਨਾਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਜੋਨਲ ਆਗੂ ਜਗਤਾਰ ਤੋਲੇਵਾਲ ਸ਼ਿੰਗਾਰਾ ਸਿੰਘ ਹੇੜੀਕੇ ਧੰਨਾ ਸਿੰਘ ਸੇਖਾ ਆਦਿ ਹਾਜ਼ਰ ਸਨ।

# ਬਲਵਿੰਦਰ ਪੁਆਰ ਦੀ ਬੇਟੀ ਦੇ ਜਨਮ ਦਿਨ ਤੇ 'ਅੰਮੜੀ ਦਾ ਵਿਹੜਾ' ਕਿਤਾਬ ਰਿਲੀਜ਼ ਕੀਤੀ ਗਈ



**ਜਲੰਧਰ (ਸਤਨਾਮ ਸਿੰਘ ਸਹੂੰਗੜਾ)–** ਦੇਸ਼ ਭਗਤ ਯਾਦਗਾਰ ਹਾਲ, ਜਲੰਧਰ ਵਿਖੇ ਮੇਰੀ ਬੇਟੀ ਮਾਨਵੀ ਜਯੋਤੀ ਦੇ ਜਨਮ ਦਿਨ ਤੇ ਮੇਰੀ ਨਵੀਂ ਪੁਸਤਕ "ਅੰਮੜੀ ਦਾ ਵਿਹੜਾ" ਰਿਲੀਜ਼ ਕੀਤੀ ਗਈ। ਪ੍ਰਸਿੱਧ ਸਾਹਿਤਕਾਰ ਪ੍ਰੋਫੈਸਰ ਸੰਧੂ ਵਰਿਆਣਵੀ, ਸ਼੍ਰੀ ਸੋਹਣ ਸਹਿਜਲ, ਸ਼੍ਰੀ ਸੱਤਪਾਲ ਸਾਹਲੋਂ, ਡਾ। ਰਜਨੀ ਬਾਲਾ, ਸ਼੍ਰੀ ਧਰਮ ਪਾਲ ਪੈਂਥਰ, ਸ਼੍ਰੀ ਜਗਦੀਸ਼ ਰਾਣਾ, ਸ਼੍ਰੀ ਰਜੇਸ਼ ਭਬਿਆਣਾ, ਸ਼੍ਰੀ ਗੁਰਮੀਤ ਲਾਲ ਸਾਂਪਲਾ, ਸ਼੍ਰੀ ਦਰਸ਼ਨ ਲਾਲ ਲੇਖ, ਬੀਬੀ ਸੰਤੋਸ਼ ਕੁਮਾਰੀ ਜੀ ਵਲੋਂ ਸਾਂਝੇ ਤੌਰ ਤੇ ਇਹ ਕਿਤਾਬ ਰਿਲੀਜ਼ ਕੀਤੀ ਗਈ । ਇਸ ਰਿਲੀਜ਼ ਸਮਾਰੋਹ ਵਿੱਚ ਹੋਰਨਾਂ ਤੋਂ ਇਲਾਵਾ ਸਰਬ ਸ਼੍ਰੀ ਪ੍ਰਸ਼ੋਤਮ ਲਾਲ ਸਰੋਏ, ਡਾ। ਸੁਰਿੰਦਰ ਕੁਮਾਰ, ਰੋਸ਼ਨ ਭਾਰਤੀ, ਜਸਪਾਲ ਸਿੰਘ, ਝਲਮਣ ਸਿੰਘ, ਹਰਭਜਨ ਨਿਮਤਾ, ਵਰਿੰਦਰ ਕੁਮਾਰ, ਜਯੋਤੀ ਪ੍ਰਕਾਸ਼, ਪ੍ਰਦੀਪ ਕੁਮਾਰ, ਪਵੀ ਟਿਵਾਣਾ, ਰੇਸ਼ਮ ਲਾਲ ਮਹੇ, ਮਹਿੰਦਰ ਰਾਮ ਫੁਗਲਾਣਾ, ਰਮੇਸ਼ ਬੰਗੜ, ਪਰਮਜੀਤ ਕਲਸੀ, ਰਜਿੰਦਰ ਕੁਮਾਰ ਜੱਸਲ, ਬਲਵਿੰਦਰ ਕੌਰ, ਮਾਨਵੀ ਜਯੋਤੀ, ਦਿਸ਼ਾਂਤ ਕੁਮਾਰ, ਅਭਿਨਾਸ਼ ਕੁਮਾਰ ਲੇਖ, ਬਲਦੇਵ ਰਾਜ ਲੇਖ, ਧਰਮ ਪਾਲ, ਮਨਜੀਤ ਕੁਮਾਰ, ਸੋਮ ਨਾਥ ਸਈਪੁਰ, ਸਿਧਾਰਥ ਨੂਰ, ਜਤਿੰਦਰ ਕੁਮਾਰ, ਗੁਰਦੀਪ ਕੁਮਾਰ, ਅੰਮ੍ਰਿਤ ਹੀਰ ਆਦਿ ਵੀ ਸ਼ਾਮਿਲ ਹੋਏ। ਮੈਂ ਦੁਆਵਾਂ ਦੇਣ ਵਾਲਿਆਂ ਦਾ, ਚਾਹੁਣ ਵਾਲਿਆਂ ਦਾ ਸਦਾ ਰਿਣੀ ਰਹਾਂਗਾ।

# ਰਾਜੇਸ਼ ਕੁਮਾਰ ਨੇ ਡੀਈਓ ਸੈਕੰਡਰੀ ਅਤੇ ਕਮਲਦੀਪ ਕੌਰ ਨੇ ਡੀਈਓ ਐਲੀਮੈਂਟਰੀ ਦਾ ਅਹੁਦਾ ਸੰਭਾਲਿਆ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸਿੱਖਿਆ ਵਿਭਾਗ ਵੱਲੋਂ ਪ੍ਰਬੰਧਕੀ ਜ਼ਰੂਰਤਾਂ ਅਤੇ ਲੋਕ ਹਿਤ ਨੂੰ ਧਿਆਨ ਵਿੱਚ ਰੱਖਦੇ ਹੋਏ ਵੱਖ ਵੱਖ ਜ਼ਿਲ੍ਹਾ ਸਿੱਖਿਆ ਅਫ਼ਸਰ ਸਹਿਬਾਨ ਦੇ ਤਬਾਦਲੇ ਕੀਤੇ ਗਏ ਹਨ। ਇਸੇ ਲੜੀ ਤਹਿਤ ਰਾਜੇਸ਼ ਕੁਮਾਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਅੰਮ੍ਰਿਤਸਰ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਪਠਾਨਕੋਟ ਅਤੇ ਕਮਲਦੀਪ ਕੌਰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਹੁਸ਼ਿਆਰ-ਪੁਰ ਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਪਠਾਨਕੋਟ ਨਿਯੁਕਤ ਕੀਤਾ ਗਿਆ ਹੈ। ਅੱਜ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਜੇਸ਼ ਕੁਮਾਰ ਨੇ ਡੀਈਓ ਸੈਕੰਡਰੀ ਅਤੇ ਸ਼੍ਰੀਮਤੀ ਕਮਲਦੀਪ ਕੌਰ ਨੇ ਡੀਈਓ ਐਲੀਮੈਂਟਰੀ ਆਹੁਦਾ ਸੰਭਾਲ ਲਿਆ ਹੈ।



ਇਸ ਮੌਕੇ ਰਾਜੇਸ਼ ਕੁਮਾਰ ਦੇ ਪਰਿਵਾਰਕ ਮੈਂਬਰ ਪਤਨੀ ਸ਼੍ਰੀਮਤੀ ਸੁਨੀਤਾ ਗੁਪਤਾ ਅਤੇ ਕਮਲਦੀਪ ਕੌਰ ਦੇ ਪਰਿਵਾਰਕ ਮੈਂਬਰ ਪਤੀ ਸ੍: ਰਣਜੀਤ ਸਿੰਘ ਵਿਸ਼ੇਸ਼ ਤੌਰ ਤੇ ਮੌਜੂਦਾ ਸਨ। ਜ਼ਿਲ੍ਹਾ ਅਧਿਕਾਰੀਆਂ ਦੇ ਦਫ਼ਤਰ ਪਹੁੰਚਣ ਤੇ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ ਦੇ ਪ੍ਰਿੰਸੀਪਲ ਹਰਿੰਦਰ ਸਿੰਘ ਸੈਣੀ ਅਤੇ ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀਜੀ ਸਿੰਘ ਵਲੋਂ ਦਫ਼ਤਰੀ ਅਮਲੇ ਅਤੇ ਜ਼ਿਲ੍ਹੇ ਦੇ ਪ੍ਰਿੰਸੀਪਲਾਂ ਨਾਲ ਹਾਰ ਪਹਿਨਾ ਅਤੇ ਗੁਲਦਸਤੇ ਦੇ ਕੇ ਨਿੱਘਾ ਸਵਾਗਤ ਕੀਤਾ ਗਿਆ।

# ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸਬੰਧੀ ਡਿਪਟੀ ਕਮਿਸਨਰ ਪਠਾਨਕੋਟ ਨੇ ਸੈਕਟਰ ਅਫਸਰਾਂ ਨਾਲ ਕੀਤੀ ਰੀਵਿਓ ਮੀਟਿੰਗ

## ਐਸ.ਜੀ.ਪੀ.ਸੀ. ਦੀਆਂ ਚੋਣਾਂ ਲਈ 31 ਜੁਲਾਈ ਤੱਕ ਬਣਾਈਆਂ ਜਾ ਸਕਦੀਆਂ ਹਨ ਵੋਟਾਂ

**ਪਠਾਨਕੋਟ-** ਅੱਜ ਸ੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਲਈ ਵੋਟਾਂ ਬਣਾਉਂਣ ਦੀ ਪ੍ਰੀਕ੍ਰਿਆ ਦਾ ਰੀਵਿਓ ਕਰਨ ਲਈ ਡਿਪਟੀ ਕਮਿਸਨਰ ਪਠਾਨਕੋਟ ਆਦਿੱਤਿਆ ਉੱਪਲ



ਵੱਲੋਂ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਦੇ ਮੀਟਿੰਗ ਹਾਲ ਵਿਖੇ ਇੱਕ ਰੀਵਿਓ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਉਪ ਮੰਡਲ ਮੈਜਿਸਟਰੇਟ ਪਠਾਨਕੋਟ ਮੇਜਰ ਡਾ. ਸੁਮਿਤ ਮੁਦ ਰਿਵਾਇਜਿੰਗ ਅਥਾਰਟੀ ਐਸ.ਜੀ.ਪੀ.ਸੀ. (ਚੋਣ ਬੋਰਡ) ਹਰਕਾ 110 ਪਠਾਨਕੋਟ ਅਤੇ ਜਿਲ੍ਹਾ ਪਠਾਨਕੋਟ ਅੰਦਰ ਲਗਾਏ ਸਾਰੇ ਸੈਕਟਰ ਅਫਸਰ ਹਾਜ਼ਰ ਸਨ।

ਇਸ ਮੌਕੇ ਤੇ ਡਿਪਟੀ ਕਮਿਸਨਰ ਪਠਾਨਕੋਟ ਆਦਿੱਤਿਆ ਉੱਪਲ ਨੇ ਸੈਕਟਰ ਅਫਸਰਾਂ ਤੋਂ ਜਿਲ੍ਹਾ ਪਠਾਨਕੋਟ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਬਣਾਈਆਂ ਜਾ ਰਹੀਆਂ ਵੋਟਾਂ ਦਾ ਰੀਵਿਓ ਕੀਤਾ। ਉਨ੍ਹਾਂ ਸੈਕਟਰ ਅਫ਼ਸਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕੋਈ ਵੀ ਅਜਿਹਾ ਵਿਅਕਤੀ ਜੋ ਨਿਯਮਾਂ ਤੇ ਅਧਾਰ ਤੇ ਐਸ.ਜੀ.ਪੀ.ਸੀ. ਵੋਟਾਂ ਦੇ ਲਈ ਯੋਗ ਹੈ ਉਸ ਦੀ ਵੋਟ ਬਣਨ ਤੋਂ ਰਹਿਣੀ ਨਹੀਂ ਚਾਹੀਦੀ। ਉਨ੍ਹਾਂ ਦੱਸਿਆ ਕਿ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਜੋ ਵੋਟਰ ਸੂਚੀ ਤਿਆਰ ਕੀਤੀ ਜਾ ਰਹੀ ਹੈ ਉਸ ਵਿੱਚ ਬਤੌਰ ਵੋਟਰ ਨਾਮ ਦਰਜ ਲਈ ਆਖਰੀ ਮਿਤੀ 31.07.2024 ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਜੇ ਕੋਈ ਕੇਸਧਾਰੀ ਸਿੱਖ ਜਾਂ ਕੇਸਧਾਰੀ ਸਿੱਖ ਬੀਬੀਆਂ ਨੇ ਅਜੇ ਤੱਕ ਵੀ ਫਾਰਮ 1 ਵਿੱਚ ਦਰਜ ਸ਼ਰਤਾਂ ਅਨੁਸਾਰ ਫਾਰਮ ਨਹੀਂ ਭਰਿਆ ਉਹ ਮਿਤੀ 31.07.2024 ਤੱਕ ਫਾਰਮ ਭਰਕੇ ਲੋੜੀਂਦੇ ਦਸਤਾਵੇਜ ਲਗਾ ਕੇ ਐਸ.ਡੀ.ਐਮ. ਪਠਾਨਕੋਟ ਦੇ ਦਫਤਰ ਕਮਰਾ ਨੰ 215 ਵਿੱਚ ਸਥਾਪਿਤ ਇਲੈਕਸ਼ਨ ਸੈਲ ਵਿੱਚ ਸ਼ਾਮ 5:00 ਵਜੇ ਤੱਕ ਜਮ੍ਹਾ ਕਰਵਾ ਸਕਦਾ ਹੈ।

# ਧੂਰੀ ਵਿਖੇ ਸਮਾਜਸੇਵੀ ਨਿੱਝਰ ਵੱਲੋਂ ਲਗਾਏ ਵਿਸ਼ਾਲ ਕੈਂਪ ਦੌਰਾਨ 6000 ਤੋਂ ਵੱਧ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ

## ਡਾ. ਗੁਰਪ੍ਰੀਤ ਕੌਰ, ਸ਼ਿਲਪਾ ਸ਼ੈਟੀ ਅਤੇ ਹਿਮਾਂਸ਼ੀ ਖੁਰਾਨਾ ਵੱਲੋ ਕੈਂਪ ਦਾ ਉਦਘਾਟਨ

**ਧੂਰੀ/ਸੰਗਰੂਰ, (ਦਲਜੀਤ ਕੌਰ)** ਯੂਕੇ ਵਾਸੀ ਪ੍ਰਵਾਸੀ ਭਾਰਤੀ ਅਤੇ ਪ੍ਰਸਿੱਧ ਸਮਾਜ ਸੇਵੀ ਸੁਰਿੰਦਰ ਸਿੰਘ ਨਿੱਝਰ ਵੱਲੋਂ ਸੋਮਵਾਰ ਨੂੰ ਧੂਰੀ ਵਿਖੇ ਅੱਖਾਂ ਦਾ ਇੱਕ ਮੈਗਾ ਜਾਂਚ ਕੈਂਪ ਲਗਾਇਆ ਗਿਆ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਪਤਨੀ ਡਾ: ਗੁਰਪ੍ਰੀਤ ਕੌਰ, ਮਸ਼ਹੂਰ ਬਾਲੀਵੁੱਡ ਅਦਾਕਾਰਾ ਸ਼ਿਲਪਾ ਸ਼ੈਟੀ ਅਤੇ ਪੰਜਾਬੀ ਅਦਾਕਾਰਾ ਹਿਮਾਂਸ਼ੀ ਖੁਰਾਨਾ ਨੇ ਵੱਖ-ਵੱਖ ਰਾਜਨੀਤਿਕ ਅਤੇ ਸਮਾਜਿਕ ਪਤਵੰਤਿਆਂ ਦੀ ਮੌਜੂਦਗੀ ਵਿੱਚ ਕੈਂਪ ਦਾ ਉਦਘਾਟਨ ਕੀਤਾ।




ਕੈਂਪ ਵਿੱਚ ਜਿੱਥੇ 700 ਤੋਂ ਵੱਧ ਵਿਅਕਤੀਆਂ ਦੀਆਂ ਅੱਖਾਂ ਦੇ ਮੁਫ਼ਤ ਆਪ੍ਰੇਸ਼ਨ ਲਈ ਸ਼ਨਾਖਤ ਕੀਤੀ ਗਈ, ਉੱਥੇ ਹੀ ਲੋੜਵੰਦ ਪਰਿਵਾਰਾਂ ਨਾਲ ਸਬੰਧਤ ਔਰਤਾਂ ਨੂੰ 2200 ਸਿਲਾਈ ਮਸ਼ੀਨਾਂ ਵੀ ਵੰਡੀਆਂ ਗਈਆਂ।

ਵਿਸ਼ੇਸ਼ ਤੌਰ 'ਤੇ ਦਿਵਿਆਂਗ ਵਿਅਕਤੀਆਂ ਨੂੰ 100 ਵ੍ਹੀਲ ਚੇਅਰਾਂ ਵੰਡੀਆਂ ਗਈਆਂ ਜਦਕਿ ਸੁਣਨ ਦੀ ਸਮੱਸਿਆ ਵਾਲੇ ਮਰੀਜ਼ਾਂ ਨੂੰ 100 ਕੰਨਾਂ ਦੀਆਂ ਮਸ਼ੀਨਾਂ ਦਿੱਤੀਆਂ ਗਈਆਂ। ਇਸ ਮੌਕੇ 20 ਤੋਂ ਵੱਧ ਲੋੜਵੰਦ ਪਰਿਵਾਰਾਂ ਨੂੰ ਮਕਾਨ ਬਣਾਉਣ ਲਈ ਵਿੱਤੀ ਸਹਾਇਤਾ ਵੀ ਦਿੱਤੀ ਗਈ। ਇਸ ਤੋਂ ਇਲਾਵਾ ਕੈਂਪ ਦੌਰਾਨ ਮਾਹਿਰ ਡਾਕਟਰਾਂ ਦੀ ਟੀਮ ਵੱਲੋਂ 6000 ਤੋਂ ਵੱਧ ਸਥਾਨਕ ਲੋਕਾਂ ਦੀਆਂ ਅੱਖਾਂ ਸਬੰਧੀ ਸਮੱਸਿਆਵਾਂ ਦੀ ਜਾਂਚ ਕੀਤੀ ਗਈ।

ਇਸ ਮੌਕੇ ਡਾ. ਗੁਰਪ੍ਰੀਤ ਕੌਰ ਨੇ ਕੈਂਪ ਦੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਕੈਂਪ ਨੇ ਧੂਰੀ ਵਿੱਚ ਇਤਿਹਾਸ ਰਚਿਆ ਹੈ ਕਿਉਂਕਿ ਇਹ ਪ੍ਰਵਾਸੀ ਭਾਰਤੀ ਕਾਰੋਬਾਰੀ ਸ੍ਰੀ ਨਿੱਝਰ ਵੱਲੋਂ ਕਰਵਾਇਆ ਗਿਆ ਅਜਿਹਾ ਹੁਣ ਤੱਕ ਦਾ ਸਭ ਤੋਂ ਵੱਡਾ ਸਮਾਗਮ ਸੀ। ਉਨ੍ਹਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਇਨ੍ਹਾਂ ਵਰਗੀਆਂ ਸਖਸ਼ੀਅਤਾਂ ਤੋਂ ਸੇਧ ਲੈਣੀ ਚਾਹੀਦੀ ਹੈ ਕਿਉਂ ਜੋ ਉਹ ਵਿਦੇਸ਼ਾਂ ਵਿੱਚ ਬੈਠ ਕੇ ਵੀ ਪੰਜਾਬ ਦੇ ਲੋਕਾਂ ਦੀ ਭਲਾਈ ਬਾਰੇ ਸੋਚ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਦੀ ਭਲਾਈ ਲਈ ਸਮੁੱਚੇ ਸਮਾਜ ਨੂੰ ਮੋਢੇ ਨਾਲ ਮੋਢਾ ਜੋੜ ਕੇ ਤੁਰਨ ਦੀ ਲੋੜ ਹੈ ਅਤੇ ਇਹ ਕੈਂਪ ਉਸ ਦਿਸ਼ਾ ਵਿੱਚ ਇੱਕ ਵਧੀਆ ਉਦਾਹਰਣ ਹੈ।

ਡਾ. ਗੁਰਪ੍ਰੀਤ ਕੌਰ ਨੇ ਪ੍ਰਵਾਸੀ ਭਾਰਤੀਆਂ ਨੂੰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਦੀ ਭਲਾਈ ਲਈ ਕੀਤੇ ਜਾ ਰਹੇ ਯਤਨਾਂ ਵਿੱਚ ਸ਼ਾਮਲ ਹੋਣ ਲਈ ਪੰਜਾਬ ਆਉਣ ਦਾ ਸੱਦਾ ਦਿੱਤਾ।

ਇਸ ਮੌਕੇ ਪ੍ਰਸਿੱਧ ਅਦਾਕਾਰਾ ਸ਼ਿਲਪਾ ਸ਼ੈਟੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਇਸ ਕੈਂਪ ਵਿੱਚ ਸ਼ਾਮਲ ਹੋ ਕੇ ਮਾਣ ਮਹਿਸੂਸ ਕਰ ਰਹੀ ਹੈ ਕਿਉਂਕਿ ਉਹ ਆਪਣੇ ਸਹੁਰਿਆਂ ਦੇ ਪੰਜਾਬੀ ਪਿਛੋਕੜ ਕਾਰਨ ਪੰਜਾਬੀ ਜੜ੍ਹਾਂ ਨਾਲ ਜੁੜੀ ਹੋਈ ਹੈ। ਸ਼ਿਲਪਾ ਸ਼ੈਟੀ ਨੇ ਕਿਹਾ ਕਿ ਬਹੁਤ ਸਾਰੇ ਲੋਕਾਂ ਕੋਲ ਬਹੁਤ ਪੈਸਾ ਹੈ ਪਰ ਸ਼੍ਰੀ ਨਿੱਝਰ ਵਰਗੇ ਕੁਝ ਹੀ ਸਖ਼ਸ਼ ਸਾਡੇ ਸਮਾਜ ਦੇ ਗਰੀਬ ਵਰਗ ਦੀ ਭਲਾਈ ਲਈ ਕਰੋੜਾਂ ਰੁਪਏ ਖਰਚ ਕਰਨ ਦਾ ਦਿਲ ਰੱਖਦੇ ਹਨ।

ਇਸ ਮੌਕੇ ਸੁਰਿੰਦਰ ਸਿੰਘ ਨਿੱਝਰ ਨੇ ਕਿਹਾ ਕਿ ਇਹ ਉਨ੍ਹਾਂ ਦੇ ਗਰੁੱਪ ਵੱਲੋਂ 13ਵਾਂ ਮੈਗਾ ਅੱਖਾਂ ਦਾ ਕੈਂਪ ਸੀ ਅਤੇ ਉਹ ਪੰਜਾਬ ਦੇ ਲੋਕਾਂ ਦੀ ਸੇਵਾ ਨੂੰ ਹਰ ਵੇਲੇ ਸਮਰਪਿਤ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਮਾਤਾ ਹਰਪਾਲ ਕੌਰ, ਹਲਕਾ ਸਨੌਰ ਤੋਂ ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ, ਹਲਕਾ ਸੰਗਰੂਰ ਤੋਂ ਵਿਧਾਇਕ ਨਰਿੰਦਰ ਕੌਰ ਭਰਾਜ, ਮੁੱਖ ਮੰਤਰੀ ਦੇ ਓ।ਐਸ।ਡੀ। ਪ੍ਰੋ। ਉਂਕਾਰ ਸਿੰਘ, ਉੱਘੇ ਆਗੂ ਹਰਪਾਲ ਜੁਨੇਜਾ, ਚੇਅਰਮੈਨ ਰਾਜਵੰਤ ਸਿੰਘ ਘੁੱਲੀ, ਚੇਅਰਮੈਨ ਅਸ਼ੋਕ ਕੁਮਾਰ ਸਿੰਗਲਾ, ਸਤਿੰਦਰ ਸਿੰਘ ਚੱਠਾ, ਜੱਸੀ ਸੇਖੋਂ, ਅਨਵਰ ਭਸੌੜ, ਧੂਰੀ ਦਫਤਰ ਦੇ ਇੰਚਾਰਜ ਅੰਮ੍ਰਿਤਪਾਲ ਸਿੰਘ ਬਰਾੜ ਤੇ ਅਮੀਰ ਸਿੰਘ, ਪਰਮਜੀਤ ਸਿੰਘ ਭਿੰਦੀ, ਵਲਜੋਤ ਪੰਨੂ, ਸਮਾਜਸੇਵੀ ਨਿੱਝਰ ਦੇ ਪਰਿਵਾਰਕ ਮੈਂਬਰ ਅਤੇ ਹੋਰ ਪਤਵੰਤੇ ਹਾਜ਼ਰ ਸਨ।

# ਭੋਗਪੁਰ ਖੰਡ ਮਿੱਲ ਦੇ ਚੇਅਰਮੈਨ ਤੇ ਸੀ.ਐਨ.ਜੀ. ਪਲਾਂਟ ਵਿਚਕਾਰ ਸਮਝੌਤਾ ਰੱਦ ਕਰੋ - ਵਿਧਾਇਕ ਸੁਖਵਿੰਦਰ ਕੋਟਲੀ

**ਫਗਵਾੜਾ / ਜਲੰਧਰ (ਬੀ.ਕੇ. ਰੱਤੂ)-** ਅੱਜ ਸ੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਦੇ ਲਈ ਵੋਟਾਂ ਬਣਾਉਂਣ ਦੀ ਪ੍ਰੀਕ੍ਰਿਆ ਦਾ ਰੀਵਿਓ ਕਰਨ ਲਈ ਡਿਪਟੀ ਕਮਿਸਨਰ ਪਠਾਨਕੋਟ ਆਦਿੱਤਿਆ ਉੱਪਲ ਵੱਲੋਂ ਜਿਲ੍ਹਾ



ਪ੍ਰਬੰਧਕੀ ਕੰਪਲੈਕਸ ਮਲਿਕਪੁਰ ਪਠਾਨਕੋਟ ਦੇ ਮੀਟਿੰਗ ਹਾਲ ਵਿਖੇ ਇੱਕ ਰੀਵਿਓ ਮੀਟਿੰਗ ਆਯੋਜਿਤ ਕੀਤੀ ਗਈ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਉਪ ਮੰਡਲ ਪਠਾਨਕੋਟ ਮੇਜਰ ਡਾ. ਸੁਮਿਤ ਮੁਦ ਰਿਵਾਇਜਿੰਗ ਅਥਾਰਟੀ ਐਸ.ਜੀ.ਪੀ.ਸੀ. (ਚੋਣ ਬੋਰਡ) ਹਰਕਾ 110 ਪਠਾਨਕੋਟ ਅਤੇ ਜਿਲ੍ਹਾ ਪਠਾਨਕੋਟ ਅੰਦਰ ਲਗਾਏ ਸਾਰੇ ਸੈਕਟਰ ਅਫਸਰ ਹਾਜ਼ਰ ਸਨ।

ਇਸ ਮੌਕੇ ਤੇ ਡਿਪਟੀ ਕਮਿਸਨਰ ਪਠਾਨਕੋਟ ਆਦਿੱਤਿਆ ਉੱਪਲ ਨੇ ਸੈਕਟਰ ਅਫਸਰਾਂ ਤੋਂ ਜਿਲ੍ਹਾ ਪਠਾਨਕੋਟ ਅੰਦਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਬਣਾਈਆਂ ਜਾ ਰਹੀਆਂ ਵੋਟਾਂ ਦਾ ਰੀਵਿਓ ਕੀਤਾ। ਉਨ੍ਹਾਂ ਸੈਕਟਰ ਅਫ਼ਸਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਕੋਈ ਵੀ ਅਜਿਹਾ ਵਿਅਕਤੀ ਜੋ ਨਿਯਮਾਂ ਤੇ ਅਧਾਰ ਤੇ ਐਸ.ਜੀ.ਪੀ.ਸੀ. ਵੋਟਾਂ ਦੇ ਲਈ ਯੋਗ ਹੈ ਉਸ ਦੀ ਵੋਟ ਬਣਨ ਤੋਂ ਰਹਿਣੀ ਨਹੀਂ ਚਾਹੀਦੀ। ਉਨ੍ਹਾਂ ਦੱਸਿਆ ਕਿ ਸ੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਜੋ ਵੋਟਰ ਸੂਚੀ ਤਿਆਰ ਕੀਤੀ ਜਾ ਰਹੀ ਹੈ ਉਸ ਵਿੱਚ ਬਤੌਰ ਵੋਟਰ ਨਾਮ ਦਰਜ ਲਈ ਆਖਰੀ ਮਿਤੀ 31.07.2024 ਹੈ। ਉਨ੍ਹਾਂ ਆਮ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਜੇ ਕੋਈ ਕੇਸਧਾਰੀ ਸਿੱਖ ਜਾਂ ਕੇਸਧਾਰੀ ਸਿੱਖ ਬੀਬੀਆਂ ਨੇ ਅਜੇ ਤੱਕ ਵੀ ਫਾਰਮ 1 ਵਿੱਚ ਦਰਜ ਸ਼ਰਤਾਂ ਅਨੁਸਾਰ ਫਾਰਮ ਨਹੀਂ ਭਰਿਆ ਉਹ ਮਿਤੀ 31.07.2024 ਤੱਕ ਫਾਰਮ ਭਰਕੇ ਲੋੜੀਂਦੇ ਦਸਤਾਵੇਜ ਲਗਾ ਕੇ ਐਸ.ਡੀ.ਐਮ. ਪਠਾਨਕੋਟ ਦੇ ਦਫਤਰ ਕਮਰਾ ਨੰ 215 ਵਿੱਚ ਸਥਾਪਿਤ ਇਲੈਕਸ਼ਨ ਸੈਲ ਵਿੱਚ ਸ਼ਾਮ 5:00 ਵਜੇ ਤੱਕ ਜਮ੍ਹਾ ਕਰਵਾ ਸਕਦਾ ਹੈ।ਆਦਮਪੁਰ ਹਲਕੇ ਦੇ ਵਿਧਾਇਕ ਸੁਖਵਿੰਦਰ ਸਿੰਘ ਕੋਟਲੀ ਦੀ ਅਗਵਾਈ ਵਿਚ ਦਾਣਾਂ ਮੰਡੀ ਭੋਗਪੁਰ ਵਿਖੇ ਸਾਰੇ ਰਾਜਨੀਤਕ ਪਾਰਟੀ ਦੇ ਆਗੂ, ਕਿਸਾਨ ਜੱਥੇਬੰਦੀਆਂ, ਮਾਰਕੀਟ ਐਸੋਸੀਏਸ਼ਨ, ਇਲਾਕੇ ਦੇ ਪੰਚ ਸਰਪੰਚ ਤੇ ਸ਼ਹਿਰ ਦੇ ਮੋਹਤਵਾਰ ਆਗੂ ਇਕੱਠੇ ਹੋਏ ਤੇ ਜਲੰਧਰ ਪਹੁੰਚ ਕੇ ਡੀ ਸੀ ਨੂੰ ਮੰਗ ਪੱਤਰ ਦਿੱਤਾ, ਜਿਸ ਵਿੱਚ ਮੰਗ ਕੀਤੀ ਕਿ ਪਲਾਂਟ ਲੱਗਣ ਨਾਲ ਮਿੱਲ ਕੋਲ ਜ਼ਮੀਨ ਨਹੀ ਬਚੇਗੀ, ਗੰਨੇ ਦੀਆਂ ਨਵੀਆਂ ਖੋਜਾਂ ਲਈ ਗੰਨਾਂ ਕਿੱਥੇ ਪੈਦਾ ਕੀਤਾ ਜਾਵੇਗਾ, ਜਲੰਧਰ ਸ਼ਹਿਰ ਦਾ ਕੂੜਾ ਤੇ ਨਕੋਦਰ ਮਿੱਲ ਤੇ ਨਵਾਂਸ਼ਹਿਰ ਮਿੱਲ ਦਾ ਵੇਸਟਜ ਇੱਥੇ ਕਿਉਂ ਆਵੇ, ਮਿੱਲ ਦੇ ਚੱਲਣ ਵੇਲੇ ਗੰਨੇ ਦੀਆਂ ਟਰਾਲੀਆਂ ਖੜੀਆਂ ਕਰਨ ਨੂੰ ਜਗਾ ਨਹੀ ਹੁੰਦੀ, ਜਦੋ 300-400 ਗੱਡੀਆਂ ਜਲੰਧਰ ਤੋਂ ਕੂੜੇ ਅਤੇ ਨਵਾਂਸ਼ਹਿਰ ਤੇ ਨਕੋਦਰ ਮਿੱਲ ਤੋਂ ਵੇਸਟਜ ਰੋਜਾਨਾਂ ਹੋਰ ਆਵੇਗੀ ਤੇ ਕੂੜੇ ਤੇ ਵੇਸਟਜ ਨਾਲ ਡੰਪ ਬਣੇਗਾ ਅਤੇ ਜੀ ਟੀ ਰੋਡ ਤੇ ਸ਼ਹਿਰ ਅਤੇ ਇਲਾਕੇ ਅੰਦਰ ਟ੍ਰੈਫਿਕ ਦੀ ਮੁਸ਼ਕਲ ਹੋਵੇਗੀ, ਪ੍ਰਦੂਸ਼ਨ ਹੋਵੇਗਾ ਤੇ ਪਲਾਂਟ ਦਾ ਗੰਦਾ ਪਾਣੀ ਜ਼ਮੀਨ ਅੰਦਰ ਜਾ ਕੇ ਪੀਣ ਵਾਲੇ ਪਾਣੀ ਨੂੰ ਖ਼ਰਾਬ ਕਰੇਗਾ ਤੇ ਗਰੀਨ ਜ਼ੋਨ ਵਿਚ ਆਇਆ ਇਹ ਇਲਾਕਾ ਤਬਾਹ ਹੋ ਜਾਵੇਗਾ,ਇਸ ਲਈ ਪਲਾਂਟ ਲੱਗਣ ਦਾ ਸਮਝੌਤਾ ਰੱਦ ਕੀਤਾ ਜਾਵੇ। ਇਸ ਮੌਕੇ ਰਾਜ ਕੁਮਾਰ ਰਾਜਾ ਸਾਬਕਾ ਪ੍ਰਧਾਨ ਨਗਰ ਕੌਂਸਲ ਭੋਗਪੁਰ, ਹਰਵਿੰਦਰ ਸਿੰਘ ਡੱਲੀ ਭਾਜਪਾ ਆਗੂ, ਰਕੇਸ਼ ਕੁਮਾਰ ਬੱਗਾ ਬਸਪਾ ਆਗੂ, ਇੰਦਰਜੀਤ ਮਹਿਤਾ, ਸੁਸ਼ੀਲ ਪ੍ਰਭਾਕਰ, ਮਨਮੀਤ ਸਿੰਘ ਵਿੱਕੀ, ਸਰਪੰਚ ਸਾਬੀ ਮੋਗਾ, ਸਰਪੰਚ ਚਰਨਜੀਤ ਸਿੰਘ ਡੱਲਾ, ਵਿਸ਼ਾਲ ਬਹਿਲ, ਬਲਵਿੰਦਰ ਸਿੰਘ ਮੱਲੀ ਨੰਗਲ, ਪਰਮਿੰਦਰ ਸਿੰਘ ਮੱਲੀ, ਜਸਵੀਰ ਸਿੰਘ ਸੈਣੀ, ਚਮਨ ਲਾਲ ਘੋੜਾ ਵਾਹੀ, ਜਗਮੇਲ ਸਿੰਘ ਢਿੱਲੋ, ਲਵਦੀਪ ਸਿੰਘ ਲੱਕੀ, ਸਰਪੰਚ ਜਤਿੰਦਰ ਸਿੰਘ ਚਮਿਆਰੀ, ਮਨੀਸ਼ ਅਰੋੜਾ ਕੌਂਸਲਰ, ਅਰਵਿੰਦਰ ਸਿੰਘ ਝਮਟ, ਨੰਬਰਦਾਰ ਸਤਿੰਦਰ ਸਿੰਘ, ਸਤਨਾਮ ਸਿੰਘ ਡੱਲੀ ਤੇ ਹੋਰ ਹਾਜ਼ਰ ਸਨ।

# ਛੱਜਾਂ ਵਾਲੀ ਕਲੋਨੀ 'ਚ ਬਾਹਰੋਂ ਆ ਕੇ ਵਸੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਹੋਵੇ ਕਾਰਵਾਈ - ਤੁਲਸੀ ਰਾਮ ਖੋਸਲਾ

**ਫਗਵਾੜਾ 29 ਜੁਲਾਈ (ਬੀ.ਕੇ. ਰੱਤੂ)** ਸਥਾਨਕ ਛੱਜਾਂ ਵਾਲੀ ਕਲੋਨੀ ਵਾਲਮੀਕਿ ਮੁਹੱਲਾ ਇੰਡਸਟ੍ਰੀਅਲ ਏਰੀਆ ਦੇ ਸਮੂਹ ਵਸਨੀਕਾਂ ਵਲੋਂ ਮੁਹੱਲਾ ਕਮੇਟੀ ਦੇ ਪ੍ਰਧਾਨ ਨੋਹਰੀ ਰਾਮ ਦੀ ਅਗਵਾਈ ਹੇਠ ਅੱਜ ਐਸ.ਪੀ. ਫਗਵਾੜਾ ਦੇ ਨਾਮ ਇਕ ਮੰਗ ਪੱਤਰ ਦਿੱਤਾ ਗਿਆ। ਜਿਸ ਵਿਚ ਛੱਜਾਂ ਵਾਲੀ ਕਲੋਨੀ ਦੇ ਵਸਨੀਕਾਂ ਨੂੰ ਤੰਗ ਪਰੇਸ਼ਾਨ ਨਾ ਕਰਨ ਅਤੇ ਬਾਹਰੋਂ ਆ ਕੇ ਵਸੇ ਸਮਾਜ ਵਿਰੋਧੀ ਅਨਸਰਾਂ ਖਿਲਾਫ ਸਖਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਗਈ ਹੈ। ਵਧੇਰੇ ਜਾਣਕਾਰੀ ਦਿੰਦਿਆਂ ਤੁਲਸੀ ਰਾਮ ਖੋਸਲਾ ਨੇ ਦੱਸਿਆ ਕਿ ਛੱਜਾਂ ਵਾਲੀ ਉਕਤ ਕਲੋਨੀ ਦੇ ਵਸਨੀਕ ਕਰੀਬ 54 ਸਾਲ ਤੋਂ ਉੱਥੇ ਰਹਿ ਰਹੇ ਹਨ। ਕਾਰਪੋਰੇਸ਼ਨ ਵਲੋਂ ਉਹਨਾਂ ਦੇ ਪੱਕੇ ਬਣੇ ਘਰਾਂ 'ਚ ਪਾਣੀ, ਸੀਵਰੇਜ ਤੇ ਬਿਜਲੀ ਦੇ ਕੁਨੈਕਸ਼ਨ ਲੱਗੇ ਹੋਏ ਹਨ ਅਤੇ ਹਰੇਕ ਸਰਕਾਰੀ ਸਹੂਲਤ ਮਿਲ ਰਹੀ ਹੈ। ਉੱਥੇ ਦੇ ਬਜ਼ੁਰਗ ਲੋਕ ਛੱਜਾਂ ਦਾ ਕੰਮ ਕਰਦੇ ਹਨ ਅਤੇ ਉਹਨਾਂ ਦੇ ਬੱਚੇ ਫੇਰੀ ਲਗਾ ਕੇ ਕਪੜਾ ਆਦਿ ਵੇਚਦੇ ਹਨ ਅਤੇ ਮਿਹਨਤ ਮਜਦੂਰੀ ਕਰਦੇ ਹਨ। ਜਿਹਨਾਂ ਨੇ ਕਰਜਾ ਲੈ ਕੇ ਪੱਕੇ ਘਰ ਬਣਾਏ ਹੋਏ ਹਨ। ਪਰ ਪਿਛਲੇ ਕੁੱਝ ਸਮੇਂ ਤੋਂ ਬਾਹਰਲੇ ਸ਼ਰਾਰਤੀ ਲੋਕ ਆ ਕੇ ਇੱਥੇ ਵੱਸ ਗਏ ਹਨ ਜੋ ਕਿ ਨਸ਼ੇ ਦਾ ਕਾਰੋਬਾਰ ਕਰਦੇ ਸੀ। ਜਿਹਨਾਂ ਖਿਲਾਫ ਪੁਲਿਸ ਵਲੋਂ ਕਾਰਵਾਈ



ਤਾਂ ਹੋਈ ਪਰ ਪੱਕਾ ਸੁਧਾਰ ਨਹੀਂ ਹੋਇਆ। ਉਹਨਾਂ ਦੱਸਿਆ ਕਿ ਪੁਲਿਸ ਤੋਂ ਮੰਗ ਕੀਤੀ ਗਈ ਹੈ ਕਿ ਸਮਾਜ ਵਿਰੋਧੀ, ਸ਼ਰਾਰਤੀ ਅਤੇ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਪਰ ਉੱਥੋਂ ਦੇ ਆਮ ਵਸਨੀਕਾਂ ਨੂੰ ਤੰਗ ਪਰੇਸ਼ਾਨ ਨਾ ਕੀਤਾ ਜਾਵੇ। ਉਹਨਾਂ ਦੱਸਿਆ ਕਿ ਬੀਤੇ ਦਿਨੀਂ ਨਗਰ ਨਿਗਮ ਕਮਿਸ਼ਨਰ ਫਗਵਾੜਾ ਨੂੰ ਵੀ ਮੰਗ ਪੱਤਰ ਦਿੱਤਾ ਗਿਆ ਸੀ ਜਿਸ ਵਿਚ ਈ.ਐਸ.ਆਈ. ਹਸਪਤਾਲ ਦੇ ਸਾਹਮਣੇ ਸੜਕ ਦੇ ਦੋਵੇਂ ਪਾਸੇ ਸਫਾਈ ਕਰਵਾਉਣ ਅਤੇ ਇੰਟਰਲੋਕ ਟਾਇਲਾਂ ਲਗਵਾ ਕੇ ਪਾਰਕ ਦੀ ਉਸਾਰੀ ਦੇ ਨਾਲ ਰਾਹਗੀਰਾਂ ਦੇ ਬੈਠਣ ਲਈ ਕੁਰਸੀਆਂ ਲਗਵਾਉਣ ਦੀ ਮੰਗ ਕੀਤੀ ਗਈ ਸੀ। ਅਪਰਾਧ ਮੁਕਤ ਮਾਹੌਲ ਕਾਇਮ ਕਰਨ ਲਈ ਐਸ.ਐਸ.ਪੀ. ਕਪੂਰਥਲਾ ਅਤੇ ਡੀ.ਜੀ.ਪੀ. ਪੰਜਾਬ ਨੂੰ ਵੀ ਪੱਤਰ ਲਿਖੇ ਗਏ ਹਨ। ਉਹਨਾਂ ਇਹ ਵੀ ਕਿਹਾ ਕਿ ਕੁੱਝ ਲੋਕ ਆਪਣੀ ਸਿਆਸਤ ਚਮਕਾਉਣਾ ਅਤੇ ਕਰੀਬ 54 ਸਾਲ ਤੋਂ ਵਸੀ ਛੱਜਾਂ ਵਾਲੀ ਕਲੋਨੀ ਨੂੰ ਉਜਾੜਨਾ ਚਾਹੁੰਦੇ ਹਨ। ਇਸ ਮੌਕੇ ਦੇਵੀ ਲਾਲ, ਸ਼ੰਮੀ, ਹਰੀ, ਰਾਜਵੀਰ ਸੰਧੂ, ਸੁਰਿੰਦਰ ਸਾਹੂ, ਗੁਰਮੀਤ, ਹੈਪੀ ਅਜੇ, ਸਨੀ, ਮੰਗੂ, ਮੰਗਲ, ਵੀਰੂ, ਲੱਕੀ, ਰੋਕੀ, ਕੁਲਦੀਪ, ਅਮਰ ਗੋਪੀ, ਦੀਪਕ, ਰਾਜਾ, ਬਿੱਟੂ, ਚੰਦਨ, ਹਨੀ ਜੁਗਨੂੰ ਆਦਿ ਹਾਜਰ ਸਨ।

# ਜਵਾਹਰ ਨਵੋਦਿਆ ਵਿਦਿਆਲਿਆ ਵੱਲੋਂ 6ਵੀਂ ਕਲਾਸ ਵਿੱਚ ਰਜਿਸਟ੍ਰੇਸਨ ਕਰਨ ਲਈ ਆਨ ਲਾਈਨ ਅਰਜੀਆਂ ਦੀ ਮੰਗ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਜਵਾਹਰ ਨਵੋਦਿਆ ਵਿਦਿਆਲਿਆ ਨਾਜੋਚੱਕ ਦੇ ਪ੍ਰਿੰਸੀਪਲ ਡਾ. ਸੰਦੀਪ ਕੁਮਾਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਵਾਹਰ ਨਵੋਦਿਆ ਵਿਦਿਆਲਿਆ ਵਿੱਚ 6 ਕਲਾਸ ਦੀ ਰਜਿਸਟ੍ਰੇਸਨ ਲਈ ਆਨ ਲਾਈਨ ਅਰਜੀਆਂ ਭਰਨ ਦੀ ਸੁਵਿਧਾ ਦਿੱਤੀ ਗਈ ਹੈ ਅਤੇ ਕੋਈ ਵੀ ਆਫ ਲਾਈਨ ਅਰਜੀਆਂ ਸਵੀਕਾਰ ਨਹੀਂ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਹੈਡ ਕੁਆਟਰ ਨੋਇਡਾ ਦੀ ਵੈਬਸਾਈਟ www.navodaya.govi.n ਅਤੇ Navodaya.govi.n/nvs/en/Adimsison ਤੇ ਆਨ ਲਾਈਨ ਰਜਿਸਟ੍ਰੇਸਨ ਕੀਤੀ ਜਾ ਸਕਦੀ ਹੈ। ਉਨ੍ਹਾਂ ਦੱਸਿਆ ਕਿ ਸੈਸਨ 2024-25 ਦੋਰਾਨ ਪੰਜਵੀਂ ਕਲਾਸ ਦੇ ਵਿਦਿਆਰਥੀ ਜੋ ਕਿ ਜਿਲ੍ਹੇ ਦੇ ਕਿਸੇ ਵੀ ਸਰਕਾਰੀ ਜਾਂ ਸਰਕਾਰੀ ਮਾਨਤਾ ਪ੍ਰਾਪਤ ਸਕੂਲ ਵਿੱਚ ਪੜ ਰਿਹਾ ਹੋਵੇ 6 ਕਲਾਸ ਵਿੱਚ ਰਜਿਸਟ੍ਰੇਸਨ ਕਰਨ ਦੇ ਲਈ ਆਨ ਲਾਈਨ ਅਰਜੀ ਭਰ ਸਕਦਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀ ਦਾ ਜਨਮ 1-5-2013 ਤੋਂ 31-7-2015 ਵਿੱਚ ਹੋਇਆ ਹੋਣਾ ਚਾਹੀਦਾ ਹੈ ਅਤੇ ਰਜਿਸਟ੍ਰੇਸਨ ਕਰਨ ਦੀ ਅੰਤਿਮ ਮਿਤੀ 16 -9- 2024 ਹੈ। ਉਨ੍ਹਾਂ ਦੱਸਿਆ ਕਿ ਜੋ ਵਿਦਿਆਰਥੀ 6 ਵੀਂ ਕਲਾਸ ਦੇ ਲਈ ਰਜਿਸਟ੍ਰੇਸਨ ਕਰਨਾ ਚਾਹੁੰਦੇ ਹਨ ਉਹ ਵਧੇਰੇ ਜਾਣਕਾਰੀ ਦੇ ਲਈ ਜਵਾਹਰ ਨਵੋਦਿਆ ਵਿਦਿਆਲਿਆ ਦੀ ਵੈਬਸਾਈਟ http://navodava.govi.n/nvs/nvs-school/pathankot/en/homei/ndex/html ਨੂੰ ਦੇਖਿਆ ਜਾ ਸਕਦਾ ਹੈ।

# ਬਸਪਾ ਦੀ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦੇ ਆਦੇਸ਼ਾਂ ਅਨੁਸਾਰ ਪੰਜਾਬ ਦੀ ਕਾਰਜਕਾਰੀ ਕਮੇਟੀ ਦਾ ਕੀਤਾ ਗਠਨ - ਰਣਧੀਰ ਸਿੰਘ ਬੈਨੀਵਾਲ

## ਕਿਹਾ – ਜਸਵੀਰ ਸਿੰਘ ਗੜ੍ਹੀ ਸੂਬਾ ਪ੍ਰਧਾਨ ਬਣੇ ਰਹਿਣਗੇ ਤੇ ਵਿਧਾਇਕ ਡਾ. ਨਛੱਤਰ ਪਾਲ ਹੋਣਗੇ ਸੂਬਾ ਇੰਚਾਰਜ

**ਫਗਵਾੜਾ–** ਬਹੁਜਨ ਸਮਾਜ ਪਾਰਟੀ, ਪੰਜਾਬ, ਚੰਡੀਗੜ੍ਹ, ਹਰਿਆਣਾ ਦੇ ਮੁੱਖ ਕੋਆਰਡੀਨੇਟਰ ਰਣਧੀਰ ਸਿੰਘ ਬੈਨੀਵਾਲ ਨੇ ਇੱਕ ਪ੍ਰੈੱਸ ਨੋਟ ਰਾਹੀਂ ਦੱਸਿਆ ਹੈ ਕਿ ਬਹੁਜਨ ਸਮਾਜ ਪਾਰਟੀ ਦੀ ਕੌਮੀ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਦੇ ਆਦੇਸ਼ਾਂ ਅਨੁਸਾਰ ਪੰਜਾਬ ਦੀ ਕਾਰਜਕਾਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ, ਜਿਸ ਵਿੱਚ ਜਸਵੀਰ ਸਿੰਘ ਗੜ੍ਹੀ ਸੂਬਾ ਪ੍ਰਧਾਨ ਬਣੇ ਰਹਿਣਗੇ। ਡਾ। ਨਛੱਤਰ ਪਾਲ ਪੰਜਾਬ ਦੇ ਸੂਬਾ ਇੰਚਾਰਜ ਵਿਧਾਇਕ ਹੋਣਗੇ। ਸ਼੍ਰੀ ਰਾਜਾ ਰਾਜਿੰਦਰ ਸਿੰਘ ਨਨ੍ਹੇੜੀਆਂ ਜੀ ਨੂੰ ਚੰਡੀਗੜ੍ਹ ਦਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਸ਼੍ਰੀ ਬੇਨੀਵਾਲ ਨੇ ਅੱਗੇ ਕਿਹਾ ਕਿ ਸੂਬੇ ਦੇ ਉਪਪ੍ਰਧਾਨ ਸ਼੍ਰੀ ਅਜੀਤ ਸਿੰਘ ਭੈਣੀ ਹੋਣਗੇ। ਸੂਬਾ ਜਨਰਲ ਸਕੱਤਰਾਂ ਦੀ ਸੂਚੀ ਵਿੱਚ ਸ੍ਰੀ ਬਲਦੇਵ ਮਹਿਰਾ, ਸ੍ਰੀ ਗੁਰਲਾਲ ਸੈਲਾ, ਸ੍ਰੀ ਬਲਵਿੰਦਰ ਕੁਮਾਰ ਐਡਵੋਕੇਟ, ਸ੍ਰੀ ਗੁਰਨਾਮ ਸਿੰਘ ਚੌਧਰੀ, ਸ੍ਰੀ ਹਰਭਜਨ ਸਿੰਘ ਬਜਹੇਰੀ, ਸ੍ਰੀ ਤਰਸੇਮ ਥਾਪਰ, ਸ੍ਰੀ ਚਮਕੌਰ ਸਿੰਘ ਵੀਰ, ਸ੍ਰੀ ਨਿੱਕਾ ਸਿੰਘ ਬਠਿੰਡਾ, ਸ੍ਰੀ ਸੁਖਦੇਵ ਸਿੰਘ ਸ਼ੀਰਾ, ਸ੍ਰੀ ਲਾਲ ਸਿੰਘ ਸੁਲਹਾਨੀ ਅਤੇ ਸ੍ਰੀ ਕੁਲਦੀਪ ਸਿੰਘ ਸਰਦੂਲਗੜ੍ਹ ਸ਼ਾਮਲ ਹਨ। ਇਸ ਮੌਕੇ ਸੂਬਾ ਦਫ਼ਤਰ ਦੇ ਸਕੱਤਰ ਜਸਵੰਤ ਰਾਏ ਅਤੇ ਸੂਬਾ ਕੈਸ਼ੀਅਰ ਪਰਮਜੀਤ ਮੱਲ ਹੋਣਗੇ। ਸੂਬਾ ਸਕੱਤਰਾਂ ਦੀ ਸੂਚੀ ਵਿੱਚ ਮਾਸਟਰ ਰਾਮਪਾਲ ਅਬੀਆਣਾ, ਬਲਵੰਤ ਕੇਹਰਾ ਅੰਮ੍ਰਿਤਸਰ, ਤਾਰਾਚੰਦ ਭਗਤ, ਤੀਰਥ ਰਾਜਪੁਰਾ ਅਤੇ ਮਾ। ਓਮਪ੍ਰਕਾਸ਼ ਸਰੋਆ ਫਿਰੋਜ਼ਪੁਰ ਸ਼ਾਮਲ ਹੋਣਗੇ। ਸੂਬਾ ਕਾਰਜਕਾਰਨੀ ਮੈਂਬਰਾਂ ਦੀ ਸੂਚੀ ਵਿੱਚ ਸ੍ਰੀਮਤੀ ਸ਼ੀਲਾ ਰਾਣੀ, ਐਡਵੋਕੇਟ ਅਵਤਾਰ ਕ੍ਰਿਸ਼ਨ ਅਤੇ ਸ੍ਰੀ ਲੇਖਰਾਜ ਜਮਾਲਪੁਰੀ ਹੋਣਗੇ।







ਸਭਾ ਇੰਚਾਰਜਾਂ ਦੀ ਸੂਚੀ ਵਿੱਚ ਲੋਕ ਸਭਾ ਫਤਿਹਗੜ੍ਹ ਸਾਹਿਬ ਦੇ ਇੰਚਾਰਜ ਕੁਲਵੰਤ ਸਿੰਘ ਮੈਹਤੋਂ, ਪਟਿਆਲਾ ਲੋਕ ਸਭਾ ਇੰਚਾਰਜ ਜਗਜੀਤ ਸਿੰਘ ਛੜਬੜ, ਸੰਗਰੂਰ ਲੋਕ ਸਭਾ ਇੰਚਾਰਜ ਡਾਕਟਰ ਮੱਖਣ ਸਿੰਘ, ਬਠਿੰਡਾ ਲੋਕ ਸਭਾ ਇੰਚਾਰਜ ਸ਼੍ਰੀਮਤੀ ਮੀਨਾ ਰਾਣੀ, ਫਰੀਦਕੋਟ ਲੋਕ ਸਭਾ ਇੰਚਾਰਜ ਗੁਰਬਖਸ਼ ਸਿੰਘ ਚੌਹਾਨ, ਲੁਧਿਆਣਾ ਲੋਕ ਸਭਾ ਇੰਚਾਰਜ ਦਵਿੰਦਰ ਸਿੰਘ ਰਾਮਗੜੀਆ, ਫਿਰੋਜਪੁਰ ਲੋਕ ਸਭਾ ਇੰਚਾਰਜ ਸੁਰਿੰਦਰ ਕੰਬੋਜ, ਲੋਕ ਸਭਾ ਸ਼੍ਰੀ ਇੰਚਾਰਜ ਪਰਵੀਨ ਬੰਗਾ, ਹੁਸ਼ਿਆਰਪੁਰ ਲੋਕ ਸਭਾ ਇੰਚਾਰਜ ਐਡਵੋਕੇਟ ਰਣਜੀਤ ਕੁਮਾਰ, ਗੁਰਦਾਸਪੁਰ ਲੋਕ ਸਭਾ ਇੰਚਾਰਜ ਰਾਜ ਕੁਮਾਰ ਜਨੋਤਰਾ, ਅੰਮ੍ਰਿਤਸਰ ਲੋਕ ਸਭਾ ਇੰਚਾਰਜ ਵਿਸ਼ਾਲ ਸਿੱਧੂ ਅਤੇ ਖਡੂਰ ਸਾਹਿਬ ਲੋਕ ਸਭਾ ਇੰਚਾਰਜ ਇੰਜ. ਸਤਨਾਮ ਸਿੰਘ ਤੁੜ ਹੋਣਗੇ। ਇਸ ਮੁੱਖ ਸ਼੍ਰੀ ਰਣਦੀਪ ਸਿੰਘ ਬੈਨੀਵਾਲ ਜੀ ਨੇ ਪੰਜਾਬ ਦੇ ਜਿਲ੍ਹਾਂ ਅਤੇ ਵਿਧਾਨ ਸਭਾ ਪੱਧਰ ਦੇ ਢਾਂਚੇ ਦੀ ਸਮੀਖਿਆ ਦੇ ਨਿਰਦੇਸ਼ ਦਿੱਤੇ, ਜਿਸ ਦਾ ਕੰਮ ਅਗਸਤ ਮਹੀਨੇ ਵਿੱਚ ਪੂਰਾ ਕਰਕੇ ਪਾਰਟੀ ਨੂੰ ਦਿੱਤਾ ਜਾਵੇਗਾ।

ਵਿਧਾਨ ਸਭਾ ਪੱਧਰ ਤੇ ਪੰਜ ਪੰਜ ਅਸੈਂਬਲੀ ਜੋਨ ਇੰਚਾਰਜ ਬਣਾਕੇ ਸੀਨੀਅਰ ਲੀਡਰਸ਼ਿਪ ਨੂੰ ਕੰਮ ਵੰਡਣ ਦੇ ਨਿਰਦੇਸ਼ ਦਿੱਤੇ।

# ਸ਼੍ਰੋਮਣੀ ਅਕਾਲੀ ਦਲ ਪੰਜਾਬ ਦੇ ਹਿੱਤਾਂ ਤੇ ਦੇਵੇਗਾ ਪਹਿਰਾ-ਲਖਵਿੰਦਰ ਸਿੰਘ ਲੱਖੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਸ਼੍ਰੋਮਣੀ ਅਕਾਲੀ ਦਲ ਨੇ ਹਮੇਸ਼ਾ ਪੰਜਾਬ ਦੇ ਹਿੱਤਾਂ ਦੀ ਰਾਖੀ ਕੀਤੀ ਹੈ ਤੇ ਅੱਗੇ ਤੋਂ ਵੀ ਹਰ ਇੱਕ ਵਰਕਰ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨ ਲਈ ਵਜਨ ਵੱਧ ਹੈ। ਉਪਰੋਕਤ ਸ਼ਬਦ ਸ਼੍ਰੋਮਣੀ ਅਕਾਲੀ ਦਲ ਦੇ ਜਿਲ੍ਹਾ ਜੱਥੇਦਾਰ ਲਖਵਿੰਦਰ ਸਿੰਘ ਲੱਖੀ ਨੇ ਸ਼ਹਿਰੀ ਸਰਕਲ ਪ੍ਰਧਾਨ ਬਿਕਰਮਜੀਤ ਸਿੰਘ ਕਲਸੀ ਦੀ ਪ੍ਰਧਾਨਗੀ ਹੇਠ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬਣਾਉਣ ਸਬੰਧੀ ਕੀਤੀ ਗਈ ਬੈਠਕ ਨੂੰ ਸੰਬੋਧਨ ਕਰਦੇ ਹੋਏ ਕਹੇ। ਲਖਵਿੰਦਰ ਲੱਖੀ ਨੇ ਕਿਹਾ ਕਿ ਅਕਾਲੀ ਦਲ ਦੀਆਂ ਅੰਦਰੂਨੀ ਘਟਨਾਵਾਂ ਨਾਲ ਅਕਾਲੀ ਦਲ ਦੀ ਸੋਚ ਨੂੰ ਕੋਈ ਫਰਕ ਨਹੀਂ ਪਵੇਗਾ। ਅਕਾਲੀ ਦਲ ਸ਼ੁਰੂ ਤੋਂ ਹੀ ਪੰਜਾਬ ਤੇ ਪੰਜਾਬੀਅਤ ਦੀ ਰਾਖੀ ਲਈ ਕੰਮ ਕਰਦਾ ਆਇਆ ਹੈ, ਅੱਗੇ ਤੋਂ ਵੀ ਇਹ ਕੰਮ ਜਾਰੀ ਰੱਖੇਗਾ। ਉਹਨਾਂ ਨੇ ਕਿਹਾ ਹੁਣ ਅਕਾਲੀ ਦਲ ਦੇ ਵਰਕਰਾਂ ਦੀ ਜ਼ਿੰਮੇਵਾਰੀ ਬਣਦੀ ਹੈ, ਕਿ ਉਹ ਵੱਧ ਤੋਂ ਵੱਧ ਸ਼੍ਰੋਮਣੀ ਗੁਰ-ਦੁਆਰਾ ਪ੍ਰਬੰਧਕ ਕਮੇਟੀ ਦੀਆਂ ਵੋਟਾਂ ਬਣਾਉਣ ਦਾ ਕੰਮ ਮੁਕ-ਮਲ ਕਰਨ। ਇਸ ਸਬੰਧ ਵਿੱਚ ਉਹਨਾਂ ਨੇ ਵੱਖ-ਵੱਖ ਵਰਕਰਾਂ ਨੂੰ ਅਲੱਗ ਅਲੱਗ ਜ਼ਿੰਮੇਵਾਰੀਆਂ ਵੀ ਸੌਂਪੀਆਂ। ਇਸ ਮੌਕੇ ਅਕਾਲੀ ਦਲ ਦੇ ਕੌਮੀ ਮੀਤ ਪ੍ਰਧਾਨ ਸੰਜੀਵ ਤਲਵਾੜ ਨੇ ਦੱਸਿਆ ਸਰਦਾਰ ਸੁਖਬੀਰ ਸਿੰਘ ਬਾਦਲ ਦੇ ਆਦੇਸ਼ਾਂ ਅਨੁਸਾਰ ਪੰਜਾਬ ਦੇ ਵਾਤਾਵਰਨ ਨੂੰ ਬਚਾਉਣ ਲਈ ਦਰੱਖਤ ਲਗਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਉਹਨਾਂ ਦੱਸਿਆ ਇਸ ਵਾਰ ਕੇਵਲ ਉਹ ਦਰੱਖਤ ਹੀ ਲਗਾਏ ਜਾ ਰਹੇ ਹਨ, ਜਿਹਨਾਂ ਦਾ ਵਾਤਾਵਰਨ ਦੇ ਨਾਲ ਡੂੰਘਾ ਰਿਸ਼ਤਾ ਹੈ। ਉਹਨਾਂ ਨੇ ਇਸ ਮੌਕੇ ਅਪੀਲ ਵੀ ਕੀਤੀ ਕਿ ਜਿਹੜੇ ਲੋਕ ਦਰੱਖਤ ਲਗਾਉਣਾ ਚਾਹੁੰਦੇ ਹਨ ਅਤੇ ਉਹਨਾਂ ਨੂੰ ਪਾਲ ਸਕਦੇ ਹਨ, ਪਰ ਦਰੱਖਤ ਲੈਣ ਤੋਂ ਅਸਮਰਥ ਹਨ। ਉਹ ਸ਼੍ਰੋਮਣੀ ਅਕਾਲੀ ਦਲ ਦੇ ਹੁਸ਼ਿਆਰਪੁਰ ਦਫਤਰ ਜਾਂ ਮੇਰੇ ਨਾਲ ਸੰਪਰਕ ਕਰ ਸਕਦੇ ਹਨ। ਇਸ ਮੌਕੇ ਸਾਬਕਾ ਡਿਪਟੀ ਮੇਅਰ ਸਰਦਾਰ ਪ੍ਰੇਮ ਸਿੰਘ, ਸ਼ਹਿਰੀ ਪ੍ਰਧਾਨ ਬਿਕਰਮਜੀਤ ਸਿੰਘ ਕਲਸੀ, ਸਰਕਲ ਪ੍ਰਧਾਨ ਜਹਾਨ ਖੇਲਾਂ ਸਰਦਾਰ ਜਗਤਾਰ ਸਿੰਘ ਨੇ ਵੀ ਆਪਣੇ ਵਿਚਾਰ ਰੱਖੇ। ਬੈਠਕ ਵਿੱਚ ਸਾਬਕਾ ਐਮ ਸੀ ਨਰਿੰਦਰ ਸਿੰਘ, ਸਾਬਕਾ ਐਮ ਸੀ ਸੰਤੋਖ ਸਿੰਘ ਔਜਲਾ, ਸੁਰਜੀਤ ਸਿੰਘ ਬਾਂਗੜ, ਸਰਕਲ ਜਹਾਨ ਖੇਲਾਂ ਦੇ ਪ੍ਰਧਾਨ ਜਗਤਾਰ ਸਿੰਘ, ਇਕਬਾਲ ਸਿੰਘ ਗੋਪੀ ਅਤੇ ਲਖਵੀਰ ਸਿੰਘ ਵੀਰ ਹਾਜ਼ਰ ਸਨ।

# ਨਿਊਜ਼ੀਲੈਂਡ ਵੱਲੋਂ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਦੇ 7 ਤੋਂ 9 ਅਗਸਤ ਦੇ ਸਵਾਗਤ ਦੀ ਤਿਆਰੀ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਭਾਰਤ ਨਿਊਜ਼ੀਲੈਂਡ ਦੇ ਦੁਵੱਲੇ ਸਬੰਧਾਂ ਦੇ ਉਤੇ ਇਕ ਵਾਰ ਉਚ ਪੱਧਰ ਦੀ ਗੱਲਬਾਤ ਨਿਊਜ਼ੀਲੈਂਡ ਦੀ ਰਾਜਧਾਨੀ ਵਲਿੰਗਟਨ ਅਤੇ ਔਕਲੈਂਡ ਵਿਖੇ ਹੋਣ ਜਾ ਰਹੀ ਹੈ। ਭਾਰਤ ਦੀ ਰਾਸ਼ਟਰ-ਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ 7 ਤੋਂ 9 ਅਗਸਤ ਤੱਕ ਨਿਊਜ਼ੀਲੈਂਡ ਦੇ ਦੌਰੇ ਉਤੇ ਰਹਿਣਗੇ। ਇਹ ਦੂਜੀ ਵਾਰ ਹੋਵੇਗਾ ਕਿ ਭਾਰਤੀ ਦਾ ਰਾਸ਼ਟਰ-ਪਤੀ ਨਿਊਜ਼ੀਲੈਂਜ ਦਾ ਦੌਰਾ ਕਰ ਰਿਹਾ ਹੋਵੇਗਾ। ਵਲਿੰਗਟਨ ਅਤੇ ਔਕਲੈਂਡ ਵਿਖੇ ਸਮਾਗਮਾਂ ਦੇ ਵਿਚ ਉਹ ਸ਼ਿਰਕਤ ਕਰਨਗੇ ਅਤੇ ਦੋਵਾਂ ਦੇਸ਼ਾਂ ਦੇ ਦੁਵੱਲੇ ਸਬੰਧਾਂ ਨੂੰ ਹੋਰ ਹੁਲਾਰਾ ਮਿਲੇਗਾ। ਭਾਰਤ ਅਤੇ ਨਿਊਜ਼ੀਲੈਂਡ ਦੇ ਖੇਤਰੀ ਅਤੇ ਵਿਸ਼ਵ ਮੁੱਦਿਆਂ ਅਤੇ ਹਿੱਤਾਂ ਦੀ ਗੱਲ ਕਰਨ ਵਾਸਤੇ ਇਹ ਇਕ ਵਿਆਪਕ ਮੇਲ ਹੈ। ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਦ੍ਰੋਪਦੀ ਮੁਰਮੂ 7 ਅਗਸਤ ਦੀ ਸ਼ਾਮ ਨੂੰ ਫੀਜ਼ੀ ਤੋਂ ਔਕਲੈਂਡ ਪਹੁੰਚੇਗੀ। ਅਗਲੇ ਦਿਨ ਉਹ ਵਲਿੰਗਟਨ ਜਾਣਗੇ ਜਿੱਥੇ ਉਨ੍ਹਾਂ ਦੀ ਮੇਜ਼ਬਾਨੀ ਗਵਰਨਰ ਜਨਰਲ ਅਤੇ ਪ੍ਰਧਾਨ ਮੰਤਰੀ ਸ੍ਰੀ ਕ੍ਰਿਸਟੋਫਰ ਲਕਸਨ ਕਰਨਗੇ। ਉਸੇ ਦਿਨ ਵਾਪਸ ਔਕਲੈਂਡ ਆ ਜਾਣਗੇ ਅਤੇ ਫਿਰ 9 ਅਗਸਤ ਨੂੰ ਇਕ ਕਮਿਊਨਿਟੀ ਰਿਸੈਪਸ਼ਨ ਦੇ ਵਿਚ ਸ਼ਮਿਲ ਹੋਣਗੇ।



ਆਕਲੈਂਡ ਵਿੱਚ ਭਾਰਤੀ ਦੇ ਆਨਰੇਰੀ ਕੌਂਸਲਰ, ਸ੍ਰੀ ਭਵਦੀਪ ਸਿੰਘ ਢਿੱਲੋਂ ਨੇ ਇਸ ਫੇਰੀ ਨੂੰ ਦੋਵਾਂ ਦੇਸ਼ਾਂ ਦਰਮਿਆਨ ਸਥਾਈ ਸਾਂਝੇਦਾਰੀ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਦੱਸਿਆ।

ਮੁਰਮੂ ਦਾ ਇਹ ਦੌਰਾ ਵਪਾਰ ਮੰਤਰੀ ਟੌਡ ਮੈਕਲੇ ਅਤੇ ਉਨ੍ਹਾਂ ਦੇ ਭਾਰਤੀ ਹਮਰੁਤਬਾ ਪੀਯੂਸ਼ ਗੋਇਲ ਵਿਚਕਾਰ ਪਿਛਲੇ ਵਾਰਾਤਾਲਾਪਾਂ ਬਾਅਦ ਆਇਆ ਹੈ। ਸ੍ਰੀ ਟੌਡ ਮੈਕਲੇ ਅਗਸਤ ਵਿੱਚ ਨਵੀਂ ਦਿੱਲੀ ਜਾ ਸਕਦੇ ਹਨ। ਪਿਛਲੇ ਅੱਠ ਮਹੀਨਿਆਂ ਵਿੱਚ ਉਸਦੇ ਭਾਰਤੀ ਹਮਰੁਤਬਾ ਨਾਲ ਉਸਦੀ ਪੰਜਵੀਂ ਮੁਲਾਕਾਤ ਹੋਵੇਗੀ, ਕਿਉਂਕਿ ਉਸਨੂੰ ਦੁਵੱਲੇ ਸਬੰਧਾਂ ਵਿੱਚ ਸੁਧਾਰ ਦੀ ਉਮੀਦ ਹੈ।

# 77 ਬਾਲ ਭਿਖਾਰੀਆਂ ਦਾ ਮੁੜ ਵਸੇਬਾ ਕੀਤਾ - ਡਾ. ਬਲਜੀਤ ਕੌਰ

**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)–** ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬਾਲ ਭਿੱਖਿਆ ਮੁਕਤ ਮੁਹਿੰਮ ਤਹਿਤ 77 ਬਾਲ ਭਿਖਾਰੀਆਂ ਦਾ ਮੁੜ ਵਸੇਬਾ ਕੀਤਾ। ਇਹ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਅੱਜ ਇੱਥੇ ਕੀਤਾ। ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆ ਕੈਬਨਿਟ ਮੰਤਰੀ ਨੇ ਦੱਸਿਆ ਕਿ ਬਾਲ ਭਿਖਿਆ ਵਿੱਚ ਸ਼ਾਮਲ ਬੱਚਿਆਂ ਦੇ ਬਚਪਨ ਨੂੰ ਸੁਰੱਖਿਅਤ ਕਰਨ ਲਈ ਵਿਭਾਗ ਵੱਲੋਂ ਸੂਬੇ ਵਿੱਚ ਮੁਹਿੰਮ ਚਲਾਈ ਜਾ ਰਹੀ ਹੈ ਜਿਸ ਅਧੀਨ ਬਾਲ ਭਿੱਖਿਆ ਵਿੱਚ ਸ਼ਾਮਲ ਬੱਚਿਆਂ ਨੂੰ ਬਚਾਇਆ ਗਿਆ ਅਤੇ ਉਨ੍ਹਾਂ ਦੇ ਮੁੜ ਵਸੇਬੇ ਲਈ ਉਪਰਾਲੇ ਕੀਤੇ ਗਏ ਹਨ। ਸੂਬੇ ਵਿੱਚ ਬਾਲ ਭਿੱਖਿਆ ਦੇ ਖਾਤਮੇ ਲਈ ਇਹ ਮੁਹਿੰਮ ਮਹੀਨੇ ਦੇ ਹਰ ਦੂਜੇ ਹਫਤੇ ਲਗਾਤਾਰ ਚਲਾਈ ਜਾਵੇਗੀ । ਇਸ ਮੁਹਿੰਮ ਦੌਰਾਨ ਰਾਜ ਵਿੱਚ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੁਣ ਤੱਕ ਕੁੱਲ 77 ਬੱਚੇ ਬਚਾਏ ਗਏ ਹਨ ਜਿਨ੍ਹਾਂ ਵਿੱਚੋਂ 20 ਬੱਚਿਆਂ ਦਾ ਕੋਈ ਆਸਰਾ ਨਾ ਹੋਣ ਕਰਕੇ ਸੂਬੇ ਵਿੱਚ ਚਲਾਏ ਜਾ ਰਹੇ ਬਾਲ ਘਰਾਂ ਵਿੱਚ ਭੇਜਿਆ ਗਿਆ ਹੈ। ਇਨ੍ਹਾਂ ਬਾਲ ਘਰਾਂ ਵਿੱਚ ਬੱਚਿਆਂ ਨੂੰ ਪੜਾਈ, ਖਾਣਾ, ਸਿਹਤ ਸਹੂਲਤਾਂ, ਆਦਿ ਦਿੱਤੀਆਂ ਜਾਣਗੀਆਂ। ਬਾਕੀ ਬੱਚਿਆਂ ਨੂੰ ਬਾਲ ਭਲਾਈ ਕਮੇਟੀ ਰਾਹੀਂ ਓਨ੍ਹਾਂ ਦੇ ਮਾਪਿਆਂ ਨੂੰ ਸਪੁਰਦ ਕਰ ਦਿੱਤਾ ਗਿਆ ਹੈ। ਇਨ੍ਹਾਂ ਵਿੱਚੋਂ 8 ਬੱਚਿਆਂ ਨੂੰ ਸਪਾਂਸਰਸ਼ਿਪ ਸਕੀਮ ਦਾ ਲਾਭ, 13 ਬੱਚਿਆਂ ਨੂੰ ਸਕੂਲ ਵਿੱਚ ਦਾਖਲਾ ਕਰਵਾਉਣ ਲਈ ਕਾਰਵਾਈ ਕੀਤੀ ਜਾ ਰਹੀ ਹੈ ਅਤੇ ਇੱਕ ਬੱਚੇ ਨੂੰ ਆਂਗਨਵਾੜੀ ਵਿੱਚ ਦਾਖਲ ਕਰਵਾਇਆ ਗਿਆ ਹੈ। ਡਾ. ਬਲਜੀਤ ਕੌਰ ਨੇ ਅੱਗੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਜੁਵੇਨਾਇਲ ਜਸਟਿਸ ਕੇਅਰ ਐਂਡ ਪ੍ਰੋਟੈਕਸ਼ਨ ਆਫ ਚਿਲਡਰਨ ਐਕਟ 2015 ਅਧੀਨ ਸੂਬੇ ਵਿੱਚ 07 ਸਰਕਾਰੀ ਚਿਲਡਰਨ ਹੋਮ ਅਤੇ 39 ਗੈਰ ਸਰਕਾਰੀ ਹੋਮ ਰਜਿਸਟਰਡ ਕੀਤੇ ਹੋਏ ਹਨ ਜਿਨਾਂ ਵਿਚ ਅਨਾਥ, ਬੇਸਾਹਾਰਾ ਅਤੇ ਸਪੁਰਧ ਕੀਤੇ ਬੱਚਿਆਂ ਨੂੰ ਰੱਖਣ ਦਾ ਉਪਬੰਧ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਬੱਚਿਆਂ ਦੀ ਸੁਰੱਖਿਆ ਸਬੰਧੀ ਸੂਚਨਾ ਆਪਣੇ ਜ਼ਿਲ੍ਹੇ ਦੀ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਜਾਂ ਬਾਲ ਭਲਾਈ ਕਮੇਟੀ ਵਿਖੇ ਦੇਣ। ਕੈਬਨਿਟ ਮੰਤਰੀ ਨੇ ਦੱਸਿਆ ਕਿ ਸੂਬਾ ਸਰਕਾਰ ਮਿਸ਼ਨ ਵਾਤਸੱਲਿਆ ਸਕੀਮ ਅਧੀਨ ਬੇਸਹਾਰਾ ਅਤੇ ਲੋੜਬੰਦ ਬੱਚਿਆ ਦੀ ਸੁਰੱਖਿਆ ਲਈ ਵਚਨਬੱਧ ਹੈ ਤਾਂ ਜੋ ਬੱਚਿਆ ਨੂੰ ਰਾਜ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ। ਸਕੀਮਾਂ ਸਬੰਧੀ ਸੂਚਨਾ ਵਿਭਾਗ ਦੀ ਵੈਬਸਾਇਟ ਸਸੱਚਦ@ਪੁਨਜਅਬ।ਗੋਵ।ਨ ਤੇ ਉਪਲੱਬਧ ਹੈ। ਉਹਨਾਂ ਦੱਸਿਆ ਕਿ ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਵਿਭਾਗ ਵੱਲੋਂ ਬੱਚਿਆਂ ਦੀ ਸੁਰੱਖਿਆ ਨੂੰ ਸੁਨਿਸ਼ਚਿਤ ਕਰਨ ਲਈ ਬਹੁਪੱਖੀ ਉਪਰਾਲੇ ਕੀਤੇ ਜਾ ਰਹੇ ਹਨ। ਬੱਚਿਆਂ ਦੀ ਸੁਰੱਖਿਆ ਅਤੇ ਭਲਾਈ ਲਈ ਵਿਭਾਗ ਵੱਲੋਂ ਮਿਸ਼ਨ ਵਾਤਸੱਲਿਆ ਸਕੀਮ (ਬਾਲ ਸੁਰੱਖਿਆ ਸਕੀਮ) ਚਲਾਈ ਜਾ ਰਹੀ ਹੈ ਜਿਸ ਦਾ ਮੁੱਖ ਉਦੇਸ਼ ਬੱਚਿਆਂ ਦੀ ਸਹੀ ਦੇਖਭਾਲ, ਸੁਰੱਖਿਆ, ਵਿਕਾਸ, ਇਲਾਜ ਅਤੇ ਸਮਾਜ ਵਿੱਚ ਮੁੜ ਵਸੇਬਾ ਕਰਨਾ ਹੈ।



# ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਲੋਕ ਸਭਾ ਤੇ ਜਿਲ੍ਹਾ ਪੱਧਰ ਤੇ ਮੀਟਿੰਗਾਂ

**ਜਲੰਧਰ –** ਬਹੁਜਨ ਸਮਾਜ ਪਾਰਟੀ, ਪੰਜਾਬ ਦੇ ਸੂਬਾ ਦਫਤਰ ਅਨੁਸਾਰ, ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਦੇ ਹੁਕਮਾਂ ਅਨੁਸਾਰ ਕੇਂਦਰੀ ਕੋਆਰਡੀਨੇਟਰ ਸ੍ਰੀ ਰਣਧੀਰ ਸਿੰਘ ਬੈਨੀਵਾਲ ਦੇ ਦਿਸ਼ਾ ਨਿਰਦੇਸ਼ਾਂ ਵਿੱਚ ਬਹੁਜਨ ਸਮਾਜ ਪਾਰਟੀ ਪੰਜਾਬ ਵਲੋਂ ਲੋਕ ਸਭਾ ਤੇ ਜਿਲ੍ਹਾਂ ਪੱਧਰ ਤੇ ਮੀਟਿੰਗਾਂ ਹੋਣਗੀਆਂ, ਜਿਸ ਵਿਚ ਸੂਬਾ ਜਿਲ੍ਹਾਂ, ਵਿਧਾਨ ਸਭਾ ਅਤੇ ਸੈਕਟਰ ਪੱਧਰ ਦੀ ਲੀਡਰਸ਼ਿਪ ਸ਼ਾਮਿਲ ਹੋਵੇਗੀ।

ਮੀਟਿੰਗ ਵਿੱਚ ਮੁੱਖ ਮਹਿਮਾਨ ਦੇ ਤੌਰ ਤੇ ਕੇਂਦਰੀ ਕੋਆਡੀਨੇਟਰ ਸ੍ਰੀ ਵਿਪੁਲ ਕੁਮਾਰ, ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਅਤੇ ਪੰਜਾਬ ਇੰਚਾਰਜ ਵਿਧ-ਾਇਕ ਡਾ ਨਛੱਤਰ ਪਾਲ ਜੀ ਸ਼ਾਮਲ ਹੋਣਗੇ। ਇਸ ਮੌਕੇ ਜਿਲਾ ਪੱਧਰੀ ਸੰਗਠਨ ਦੀ ਸਮੀਖਿਆ ਕੀਤੀ ਜਾਵੇਗੀ।

ਜਿਲਾ ਪਰਿਸ਼ਦ, ਬਲਾਕ ਸੰਮਤੀ ਅਤੇ ਕੌਂਸਲ ਚੋਣਾਂ ਦੇ ਸੰਬੰਧ ਵਿੱਚ ਚਰਚਾ ਕੀਤੀ ਜਾਵੇਗੀ। ਮੀਟਿੰਗਾਂ ਦਾ ਵੇਰਵਾ ਇਸ ਤਰ੍ਹਾਂ ਹੈ, 30 ਜੁਲਾਈ 2024 ਨੂੰ ਸਵੇਰੇ 10 ਵਜੇ ਜਿਲ੍ਹਾ ਸੰਗਰੂਰ, ਜਿਲ੍ਹਾ ਮਾਲੇਰਕੋਟਲਾ ਤੇ ਜਿਲ੍ਹਾ ਬਰਨਾਲਾ, 31 ਜੁਲਾਈ 2024 ਨੂੰ ਸਵੇਰੇ 10 ਵਜੇ ਜਿਲ੍ਹਾ ਮਾਨਸਾ ਤੇ ਜਿਲ੍ਹਾ ਬਠਿੰਡਾ ਵਿਚ ਮੀਟਿੰਗ ਹੋਈ ਅਤੇ 1 ਅਗਸਤ 2024 ਨੂੰ ਮੀਟਿੰਗ ਕੋਟਕਪੂਰਾ ਵਿਖੇ ਮੋਗਾ, ਮੁਕਤਸਰ, ਫਰੀਦਕੋਟ, ਫਾਜ਼ਿਲਕਾ ਤੇ ਫਿਰੋਜ਼ਪੁਰ ਜ਼ਿਲੇ ਦੀ ਮੀਟਿੰਗ ਸਵੇਰੇ 11 ਵਜੇ ਹੋਵੇਗੀ।

# ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਵੱਖ ਵੱਖ ਪਿੰਡਾਂ ਵਿੱਚ ਨਸ਼ਾ ਵੋਰਧੀ ਜਾਗਰੂਕਤਾ ਕੈਂਪ ਜਾਰੀ




**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਨਜ਼ਦੀਕੀ ਪਿੰਡ ਮੁਜੱਫਰਪੁਰ ਸਥਿਤ ਸਰਕਾਰੀ ਮਿਡਲ ਅਤੇ ਪ੍ਰਾਇਮਰੀ ਸਕੂਲ ਵਿਖੇ ਰੈਡ ਕਰਾਸ ਨਸ਼ਾ ਮੁਕਤੀ ਅਤੇ ਪੁਨਰਵਾਸ ਕੇਂਦਰ ਨਵਾਂਸ਼ਹਿਰ ਵਲੋਂ ਪ੍ਰਾਜੈਕਟ ਡਾਇਰੈਕਟਰ ਚਮਨ ਸਿੰਘ ਦੀ ਅਗਵਾਈ ਅਤੇ ਸਕੂਲ ਮੁਖੀ ਸੰਜੀਵ ਕੁਮਾਰ ਅਤੇ ਸਰਪੰਚ ਪਿਆਰਾ ਸਿੰਘ ਦੀ ਰਹਿਨੁਮਾਈ ਹੇਠ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਾ ਵਿਰੋਧੀ ਜਾਗਰੂਕਤਾ ਕੈਂਪ ਲਗਾਇਆ ਗਿਆ। ਇਸ ਮੌਕੇ ਭਾਰੀ ਇੱਕਠ ਨੂੰ ਸੰਬੋਧਨ ਕਰਦਿਆਂ ਚਮਨ ਸਿੰਘ ਅਤੇ ਕਾਂਉਸਲਰ ਕਮਲਜੀਤ ਕੌਰ ਨੇ ਕਿਹਾ ਕਿ ਨਸ਼ਿਆਂ ਦੇ ਦੈਂਤ ਨੇ ਕਈ ਹੱਸਦੇ ਵਸਦੇ ਘਰ ਉਜਾੜ ਦਿੱਤੇ ਹਨ। ਇਸ ਲਈ ਸਾਨੂੰ ਨਸ਼ਿਆਂ ਵਰਗੀ ਅਲਾਮਤ ਤੋਂ ਬਚਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਸ਼ੇ ਨੂੰ ਹਰਾਉਣ ਲਈ ਸਾਨੂੰ ਸਾਰਿਆਂ ਨੂੰ ਪ੍ਰਸ਼ਾਸ਼ਨ ਨਾਲ ਸਹਿਯੋਗ ਕਰਕੇ ਇੱਕਮੁੱਠ ਹੋਣ ਦੀ ਲੋੜ ਹੈ। ਤਾਂ ਜੋ ਇਸ ਅਲਾਮਤ ਨੂੰ ਹਰਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਬਚਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਜੇਕਰ ਸਮਾਜ ਅੰਦਰ ਕੋਈ ਵੀ ਆਪਣੀ ਸਵੈ ਇੱਛਾ ਨਾਲ ਨਸ਼ਾ ਛੱਡਣ ਦਾ ਇੱਛੁਕ ਹੈ ਤਾਂ ਉਹ ਰੈਡ ਕਰਾਸ ਨਸ਼ਾ ਮੁਕਤੀ ਅਤੇ ਪੁਨਰਵਾਸ ਕੇਂਦਰ ਨਾਲ ਸੰਪਰਕ ਕਰ ਸਕਦਾ ਹੈ। ਇਥੇ ਮਰੀਜ਼ ਦਾ ਇਲਾਜ ਬਿਲਕੁਲ ਮੁਫ਼ਤ ਕੀਤਾ ਜਾਂਦਾ ਹੈ। ਇਸ ਮੌਕੇ ਵਿਨਾਇਕ ਲਖਨਪਾਲ ਸਾਇੰਸ ਅਧਿਆਪਕ, ਪਵਨਜੀਤ ਸਿੰਘ ਹੈਡ ਟੀਚਰ, ਰਾਜਵਿੰਦਰ ਕੌਰ ਈ ਟੀ ਟੀ, ਸਿਮਰਨਜੀਤ ਕੌਰ, ਜਸਵਿੰਦਰ ਕੌਰ, ਰਜਨੀ, ਮਨਰੇਗਾ ਵਰਕਰ, ਪਿੰਡ ਵਾਸੀ, ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਆਦਿ ਵੀ ਹਾਜਰ ਸਨ।

# ਰੈਡ ਰਿਬਨ ਕਲੱਬ ਵਲੋਂ ''ਨਸ਼ਾ ਵਿਰੋਧੀ ਜਾਗਰੂਕਤਾ ਅਭਿਆਨ'' ਪਿੰਡ ਮਰਨਾਈਆ ਵਿਖੇ ਚਲਾਇਆ ਗਿਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**– ਸਰਕਾਰੀ ਕਾਲਜ ਦੇ ਪ੍ਰਿੰਸੀਪਲ ਅਨੀਤਾ ਸਾਗਰ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਅਤੇ ਐਸ.ਐਸ.ਪੀ. ਹੁਸ਼ਿਆਰਪੁਰ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਹੁਸ਼ਿਆਰਪੁਰ ਪ੍ਰੀਤ ਕੋਹਲੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਕਾਲਜ ਦੇ ਰੈਡ ਰਿਬਨ ਕਲੱਬ, ਐਨ.ਐਸ.ਐਸ. ਅਤੇ ਬੱਡੀ ਪ੍ਰੋਗਰਾਮ ਇੰਚਾਰਜ ਵਿਜੇ ਕੁਮਾਰ ਦੇ ਸਹਿਯੋਗ ਨਾਲ ਪਿੰਡ ਮਰਨਾਈਆਂ ਵਿਖੇ ''ਨਸ਼ਾ ਵਿਰੋਧੀ ਜਾਗਰੂਕਤਾ ਅਭਿਆਨ'' ਦੇ ਅਧੀਨ ਸੈਮੀਨਾਰ, ਰੈਲੀ, ਪੋਸਟਰਾ ਅਤੇ ਸਹੁੰ ਚੁਕ ਪ੍ਰੋਗਰਾਮਾਂ ਨਾਲ ਜਾਗਰੂਕਤਾ ਫੈਲਾਈ ਗਈ।




ਪ੍ਰੋਫੈਸਰ ਵਿਜੇ ਕੁਮਾਰ ਨੇ ਪਿੰਡ ਦੇ ਲੋਕਾਂ ਨੂੰ ਨਸ਼ਿਆ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੰਦਿਆ ਕਿਹਾ ਕਿਹਾ ਕਿ ਅੱਜ ਦੇ ਸਮੇਂ ਵਿੱਚ ਮਾਂ-ਬਾਪ ਨੂੰ ਵਿਸ਼ੇਸ਼ ਤੌਰ ਤੇ ਆਪਣੇ ਬੱਚਿਆਂ ਦਾ ਖਿਆਲ ਇੱਕ ਦੋਸਤ ਦੀ ਤਰ੍ਹਾਂ ਰੱਖਣਾ ਹੋਵੇਗਾ ਤਾਂਕਿ ਉਹਨਾਂ ਦੇ ਬੱਚੇ ਉਹਨਾਂ ਨਾਲ ਹਰ ਇੱਕ ਗੱਲ ਦੋਸਤ ਬਣ ਕੇ ਕਰ ਸੱਕਣ ਅਤੇ ਅਸੀਂ ਆਪਣੇ ਬੱਚਿਆਂ ਨੂੰ ਨਸ਼ਿਆ ਤੋਂ ਦੂਰ ਰੱਖਣ ਵਿੱਚ ਕਾਮਯਾਬ ਹੋ ਸੱਕੀਏ। ਕਿਉਂਕਿ ਚਾਹੇ ਸਾਡੇ ਜੀਵਨ ਵਿੱਚ ਕੋਈ ਵੀ ਕਿਸੇ ਵੀ ਤਰ੍ਹਾਂ ਦੀ ਪੇਰੇਸ਼ਾਨੀ ਹੋਵੇ ਅਸੀ ਬੱਚਿਆ ਨੂੰ ਸਮਝਦੇ ਹੋਏ ਉਸਦਾ ਹੱਲ ਜ਼ਰੂਰ ਲੱਭ ਸੱਕਦੇ ਹਾਂ। ਇਸ ਲਈ ਨਸ਼ਿਆਂ ਜਿਹੀ ਬੁਰੀ ਆਦਤ ਨੂੰ ਦੂਰ ਕਰਣ ਲਈ ਮਾਪਿਆ ਅਤੇ ਵੱਡਿਆ ਨੂੰ ਅੱਗੇ ਆ ਕੇ ਆਪਣਾ ਫਰਜ਼ ਨਿਭਾਉਣਾ ਹੋਵੇਗਾ।

ਇਸ ਮੌਕੇ ਕਾਲਜ ਸਟਾਫ ਵਿੱਚੋਂ .। ਵਿਜੇ ਕੁਮਾਰ ਦੇ ਨਾਲ ਡਾ। ਅਰੁਣਾ ਰਾਣੀ, ਡਾ. ਪਰਮਜੀਤ ਕੌਰ, ਪ੍ਰੋ ਸੂਰਜ ਕੁਮਾਰ, ਸ.ਸ.ਸ.ਸ. ਸਕੂਲ ਰੇਲਵੇ ਮੰਡੀ ਦੀ ਲੈਕਚਰਾਰ ਰੋਮਾ ਦੇਵੀ ਅਤੇ ਸਰਕਾਰੀ ਕਾਲਜ ਦੇ ਹਿੰਮਤ ਸਿੰਘ, ਸਰਬਜੀਤ ਸਿੰਘ ਵੀ ਹਾਜ਼ਰ ਸਨ। ਜਿਹਨਾਂ ਨੇ ਵਿਦਿਆਰਥੀਆਂ ਵੱਲੋਂ ਬਣਾਏ ਗਏ ਪੋਸਟਰਾਂ ਦੇ ਸਹਿਯੋਗ ਨਾਲ ਨਸ਼ਾ ਕਰਨ ਵਾਲੇ ਅਤੇ ਨਸ਼ਾ ਨਾ ਕਰਨ ਵਾਲੇ ਦੇ ਜੀਵਨ ਬਾਰੇ ਚਾਨਣਾ ਪਾਇਆ। ਹਰ ਇਕ ਨੂੰ ਨਸ਼ਿਆ ਦੇ ਪ੍ਰਤੀ ਬਣਦੇ ਫਰਜ਼ ਨੂੰ ਇਮਾਨਦਾਰੀ ਨਾਲ ਨਿਭਾਉਣ ਦਾ ਅਹਿਸਾਸ ਕਰਵਾਇਆ ਗਿਆ ਅਤੇ ਪਿੰਡ ਵਿੱਚ ਰੈਲੀ ਕੱਢੀ ਗਈ। ਇਸ ਪ੍ਰੋਗਰਾਮ ਅਧੀਨ ਕੰਮ ਕਰਨ ਵਾਲਿਆਂ ਨੂੰ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ। ਪਿੰਡ ਵਿੱਚ ਰਹਿਣ ਵਾਲੇ ਕਾਲਜ ਦੇ ਵਿਦਿਆਰਥੀ ਸੁਭਾਸ਼ ਕੁਮਾਰ ਨੇ ਸਟਾਫ ਨੂੰ ਵਿਸ਼ੇਸ਼ ਸਹਿਯੋਗ ਦਿੱਤਾ।

# ਦਲਿਤ ਵਿਦਿਆਰਥੀਆਂ ਨੇ ਕਾਲਜ ਦੇ ਮੁੱਖ ਗੇਟ ਅੱਗੇ ਦਿੱਤਾ ਧਰਨਾ



**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)**– ਅੱਜ ਪੰਜਾਬ ਸਟੂਡੈਂਟਸ ਯੂਨੀਅਨ ਦੀ ਅਗਵਾਈ ਹੇਠ ਬਾਬਾ ਬਲਰਾਜ ਯੂਨੀਵਰਸਿਟੀ ਕੌਂਨਸਟੀਟਿਊਟ ਕਾਲਜ ਬਲਾਚੌਰ ਦੇ ਮੁੱਖ ਗੇਟ ਅੱਗੇ ਦਲਿਤ ਵਿਦਿਆਰਥੀਆਂ ਨੇ ਧਰਨਾ ਦਿੱਤਾ। ਜਿਕਰਯੋਗ ਹੈ, ਕਿ ਪਿਛਲੇ ਕਈ ਦਿਨਾਂ ਤੋਂ ਪੋਸਟ ਮੈਟਰਿਕ ਸਕਾਲਰਸ਼ਿਪ ਸਕੀਮ ਨੂੰ ਲੈ ਕੇ ਪੰਜਾਬ ਯੂਨੀਵਰਸਿਟੀ ਦੇ ਕੌਂਸਟੀਟਿਊਟ ਕਾਲਜਾਂ ਦੇ ਵਿੱਚ ਵਿਦਿਆਰਥੀ ਰੋਸ ਪ੍ਰਦਰਸ਼ਨ ਕਰ ਰਹੇ ਸਨ,ਜਿਸ ਦੇ ਸਿੱਟੇ ਵਜੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨੇ ਮੁੜ ਦੁਬਾਰਾ ਪੋਸਟ ਮੈਟਰਿਕ ਲਾਗੂ ਕਰਨ ਦੀ ਮੰਗ ਮੰਨ ਲਈ ਹੈ, ਪਰ ਜਿਲੇ ਦੀ ਤਹਿਸੀਲ ਬਲਾਚੌਰ ਦੇ ਕਾਲਜ ਨੇ ਯੂਨੀਵਰਸਿਟੀ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਨੂੰ ਲਾਗੂ ਨਹੀਂ ਕੀਤਾ, ਜਿਸ ਦੇ ਰੋਸ ਵਜੋਂ ਧਰਨਾ ਦਿੱਤਾ ਗਿਆ।

ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਬਲਜੀਤ ਧਰਮਕੋਟ, ਜਿਲਾ ਆਗੂ ਰਾਜੂ ਬਰਨਾਲਾ, ਗੁਰ ਸਿਮਰਨਜੀਤ ਸਿੰਘ ਅਤੇ ਕਾਲਜ ਦੇ ਵਿਦਿਆਰਥੀ ਆਗੂ ਮਨਪ੍ਰੀਤ ਕੌਰ ਨੇ ਕਿਹਾ ਕਿ ਧਰਨਾ ਦੇਣ ਉਪਰੰਤ ਕਾਲਜ ਪ੍ਰਸ਼ਾਸਨ ਵੱਲੋਂ ਇਹ ਭਰੋਸਾ ਦਵਾਇਆ ਗਿਆ ਕਿ 26 ਜੁਲਾਈ ਤੱਕ ਕੋਈ ਵੀ ਐਸ।ਸੀ/ਐਸਟੀ ਵਿਦਿਆਰਥੀ ਬਿਨਾਂ ਫੀਸ ਅਤੇ ਬਿਨਾਂ ਜੁਰਮਾਨੇ ਤਹਿਤ ਕਾਲਜ ਦੇ ਵਿੱਚ ਦਾਖਲਾ ਲੈ ਸਕਦਾ ਹੈ ਅਤੇ ਜੇਕਰ ਇਸ ਤਰੀਕ ਦੇ ਵਿੱਚ ਵਾਧਾ ਕੀਤਾ ਗਿਆ ਤਾਂ ਇਸ ਨੂੰ ਵੀ ਲਾਗੂ ਕੀਤਾ ਜਾਵੇਗਾ, ਕਾਲਜ ਵੱਲੋਂ ਭਰਾਈਆਂ ਗਈਆਂ ਨਜਾਇਜ਼ ਫੀਸਾਂ ਵੀ ਵਾਪਸ ਕੀਤੀਆਂ ਜਾਣਗੀਆਂ ਅਤੇ ਪੰਜਾਬ ਯੂਨੀਵਰਸਿਟੀ ਵਲੋਂ ਆਈਆਂ ਹਦਾਇਤਾਂ ਬਾਰੇ ਵਿਦਿਆਰਥੀਆਂ ਨੂੰ ਸਮੇਂ-ਸਮੇਂ ਸਿਰ ਸੂਚਿਤ ਕੀਤਾ ਜਾਵੇਗਾ। ਇਸ ਮੌਕੇ ਬੀਐਸਪੀ ਪਾਰਟੀ ਤੇ ਆਗੂ ਐਮ।ਸੀ ਅਮਰਜੀਤ ਸਿੰਘ, ਰਾਮ ਜੀ ਲਾਲ, ਬਖਸ਼ੀ ਰਾਮ, ਪ੍ਰੇਮ ਚੰਦ ਸਤਨਾਮ ਸਿੰਘ, ਵਿਜੇ ਕੁਮਾਰ, ਬਨਾਰਸੀ ਦਾਸ, ਕਾਂਗਰਸ ਪਾਰਟੀ ਦੇ ਇਲਾਕਾ ਪ੍ਰਧਾਨ ਅਜੇ ਸਿੰਘ ਮੰਗੂਪੁਰ, ਸਰਪੰਚ ਮਲਕੀਤ ਸਿੰਘ ਪਿੰਡ ਧੌਲਾ ਆਦਿ ਨੇ ਸੰਘਰਸ਼ ਦੀ ਹਮਾਇਤ ਕਰਦਿਆਂ ਕਿਹਾ ਕਿ ਜੇਕਰ ਕਾਲਜ ਪ੍ਰਸ਼ਾਸਨ ਨੇ ਆਪਣਾ ਵਾਅਦਾ ਲਾਗੂ ਨਾ ਕੀਤਾ ਤਾਂ ਆਉਣ ਵਾਲੇ ਦਿਨਾਂ ਦੇ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਦੇ ਸੰਘਰਸ਼ ਦੀ ਹਮਾਇਤ ਕੀਤੀ ਜਾਵੇਗੀ। ਇਸ ਮੌਕੇ ਤਹਿਸੀਲ ਬਲਾਚੌਰ ਦੇ ਬੀਡੀਪੀਓ ਦੀ ਹਾਜ਼ਰੀ ਦੇ ਵਿੱਚ ਕਾਲਜ ਪ੍ਰਸ਼ਾਸਨ ਨੂੰ ਮੰਗ ਪੱਤਰ ਵੀ ਸੌਂਪਿਆ ਗਿਆ। ਇਸ ਤੋਂ ਇਲਾਵਾ ਕਾਲਜ ਦੇ ਵਿਦਿਆਰਥੀ ਮੁਸਕਾਨ, ਤਰਿਸ਼ਾ ਰਜਨੀ, ਅੰਜੂ ਬਾਲਾ, ਰੀਆ, ਮੁਸਕਾਨ ਮੂਮ, ਸ਼ਾਈਨਾ ਮੂਮ, ਲਵਲੀ, ਦੀਪ ਸੋਨਿਕਾ, ਆਂਚਲ ਸਮੇਤ ਆਈਟੀਆਈ ਨਵਾਂਸ਼ਹਿਰ ਦੇ ਪ੍ਰਧਾਨ ਅਸ਼ਵਨੀ ਕੁਮਾਰ, ਸੌਰਵ ਕੁਮਾਰ, ਗੁਰਪ੍ਰੀਤ ਸਿੰਘ, ਦਇਆ ਰਾਮ, ਵਿੱਕੀ, ਹਰਪ੍ਰੀਤ ਸਿੰਘ, ਸ਼ੈਂਟੀ, ਵਿਕਾਸ ਆਦਿ ਹਾਜਰ ਸਨ।

# ਚੇਅਰਪਰਸਨ ਮਹਿਲਾ ਕਮਿਸ਼ਨ ਨੇ ਔਰਤਾਂ ਸਬੰਧੀ ਮੁੱਦਿਆਂ ਨੂੰ ਨਜ਼ਰਅੰਦਾਜ਼ ਕਰਨ ਲਈ ਕੇਂਦਰੀ ਬਜਟ ਨੂੰ ਨਿਰਾਸ਼ਾਜਨਕ ਦੱਸਿਆ

**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)**– ਪੰਜਾਬ ਰਾਜ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਰਾਜ ਲਾਲੀ ਗਿੱਲ ਨੇ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਪੇਸ਼ ਕੀਤੇ ਕੇਂਦਰੀ ਬਜਟ 2024 'ਤੇ ਅਸੰਤੁਸ਼ਟਤੀ ਜ਼ਾਹਰ ਕੀਤੀ ਹੈ। ਚੰਡੀਗੜ੍ਹ ਵਿੱਚ ਬੁੱਧਵਾਰ ਨੂੰ ਮੀਡੀਆ ਨਾਲ ਗੱਲਬਾਤ ਦੌਰਾਨ ਸ੍ਰੀਮਤੀ ਗਿੱਲ ਨੇ ਕਿਹਾ, ''ਕਿ ਇਸ ਬਜਟ ਵਿੱਚ ਔਰਤਾਂ ਦੀ ਭਲਾਈ ਤੇ ਸਸ਼ਕਤੀਕਰਨ ਲਈ ਕੁਝ ਵੀ ਨਹੀਂ ਦਿੱਤਾ ਗਿਆ।'' ਚੇਅਰਪਰਸਨ ਗਿੱਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਬਜਟ ਔਰਤਾਂ ਦੀਆਂ ਅਹਿਮ ਲੋੜਾਂ ਨੂੰ ਪੂਰਾ ਕਰਨ ਵਿੱਚ ਬੁਰੀ ਤਰ੍ਹਾਂ ਅਸਫਲ ਰਿਹਾ ਹੈ। ਔਰਤਾਂ ਦੇ ਸਸ਼ਕਤੀਕਰਨ ਲਈ ਕੋਈ ਵਿਸ਼ੇਸ਼ ਪ੍ਰੋਗਰਾਮ ਜਾਂ ਵਿੱਤੀ ਸਹਾਇਤਾ ਪ੍ਰਦਾਨ ਨਹੀਂ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਔਰਤਾਂ ਆਪਣੀ ਆਰਥਿਕ, ਸਮਾਜਿਕ ਅਤੇ ਸਿਹਤ ਸਥਿਤੀ ਨੂੰ ਹੋਰ ਬਿਹਤਰ ਬਣਾਉਣ ਸਬੰਧੀ ਉਪਰਾਲਿਆਂ ਦੀ ਆਸ ਕਰ ਰਹੀਆਂ ਸਨ। ਪਰ ਬਜਟ ਇਹਨਾਂ ਉਮੀਦਾਂ 'ਤੇ ਖ਼ਰਾ ਨਹੀਂ ਉੱਤਰਿਆ।ਰਾਜ ਲਾਲੀ ਗਿੱਲ ਨੇ



ਕਿਹਾ ਕਿ ਕੇਂਦਰੀ ਬਜਟ ਵਿੱਚ ਔਰਤਾਂ ਦੇ ਫਿਕਰਮੰਦ ਹਾਲਾਤਾਂ ਨੂੰ ਪੂਰੀ ਤਰ੍ਹਾਂ ਅਣਗੌਲਿਆ ਗਿਆ ਹੈ। ਉਨ੍ਹਾਂ ਅੱਗੇ ਕਿਹਾ, ''ਕਿ ਇਸ ਬਜਟ ਵਿੱਚ ਕੀਤੇ ਵਾਅਦੇ ਮਹਿਜ਼ ਦਿਖਾਵਾ ਹਨ। ਉਨ੍ਹਾਂ ਕਿਹਾ ਕਿ ਜਦੋਂ ਤੱਕ ਇਹ ਲਾਗੂ ਹੋਣਗੇ ਉਦੋਂ ਤੱਕ ਅਗਲਾ ਬਜਟ ਆ ਜਾਵੇਗਾ।'' ਉਨ੍ਹਾਂ ਨੇ ਹਿੰਸਾ ਦਾ ਸਾਹਮਣਾ ਕਰ ਰਹੀਆਂ ਔਰਤਾਂ ਨੂੰ ਜ਼ਰੂਰੀ ਸਹਾਇਤਾ ਸੇਵਾਵਾਂ ਪ੍ਰਦਾਨ ਕਰਦੇ ਵਨ ਸਟਾਪ ਸੈਂਟਰਾਂ ਬਾਰੇ ਵੀ ਫਿਕਰ ਜ਼ਾਹਰ ਕੀਤਾ। ਜਿਨ੍ਹਾਂ ਲਈ ਕੋਈ ਵਾਧੂ ਫੰਡ ਨਹੀਂ ਰੱਖ ਗਏ ਹਨ। ਵਨ ਸਟਾਪ ਸੈਂਟਰਾਂ ਲਈ ਵਧੇ ਹੋਏ ਫੰਡਾਂ ਦੀ ਘਾਟ ਔਰਤਾਂ ਦੀ ਸੁਰੱਖਿਆ ਅਤੇ ਤੰਦਰੁਸਤੀ ਪ੍ਰਤੀ ਸਰਕਾਰ ਦੇ ਲਾਹਪ੍ਰਵਾਹ ਤੇ ਗ਼ੈਰ-ਜ਼ਿੰਮੇਵਾਰਾਨਾ ਰੁਖ਼ ਨੂੰ ਪ੍ਰਗਟਾਉਂਦੀ ਹੈ। ਰੁਜ਼ਗਾਰ ਵਰਗੇ ਵੱਡੇ ਮੁੱਦੇ 'ਤੇ ਟਿੱਪਣੀ ਕਰਦਿਆਂ ਸ੍ਰੀਮਤੀ ਗਿੱਲ ਨੇ ਕਿਹਾ, ''ਕਿ ਵਿੱਤ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਕੇਂਦਰ ਸਰਕਾਰ ਹਰ ਸਾਲ 2 ਕਰੋੜ ਨੌਕਰੀਆਂ ਦੇ ਰਹੀ ਹੈ, ਪਰ ਇਸ ਦਾਅਵੇ ਨੂੰ ਸਮਰਥਨ ਦੇਣ ਲਈ ਇਸ ਬਜਟ ਵਿੱਚ ਕੋਈ ਠੋਸ ਉਪਾਅ ਕੀਤਾ ਗਿਆ ਨਹੀਂ ਦਿਖਦਾ। ਉਨ੍ਹਾਂ ਕਿਹਾ ਕਿ ਇਹ ਬਜਟ ਪਾਰਟੀ ਹਿੱਤਾਂ ਦਾ ਪੱਖ ਪੂਰਨ ਵਾਲਾ ਬਜਟ ਹੈ। ਸ੍ਰੀਮਤੀ ਗਿੱਲ ਨੇ ਕੇਂਦਰ ਸਰਕਾਰ ਨੂੰ ਬਜਟ 'ਤੇ ਮੁੜ ਵਿਚਾਰ ਕਰਨ ਅਤੇ ਅਜਿਹੇ ਉਪਾਅ ਸ਼ਾਮਲ ਕਰਨ ਦੀ ਅਪੀਲ ਕੀਤੀ ਜੋ ਦਰਅਸਲ, ਔਰਤਾਂ ਦੇ ਸਸ਼ਕਤੀਕਰਨ ਅਤੇ ਉਨ੍ਹਾਂ ਦੀਆਂ ਵਿਲੱਖਣ ਚੁਣੌਤੀਆਂ ਦਾ ਹੱਲ ਕਰ ਸਕਣ। ਉਨ੍ਹਾਂ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਦੇਸ਼ ਦੇ ਵਿਕਾਸ ਵਿੱਚ ਔਰਤਾਂ ਦੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਔਰਤਾਂ ਦੀ ਸਿੱਖਿਆ, ਸਿਹਤ ਸੰਭਾਲ ਅਤੇ ਉੱਦਮਤਾ ਲਈ ਵੱਡੇ ਪੱਧਰ 'ਤੇ ਫੰਡ ਅਲਾਟ ਕਰੇ।

# ਸੂਬੇ ਦੀਆਂ ਲੋੜਵੰਦ ਔਰਤਾਂ ਲਈ ਮਹਿਲਾ ਹੈਲਪਲਾਈਨ ਨੰਬਰ 181 ਬਣੀ ਵਰਦਾਨ - ਡਾ. ਬਲਜੀਤ ਕੌਰ

**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)**– ਪੰਜਾਬ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸੂਬੇ ਦੀਆਂ ਲੋੜਵੰਦ ਔਰਤਾਂ ਨੂੰ ਤੁਰੰਤ ਅਤੇ ਐਮਰਜੈਂਸੀ ਸਹਾਇਤਾ ਪ੍ਰਦਾਨ ਕਰਨ ਲਈ ਮਹਿਲਾ ਹੈਲਪਲਾਈਨ ਨੰਬਰ 181 ਯੋਜਨਾ ਚਲਾਈ ਜਾ ਰਹੀ ਹੈ। ਮਹਿਲਾ ਹੈਲਪਲਾਈਨ ਨੰਬਰ 181 ਸੂਬੇ ਦੀਆਂ ਮਹਿਲਾਵਾਂ ਲਈ ਵਰਦਾਨ ਸਾਬਿਤ ਹੋ ਰਹੀ ਹੈ। ਇਸ ਦਾ ਪ੍ਰਗਟਾਵਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ। ਬਲਜੀਤ ਕੌਰ ਨੇ ਕੀਤਾ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੀਆਂ ਲੋੜਵੰਦ ਔਰਤਾਂ ਨੂੰ ਤੁਰੰਤ ਅਤੇ ਐਮਰਜੈਂਸੀ ਸਹਾਇਤਾ ਪ੍ਰਦਾਨ ਕਰਨ ਲਈ ਮਹਿਲਾ ਹੈਲਪਲਾਈਨ ਨੰਬਰ 181 ਯੋਜਨਾ ਇੱਕ ਬਿਹਤਰੀਨ ਉਪਰਾਲਾ ਹੈ ਜਿਸ ਦਾ ਉਦੇਸ਼ ਹਿੰਸਾ ਤੋਂ ਪ੍ਰਭਾਵਿਤ ਔਰਤਾਂ ਨੂੰ 24 ਘੰਟੇ ਤੁਰੰਤ ਅਤੇ ਐਮਰਜੈਂਸੀ ਸਹਾਇਤਾ ਪ੍ਰਦਾਨ ਕਰਨਾ ਹੈ।



ਉਨ੍ਹਾਂ ਦੱਸਿਆ ਕਿ ਕੋਈ ਵੀ ਜਰੂਰਤਮੰਦ ਔਰਤ ਜਿਸ ਨਾਲ ਕਿਸੇ ਵੀ ਤਰਾਂ ਦੀ ਕੋਈ ਹਿੰਸਾ ਜਾ ਧੱਕਾ ਹੋ ਰਿਹਾ ਹੈ ਹੋਵੇ, ਉਹ ਮਹਿਲਾ ਹੈਲਪਲਾਈਨ ਨੰਬਰ 181 'ਤੇ ਫੋਨ ਕਰਕੇ ਮਦਦ ਮੰਗ ਸਕਦੀ ਹੈ। ਮੰਤਰੀ ਨੇ ਅੱਗੇ ਦੱਸਿਆ ਕਿ ਮਹਿਲਾ ਹੈਲਪਲਾਈਨ 'ਤੇ ਲਗਭਗ 150 ਫੋਨ ਜ਼ਰੂਰਤਮੰਦ ਔਰਤਾਂ ਵਲੋਂ ਹਰ ਰੋਜ਼ ਕੀਤੇ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਹਰ ਮਹੀਨੇ ਲਗਭਗ 4 ਤੋਂ 5 ਹਜਾਰ ਲੋੜਵੰਦ ਔਰਤਾਂ ਨੂੰ ਮਹਿਲਾ ਹੈਲਪਲਾਈਨ ਨੰਬਰ 181 ਰਾਹੀ ਲੋੜੀਂਦੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ। ਕੈਬਨਿਟ ਮੰਤਰੀ ਨੇ ਦੱਸਿਆ ਕਿ ਲੋੜਵੰਦ ਔਰਤ ਜਿਸ ਨਾਲ ਕੋਈ ਬੇਇਨਸਾਫ਼ੀ ਹੋ ਰਹੀ ਹੈ ਜਾਂ ਕੋਈ ਹਿੰਸਾ ਹੋ ਰਹੀ ਹੈ, ਉਹ ਪੰਜਾਬ ਦੇ ਕਿਸੇ ਕੋਨੇ ਤੋਂ ਵੀ ਇਸ ਹੈਲਪਲਾਈਨ 'ਤੇ ਫੋਨ ਕਰਕੇ ਮਦਦ ਮੰਗ ਸਕਦੀ ਹੈ। ਔਰਤਾਂ ਨੂੰ ਸੂਬੇ ਵਿਚ ਸਥਾਪਿਤ ਵਨ ਸਟਾਪ ਸੈਂਟਰਾਂ ਅਤੇ ਵਿਭਾਗ ਅਧੀਨ ਚੱਲ ਰਹੇ ਦਫਤਰਾਂ ਵੱਲੋਂ ਤੁਰੰਤ ਮਦਦ ਕਰਨ ਲਈ ਕਾਰਵਾਈ ਵਿੱਢੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਸਰਕਾਰ ਵੱਲੋਂ ਔਰਤਾਂ ਦੇ ਸਸ਼ਕਤੀਕਰਨ ਲਈ ਜ਼ਿਲ੍ਹਾ ਹੱਬ ਨਾਲ ਜੋੜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਦਾ ਮੁੱਖ ਉਦੇਸ਼ ਮਹਿਲਾ ਵਰਗ ਦੀ ਹਰ ਤਰ੍ਹਾਂ ਨਾਲ ਸੁਰੱਖਿਆ ਕਰਨਾ ਹੈ। ਉਨ੍ਹਾਂ ਦੱਸਿਆ ਕਿ ਲੋੜਵੰਦ ਔਰਤਾਂ ਜਾਂ ਲੜਕੀਆਂ ਫੌਰੀ ਤੌਰ ਤੇ' ਸਹਾਇਤਾ ਲੈਣ ਲਈ ਮਹਿਲਾ ਹੈਲਪਲਾਈਨ ਨੰਬਰ 181 'ਤੇ ਸੰਪਰਕ ਕਰ ਸਕਦੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਔਰਤਾਂ ਦੀ ਭਲਾਈ ਲਈ ਵਚਨਬੱਧ ਹੈ।

# ਸੀਬੀਸੀ ਨੇ ਕਾਰਗਿਲ ਵਿਜੇ ਦਿਵਸ 'ਤੇ ਪੇਂਟਿੰਗ ਮੁਕਾਬਲੇ ਦਾ ਕੀਤਾ ਆਯੋਜਨ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕੇਂਦਰੀ ਸੰਚਾਰ ਬਿਊਰੋ (ਸੀਬੀਸੀ), ਸੂਚਨਾ ਅਤੇ ਪ੍ਰਸਾਰਣ ਮੰਤਰਾਲਾ, ਭਾਰਤ ਸਰਕਾਰ ਨੇ ਕੱਲ੍ਹ ਦੇਸ਼ ਭਰ ਵਿੱਚ ਮਨਾਏ ਜਾ ਰਹੇ ਕਾਰਗਿਲ ਵਿਜੇ ਦਿਵਸ ਦੀ ਸਿਲਵਰ ਜੁਬਲੀ ਦੇ ਮੌਕੇ 'ਤੇ ਇੱਕ ਪੇਂਟਿੰਗ ਮੁਕਾਬਲੇ ਦਾ ਆਯੋਜਨ ਕੀਤਾ। ਸਥਾਨਕ ਸੈਨਿਕ ਵੈਲਫੇਅਰ ਦਫਤਰ ਸਥਿਤ ਸੈਨਿਕ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਵੱਖ-ਵੱਖ ਖੇਤਰਾਂ ਵਿੱਚ ਕੋਚਿੰਗ ਲੈ ਰਹੇ ਵਿਦਿਆਰਥੀਆਂ ਵਿਚਕਾਰ ਇਹ ਮੁਕਾਬਲਾ ਕਰਵਾਇਆ ਗਿਆ। ਇਹ ਮੁਕਾਬਲਾ ਕਾਰਗਿਲ ਵਿਜੇ ਦਿਵਸ ਸਮਾਰੋਹ ਦਾ ਹਿਸਾ ਸੀ, ਜਿਸ ਦੇ ਮੌਕੇ 'ਤੇ ਸੀਬੀਸੀ ਭਲਕੇ ਸੈਨਿਕ ਵੈਲਫੇਅਰ ਦਫਤਰ ਵਿਖੇ ਇੱਕ ਫੋਟੋ ਪ੍ਰਦਰਸ਼ਨੀ ਦਾ ਆਯੋਜਨ ਕਰ ਰਿਹਾ ਹੈ। ਮੁੱਖ ਮਹਿਮਾਨ ਲੈਫਟੀਨੈਂਟ ਜਨਰਲ ਜੇਐੱਸ ਢਿੱਲੋਂ (ਸੇਵਾਮੁਕਤ) ਨੇ ਨੌਜਵਾਨਾਂ ਨੂੰ ਦੇਸ਼ ਦੀ ਤਰੱਕੀ ਲਈ ਕੰਮ ਕਰਨ ਲਈ ਪ੍ਰੇਰਿਤ ਕਰਨ ਲਈ ਅਜਿਹੇ ਸਮਾਗਮਾਂ ਦੇ ਆਯੋਜਨ ਲਈ ਸੀਬੀਸੀ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਵਿਦੇਸ਼ਾਂ ਵਿੱਚ ਜਾ ਕੇ ਕੰਮ ਕਰਨ ਤੋਂ ਪਰ੍ਹੇ ਹੱਟ ਕੇ ਸੋਚਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਨੌਜਵਾਨ ਦਿਮਾਗ ਇੱਥੇ ਹੀ ਕੰਮ ਕਰਕੇ ਭਾਰਤ ਦੀ ਤਰੱਕੀ ਵਿੱਚ ਯੋਗਦਾਨ ਪਾਉਣ। ਇਸ ਮੌਕੇ ਫੀਲਡ ਪਬਲੀਸਿਟੀ ਅਫਸਰ ਰਾਜੇਸ਼ ਬਾਲੀ ਨੇ ਲੈਫਟੀਨੈਂਟ ਜਨਰਲ ਢਿੱਲੋਂ ਅਤੇ ਵਿੰਗ ਕਮਾਂਡਰ ਸਿੰਘ ਨੂੰ ਕਾਰਗਿਲ ਵਿਜੇ ਦਿਵਸ ਦੀ ਸਿਲਵਰ ਜੁਬਲੀ ਨਾਲ ਸਬੰਧਤ ਵਿਸ਼ੇਸ਼ ਬੈਜ ਲਗਾ ਕੇ ਸਨਮਾਨਿਤ ਕੀਤਾ। ਵਿੰਗ ਕਮਾਂਡਰ ਗੁਰਪ੍ਰੀਤ ਸਿੰਘ (ਸੇਵਾਮੁਕਤ) ਅਤੇ ਸੀਬੀਸੀ ਦੇ ਫੀਲਡ ਪਬਲੀਸਿਟੀ ਅਫਸਰ ਰਾਜੇਸ਼ ਬਾਲੀ ਨੇ ਵੀ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਜੇਤੂਆਂ ਵਿੱਚੋਂ ਤਮੰਨਾ ਨੇ ਪਹਿਲਾ, ਜਸਪ੍ਰੀਤ ਕੌਰ ਨੇ ਦੂਜਾ, ਤਾਨੀਆ ਨੇ ਤੀਜਾ ਸਥਾਨ ਹਾਸਲ ਕੀਤਾ ਅਤੇ ਕਮਲਪ੍ਰੀਤ ਕੌਰ ਨੇ ਦਿਲਾਸਾ ਇਨਾਮ ਜਿੱਤਿਆ। ਲੈਫਟੀਨੈਂਟ ਜਨਰਲ ਢਿੱਲੋਂ ਨੇ ਵਿੰਗ ਕਮਾਂਡਰ ਸਿੰਘ ਅਤੇ ਐੱਫਪੀਓ ਬਾਲੀ ਦੇ ਨਾਲ ਮਿਲ ਕੇ ਜੇਤੂਆਂ ਨੂੰ ਸਨਮਾਨਿਤ ਕੀਤਾ। ਜੇਤੂਆਂ ਦੀ ਚੋਣ ਕਰਨ ਲਈ ਸੈਨਿਕ ਇੰਸਟੀਚਿਊਟ ਪੰਜਾਬ ਦੇ ਰਜਿਸਟਰਾਰ ਡਾ. ਪਰਮਿੰਦਰ ਕੌਰ ਸੈਣੀ ਅਤੇ ਫੈਕਲਟੀ ਇੰਚਾਰਜ ਪ੍ਰੋ। ਚਾਂਦਨੀ ਸ਼ਰਮਾ ਜੱਜ ਸਨ।

# ਮੋਦੀ ਸਰਕਾਰ ਅਤੇ ਮਾਨ ਸਰਕਾਰ ਦਲਿਤਾਂ ਦੇ ਹੱਕਾਂ ਅਤੇ ਹਿੱਤਾਂ ਦੀ ਰਾਖੀ ਕਰਨ ਵਿੱਚ ਫੇਲ ਸਾਬਿਤ ਹੋਈਆਂ- ਪਮਾਲੀ /ਚੁੰਬਰ

**ਫਗਵਾੜਾ (ਬੀ.ਕੇ. ਰੱਤੂ)** ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਵੱਲੋਂ ਪੇਸ਼ ਕੀਤੇ ਗਏ ਬਜਟ ਵਿੱਚ ਜਿੱਥੇ ਪੰਜਾਬ ਨੂੰ ਨਜਰ ਅੰਦਾਜ ਕੀਤਾ ਗਿਆ ਹੈ ਉਥੇ ਹੀ ਦੇਸ਼ ਦੇ ਸਮੁੱਚੇ ਦਲਿਤ ਵਰਗ ਨੂੰ ਕੋਈ ਵਿਸੇਸ ਪੈਕਜ ਨਾ ਦੇਣਾ ਹੀ ਸਾਬਿਤ ਕਰਦਾ ਹੈ ਕਿ ਭਾਜਪਾ ਨੇ ਇਹ ਆਪਣੇ ਸਿਆਸੀ ਆਕਾਵਾਂ ਤੇ ਆਰ ਐਸ ਐਸ ਨੂੰ ਖੁਸ਼ ਕਰਨ ਲਈ ਕੀਤਾ ਹੈ। ਇਸੇ ਤਰ੍ਹਾਂ ਦੀ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਸੂਬੇ ਦੇ ਦਲਿਤ ਵਰਗ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਦਲਿਤਾਂ ਦੇ ਹੱਕਾਂ ਅਤੇ ਹਿੱਤਾਂ ਦੀ ਰਾਖੀ ਕਰਨ ਵਿੱਚ ਫੇਲ ਸਾਬਤ ਹੋਈਆਂ ਹਨ। ਇਹਨਾਂ ਸਬਦਾਂ ਦਾ ਪ੍ਰਗਟਾਵਾ ਜਸਵੀਰ ਸਿੰਘ ਪਮਾਲੀ ਸੀਨੀਅਰ ਆਗੂ ਐਸ ਸੀ ਬੀ ਸੀ ਮਹਾਂਪੰਚਾਇਤ ਪੰਜਾਬ ਅਤੇ ਸ੍ਰੀ ਤਰਸੇਮ ਲਾਲ ਚੁੰਬਰ ਫਗਵਾੜਾ ਇੰਚਾਰਜ ਕਾਨੂੰਨੀ ਵਿੰਗ ਐਸ ਸੀ ਬੀ ਸੀ ਮਹਾਂਪੰਚਾਇਤ ਪੰਜਾਬ ਨੇ ਸਥਾਨਿਕ ਕਸਬੇ ਅੰਦਰ ਸਾਂਝੇ ਤੌਰ ਤੇ ਗੱਲਬਾਤ ਕਰਦਿਆਂ ਕੀਤਾ। ਉਹਨਾਂ ਅੱਗੇ ਕਿਹਾ ਕਿ ਭਾਂਵੇ ਕਿ ਸਮੇਂ ਸਮੇਂ ਤੇ ਆਈਆਂ ਸਰਕਾਰਾਂ ਨੇ ਦਲਿਤ ਵਰਗ ਨੂੰ ਸਿਰਫ ਆਪਣੇ ਵੋਟ ਬੈਂਕ ਵਜੋਂ ਹੀ ਵਰਤਿਆਂ ਹੈ ਪਰ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਨੇ ਤਾਂ ਦਲਿਤ ਵਰਗ ਨਾਲ ਸੰਬੰਧਿਤ ਸਾਰੀਆਂ ਭਲਾਈ ਸਕੀਮਾਂ ਜਾਂ ਵਿਦਿਆਰਥੀਆਂ ਨੂੰ ਮਿਲਣ ਵਾਲੇ ਵਜੀਫਿਆਂ ਨੂੰ ਬੰਦ ਕਰਕੇ ਦਲਿਤ ਵਰਗ ਦਾ ਲੱਕ ਤੋੜ੍ਹ ਦਿੱਤਾ ਹੈ। ਆਪਣੇ ਸਿਆਸੀ ਆਕਾ ਆਰ ਐਸ ਐਸ ਨੂੰ ਖੁਸ਼ ਕਰਨ ਲਈ ਦਲਿਤਾਂ ਨਾਲ ਸੰਬੰਧਿਤ ਮੁੱਦਿਆਂ ਦੇ ਹੱਲ ਵੱਲ ਕੋਈ ਵੀ ਧਿਆਨ ਨਹੀ ਹੈ। ਉਹਨਾਂ ਕਿਹਾ ਕਿ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਦੀ ਦਲਿਤ ਵਿਰੋਧੀ ਨੀਤੀਆਂ ਪ੍ਰਤੀ ਸੂਬੇ ਦੇ ਦਲਿਤ ਨੂੰ ਜਾਗਰੂਕ ਕਰਨ ਅਗਸਤ ਦੇ ਮਹੀਨੇ ਵਿੱਚ ਪੰਜਾਬ ਅੰਦਰ ਇੱਕ ਵਿਸੇਸ ਮੁਹਿੰਮ ਚਲਾਈ ਜਾਵੇਗੀ। ਇਸ ਸਮੇਂ ਉਹਨਾਂ ਦੇ ਨਾਲ ਰਜਿੰਦਰ ਸਿੰਘ ਰਾਜੂ ਜੋਧਾਂ ਕਾਰਜਕਾਰੀ ਪ੍ਰਧਾਨ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਵਿਸੇਸ ਤੌਰ ਤੇ ਹਾਜਰ ਸਨ।



# ਰਮਣੀਕ ਸਿੰਘ ਤੇ ਜਸ਼ਨਜੋਤ ਘੁੰਮਣ ਦਾ ਕਾਵਿ ਸੰਗ੍ਰਹਿ 'ਲਫ਼ਜ਼ਾਂ ਦੇ ਸਾਗਰ' ਲੋਕ ਅਰਪਣ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬੀ ਭਾਸ਼ਾ ਅਤੇ ਸਾਹਿਤ ਵਿੱਚ ਸਿਰਜਣਾਤਮਕ ਵਾਧੇ ਹਿੱਤ ਅੱਜ ਦਫ਼ਤਰ ਜ਼ਿਲ੍ਹਾ ਭਾਸ਼ਾ ਅਫ਼ਸਰ ਹੁਸ਼ਿਆਰਪੁਰ ਵਿੱਚ ਰਮਣੀਕ ਸਿੰਘ ਘੁੰਮਣ ਅਤੇ ਜਸ਼ਨਜੋਤ ਘੁੰਮਣ ਦੇ ਸਾਂਝੇ ਕਾਵਿ ਸੰਗ੍ਰਹਿ 'ਲਫ਼ਜ਼ਾਂ ਦੇ ਸਾਗਰ' ਦਾ ਖੋਜ ਅਫ਼ਸਰ ਡਾ. ਜਸਵੰਤ ਰਾਏ, ਸਹਾਇਕ ਲੋਕ ਸੰਪਰਕ ਅਫ਼ਸਰ ਲੋਕੇਸ਼ ਕੁਮਾਰ ਚੋਬੇ ਅਤੇ ਸਹਾਇਕ ਡਾਇਰੈਕਟਰ ਯੁਵਕ ਭਲਾਈ ਸੇਵਾਵਾਂ ਪ੍ਰੀਤ ਕੋਹਲੀ ਵੱਲੋਂ ਲੋਕ ਅਰਪਣ ਕੀਤਾ ਗਿਆ।

ਕਾਵਿ ਸੰਗ੍ਰਹਿ ਦੀ ਸਿਰਜਣਤਮਕਤਾ ਬਾਰੇ ਗੱਲ ਕਰਦਿਆਂ ਡਾ. ਜਸਵੰਤ ਰਾਏ ਨੇ ਕਿਹਾ ਕਿ ਇਹ ਰਮਣੀਕ ਸਿੰਘ ਘੁੰਮਣ ਅਤੇ ਜਸ਼ਨਜੋਤ ਘੁੰਮਣ ਦਾ ਪਲੇਠਾ ਸਾਂਝਾ ਕਾਵਿ ਸੰਗ੍ਰਹਿ ਹੈ।ਪਿਓ ਧੀ ਵੱਲੋਂ ਸਿਰਜੀਆਂ ਕਵਿਤਾਵਾਂ ਵਿੱਚ ਰੁਮਾਂਸਵਾਦੀ ਦ੍ਰਿਸ਼ਟੀ ਦੇ ਨਾਲ-ਨਾਲ ਰੂਹਾਨੀਅਤ, ਕੁਦਰਤ, ਸਵੈ ਨਾਲ ਸੰਵਾਦ, ਇਤਿਹਾਸ ਅਤੇ ਮਿਥਿਹਾਸ ਨੂੰ ਜਾਨਣ ਦੀ ਸਿੱਕ, ਜ਼ਿੰਦਗੀ ਨੂੰ ਜੀਊਣ ਦਾ ਸਲੀਕਾ, ਖ਼ੁਦ ਨੂੰ ਪਿਆਰ ਅਤੇ ਸਤਿਕਾਰ ਕਰਨ ਦਾ ਬਲ ਅਤੇ ਸਮਾਜਿਕ ਬੰਦਸ਼ਾਂ ਨੂੰ ਤੋੜ ਕੇ ਬਰਾਬਰਤਾ ਵਾਲੇ ਜੀਵਨ ਦਾ ਖੁਲ੍ਹ ਕੇ ਬਿਰਤਾਂਤ ਸਿਰਜਿਆ ਗਿਆ ਹੈ।

ਲੋਕੇਸ਼ ਕੁਮਾਰ ਅਤੇ ਪ੍ਰੀਤ ਕੋਹਲੀ ਨੇ ਕਵਿਤਾ ਵਿਚਲੀ ਕਾਵਿਕਤਾ ਨੂੰ ਅਧਾਰ ਬਣਾ ਕੇ ਦੋਵਾਂ ਸਿਰਜਣਕਾਰਾਂ ਨੂੰ ਪੰਜਾਬੀ ਕਾਵਿ ਜਗਤ ਵਿੱਚ ਇਸ ਪਲੇਠੀ ਪਹਿਲ ਲਈ ਮੁਬਾਰਕਾਂ ਦਿੱਤੀਆਂ ਅਤੇ ਭਵਿੱਖ ਵਿੱਚ ਇਸ ਕਾਵਿ ਸਫ਼ਰ ਨੂੰ ਬਾਦਸਤੂਰ ਜਾਰੀ ਰੱਖਣ ਲਈ ਆਖਿਆ। ਇਸ ਮੌਕੇ ਦੋਵਾਂ ਸ਼ਾਇਰਾਂ ਨੇ ਕਿਤਾਬ ਵਿੱਚੋਂ ਆਪਣੀਆਂ ਨਜ਼ਮਾਂ ਦਾ ਪਾਠ ਵੀ ਸਰੋਤਿਆਂ ਨਾਲ ਸਾਂਝਾ ਕੀਤਾ।ਸਮਾਗਮ ਦੌਰਾਨ ਸਟੇਜ ਦੀ ਕਾਰਵਾਈ ਅਧਿਆਪਕ ਸਾਥੀ ਅਜੇ ਕੁਮਾਰ ਨੇ ਬਾਖ਼ੂਬੀ ਨਿਭਾਈ ਇਸ ਮੌਕੇ ਅਮਨਜੀਤ ਕੌਰ, ਲਵਪ੍ਰੀਤ, ਲਾਲ ਸਿੰਘ, ਰਵਿੰਦਰ ਭਾਰਦਵਾਜ ਅਤੇ ਪੁਸ਼ਪਾ ਰਾਣੀ ਵੀ ਹਾਜ਼ਰ ਸਨ।



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਰਾਜਾ ਵੜਿੰਗ ਨੇ ਭਾਜਪਾ ਸਰਕਾਰ ਤੋਂ ਕੈਂਸਰ ਦੇ ਵਿਆਪਕ ਇਲਾਜ ਦੀ ਕੀਤੀ ਮੰਗ



**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)**–ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀ.ਪੀ.ਸੀ.ਸੀ.) ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਅੱਜ ਸੰਸਦ ਵਿੱਚ ਭਾਜਪਾ ਸਰਕਾਰ ਖਾਸ ਤੌਰ 'ਤੇ ਸਿਹਤ ਮੰਤਰੀ ਜੇ।ਪੀ। ਨੱਡਾ ਨੂੰ ਅਪੀਲ ਕੀਤੀ ਕਿ ਭਾਰਤ ਵਿੱਚ ਕੈਂਸਰ ਦਾ ਮੁਫ਼ਤ ਇਲਾਜ ਹੋਵੇ। ਕੈਂਸਰ ਦੇ ਮਾਮਲਿਆਂ ਵਿੱਚ ਚਿੰਤਾਜਨਕ ਵਾਧੇ ਨੂੰ ਉਜਾਗਰ ਕਰਦੇ ਹੋਏ ਵੜਿੰਗ ਨੇ ਕਿਹਾ, "ਕੈਂਸਰ ਇੱਕ ਅਜਿਹੀ ਬਿਮਾਰੀ ਹੈ ਜੋ ਸਾਡੇ ਦੇਸ਼ ਭਰ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਪ੍ਰਭਾਵਿਤ ਕਰਦੀ ਹੈ। ਉਨ੍ਹਾਂ ਕਿਹਾ 4 ਜੂਨ ਨੂੰ ਲੁਧਿਆਣਾ ਤੋਂ ਸੰਸਦ ਮੈਂਬਰ ਵਜੋਂ ਚੁਣੇ ਜਾਣ ਤੋਂ ਬਾਅਦ, ਮੈਂ ਕੈਂਸਰ ਸਬੰਧੀ ਇਲਾਜ ਅਤੇ ਪ੍ਰਧਾਨ ਮੰਤਰੀ ਰਾਹਤ ਫੰਡ ਰਾਹੀਂ ਸਬਸਿਡੀਆਂ ਦੀ ਮੰਗ ਲਈ ਕਈ ਪੱਤਰਾਂ 'ਤੇ ਦਸਤਖਤ ਕੀਤੇ ਹਨ। ਕਾਂਗਰਸ ਪ੍ਰਧਾਨ ਨੇ ਪੰਜਾਬ ਵਿੱਚ ਵੱਧ ਰਹੀ ਚਿੰਤਾ 'ਤੇ ਜ਼ੋਰ ਦਿੰਦੇ ਹੋਏ ਕਿਹਾ, "ਪਿਛਲੇ ਤਿੰਨ ਸਾਲਾਂ ਵਿੱਚ ਪੰਜਾਬ ਵਿੱਚ ਕੈਂਸਰ ਦੀਆਂ ਘਟਨਾਵਾਂ ਦੀ ਦਰ ਵਿੱਚ 7.45% ਦਾ ਵਾਧਾ ਹੋਇਆ ਹੈ। ਪੰਜਾਬ 'ਚ 2021 ਤੋਂ 2024 ਵਿੱਚ ਅੰਦਾਜ਼ਨ ਕੈਂਸਰ ਦੇ ਕੇਸ 39,521 ਤੋਂ ਵੱਧ ਕੇ 42,288 ਹੋ ਗਏ ਹਨ। ਔਰਤਾਂ 'ਚ ਮੁੱਖ ਤੌਰ 'ਤੇ ਔਰਤਾਂ ਦੀ ਛਾਤੀ ਅਤੇ ਬੱਚੇਦਾਨੀ ਦੇ ਕੈਂਸਰ ਨਾਲ ਪ੍ਰਭਾਵਿਤ ਕੇਸ ਹਨ। ਜਦੋਂ ਕਿ ਮਰਦਾਂ 'ਚ ਮੁੱਖ ਤੌਰ 'ਤੇ ਅਲਕੋਹਲ ਦੀ ਵਰਤੋਂ ਅਤੇ ਖੁਰਾਕ ਦੀ ਚਰਬੀ ਕਾਰਨ ਫੂਡ ਪਾਈਪ ਦੇ ਕੈਂਸਰ ਤੋਂ ਪੀੜਤ ਹਨ।" ਆਪਣੀ ਅਪੀਲ ਵਿੱਚ, ਲੁਧਿਆਣਾ ਦੇ ਸੰਸਦ ਮੈਂਬਰ ਨੇ ਕੈਂਸਰ ਦੇ ਮਰੀਜ਼ਾਂ, ਖਾਸ ਤੌਰ 'ਤੇ ਮੱਧਵਰਗੀ ਪਰਿਵਾਰਾਂ ਜਾਂ ਆਮ ਆਦਮੀ ਨੂੰ ਦਰਪੇਸ਼ ਸਮਾਜਿਕ-ਆਰਥਿਕ ਚੁਣੌਤੀਆਂ ਵੱਲ ਧਿਆਨ ਦਿੱਤਾ। "ਭਾਰਤ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧ ਰਹੀ ਅਰਥਵਿਵਸਥਾ ਵਿੱਚੋਂ ਇੱਕ ਹੈ ਪਰ ਅਜੇ ਵੀ ਇੱਕ ਮਹੱਤਵਪੂਰਨ ਆਬਾਦੀ ਗਰੀਬੀ ਰੇਖਾ ਦੇ ਹੇਠਾਂ ਰਹਿ ਰਹੀ ਹੈ ਜਾਂ ਘੱਟ ਵਿਸ਼ੇਸ਼ ਅਧਿਕਾਰ ਪ੍ਰਾਪਤ ਜੀਵਨ ਜੀਅ ਰਹੀ ਹੈ। ਇਹਨਾਂ ਵਿਅਕਤੀਆਂ ਨੂੰ ਕੈਂਸਰ ਦੇ ਇਲਾਜ ਲਈ ਕਾਫ਼ੀ ਵਿੱਤੀ ਸਹਾਇਤਾ ਦੀ ਲੋੜ ਹੁੰਦੀ ਹੈ। ਇਹਨਾਂ ਇਲਾਜਾਂ ਲਈ ਫੰਡ ਜੁਟਾਉਣ ਲਈ ਉਹਨਾਂ ਨੂੰ ਬਹੁਤ ਸੰਘਰਸ਼ ਕਰਨਾ ਪੈਂਦਾ ਹੈ। ਰਾਜਾ ਵੜਿੰਗ ਨੇ ਸਿਹਤ ਮੰਤਰੀ ਜੇਪੀ ਨੱਡਾ ਨੂੰ ਗੰਭੀਰ ਸਵਾਲ ਪੁੱਛੇ ਤੇ ਕੈਂਸਰ ਦੇ ਇਲਾਜ ਪ੍ਰਤੀ ਵਧੇਰੇ ਹਮਦਰਦੀ ਭਰੀ ਪਹੁੰਚ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਪੁੱਛਿਆ "ਕੈਂਸਰ ਦਾ ਇਲਾਜ ਅਤੇ ਇਸਦੀ ਦਵਾਈ ਲੋੜਵੰਦਾਂ ਲਈ ਮੁਫਤ ਕਿਉਂ ਨਹੀਂ ਕੀਤੀ ਜਾ ਸਕਦੀ? ਸਾਡੇ ਦੇਸ਼ ਵਿੱਚ ਕੈਂਸਰ ਵਰਗੀ ਖਤਰਨਾਕ ਬਿਮਾਰੀ ਦਾ ਇਲਾਜ ਮੁਫਤ ਕਿਉਂ ਨਹੀਂ ਹੋ ਸਕਦਾ? , ਖਾਸ ਤੌਰ 'ਤੇ ਗਰੀਬ ਲੋਕਾਂ ਲਈ, ਭਾਰਤ ਸਰਕਾਰ ਇਸ ਦਾ ਇਲਾਜ ਮੁਫਤ ਕਰਕੇ ਪਹਿਲਾਂ ਹੀ ਕੈਂਸਰ ਦੇ ਬੋਝ ਹੇਠ ਦੱਬੇ ਪਰਿਵਾਰਾਂ ਦੇ ਦੁੱਖਾਂ ਨੂੰ ਘਟਾਉਣ ਦੀ ਕੋਸ਼ਿਸ਼ ਕਿਉਂ ਨਹੀਂ ਕਰ ਰਹੀ?

ਉਨ੍ਹਾਂ ਭਾਵੁਕਤਾ ਨਾਲ ਅੱਗੇ ਕਿਹਾ, "ਕੀ ਅਸੀਂ ਇਹ ਯਕੀਨੀ ਨਹੀਂ ਕਰ ਸਕਦੇ ਕਿ ਇੱਕ ਨਿਸ਼ਚਿਤ ਆਮਦਨ ਪੱਧਰ ਤੋਂ ਘੱਟ ਲੋਕਾਂ ਨੂੰ ਕੈਂਸਰ ਦਾ ਮੁਫ਼ਤ ਇਲਾਜ ਮਿਲੇ? ਸਿਰਫ਼ ਸਬਸਿਡੀਆਂ ਪ੍ਰਦਾਨ ਕਰਨ ਦੀ ਬਜਾਏ, ਕੀ ਭਾਰਤ ਸਰਕਾਰ ਅਜਿਹੇ ਵਿਅਕਤੀਆਂ ਲਈ ਮੁਫ਼ਤ ਇਲਾਜ ਦੀ ਪੇਸ਼ਕਸ਼ ਨਹੀਂ ਕਰ ਸਕਦੀ ਅਤੇ ਜੀਵਨ ਬਚਾ ਸਕਦੀ ਹੈ?" ਅਮਰਿੰਦਰ ਸਿੰਘ ਰਾਜਾ ਵੜਿੰਗ ਦੀਆਂ ਮੰਗਾਂ ਇੱਕ ਮਜ਼ਬੂਤ ਅਤੇ ਬਰਾਬਰੀ ਵਾਲੀ ਸਿਹਤ ਸੰਭਾਲ ਪ੍ਰਣਾਲੀ ਦੀ ਫੌਰੀ ਲੋੜ 'ਤੇ ਜ਼ੋਰ ਦਿੰਦੀਆਂ ਹਨ ਜੋ ਸਾਰੇ ਨਾਗਰਿਕਾਂ, ਖਾਸ ਕਰਕੇ ਕੈਂਸਰ ਵਰਗੀਆਂ ਗੰਭੀਰ ਬਿਮਾਰੀਆਂ ਨਾਲ ਜੂਝ ਰਹੇ ਲੋਕਾਂ ਦੀ ਭਲਾਈ ਨੂੰ ਤਰਜੀਹ ਦਿੰਦੀ ਹੈ। ਗਰੀਬਾਂ ਲਈ ਮੁਫ਼ਤ ਕੈਂਸਰ ਦੇ ਇਲਾਜ ਲਈ ਉਸਦਾ ਸੱਦਾ ਹਰ ਭਾਰਤੀ ਲਈ ਸਿਹਤ ਸੰਭਾਲ ਨੂੰ ਪਹੁੰਚਯੋਗ ਅਤੇ ਕਿਫਾਇਤੀ ਬਣਾਉਣ ਦੇ ਵਿਆਪਕ ਟੀਚੇ ਨਾਲ ਗੂੰਜਦਾ ਹੈ।

# ਇੱਕ ਤੋਂ ਤਿੰਨ ਨਵੰਬਰ ਤੱਕ ਹੋਏਗਾ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ



**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਦੀ ਜਨਰਲ ਬਾਡੀ ਦੀ ਮੀਟਿੰਗ 'ਚ ਗੰਭੀਰ ਵਿਚਾਰ-ਚਰਚਾ ਉਪਰੰਤ ਲਏ ਮਹੱਤਵਪੂਰਨ ਫੈਸਲਿਆਂ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਦੀਵਾਲੀ ਦੇ ਤਿਓਹਾਰ ਨੂੰ ਮੱਦੇ ਨਜ਼ਰ ਰੱਖਦਿਆਂ ਇਸ ਵਾਰ ਪਹਿਲੀ ਨਵੰਬਰ ਸ਼ਾਮ 4 ਵਜੇ ਤੋਂ ਸ਼ੁਰੂ ਹੋ ਕੇ ਤਿੰਨ ਨਵੰਬਰ ਸਾਰਾ ਦਿਨ ਸਾਰੀ ਰਾਤ ਤਿੰਨ ਰੋਜ਼ਾ ਹੋਏਗਾ 33ਵਾਂ ਮੇਲਾ ਗ਼ਦਰੀ ਬਾਬਿਆਂ ਦਾ। ਤਿੰਨ ਨਵੰਬਰ ਦਿਨ ਐਤਵਾਰ ਸਵੇਰੇ 10 ਵਜੇ ਝੰਡਾ ਲਹਿਰਾਉਣ ਦੀ ਰਸਮ ਉਪਰੰਤ ਮੇਲਾ ਤਿੰਨ ਨਵੰਬਰ ਦੀ ਸਾਰੀ ਰਾਤ ਨਾਟਕਾਂ ਅਤੇ ਗੀਤਾਂ ਭਰੀ ਰਾਤ ਨਾਲ 4 ਨਵੰਬਰ ਸਵੇਰੇ ਸਰਘੀ ਵੇਲੇ ਪੂਰੇ ਜੋਸ਼-ਖਰੋਸ਼ ਨਾਲ ਸਮਾਪਤੀ ਸਿਖਰਾਂ ਛੋਹੇਗਾ।

ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ ਸਮੇਤ ਮੀਟਿੰਗ 'ਚ ਹਾਜ਼ਰ ਸਮੂਹ ਮੈਂਬਰਾਂ ਨੇ ਸਰਵ-ਪੱਖਾਂ 'ਤੇ ਗੌਰ ਕਰਦਿਆਂ ਇਹ ਫੈਸਲਾ ਕੀਤਾ ਕਿ ਪਹਿਲੀ ਨਵੰਬਰ ਸਵੇਰ ਤੋਂ ਹੀ ਪੁਸਤਕ ਮੇਲਾ ਸਜਣਾ ਸ਼ੁਰੂ ਹੋ ਜਾਏਗਾ, ਜਿਸ ਵਿੱਚ 4 ਵਜੇ ਰਸਮੀ ਤੌਰ 'ਤੇ ਮੇਲੇ ਸਬੰਧੀ ਮੇਲਾ ਪ੍ਰੇਮੀ ਸਿਰ ਜੋੜ ਕੇ ਬੈਠਣਗੇ, ਵਿਚਾਰਾਂ ਕਰਨਗੇ ਅਤੇ ਕਲਾ ਕਿਰਤਾਂ ਦਾ ਆਨੰਦ ਮਾਣਨਗੇ।

ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ 10 ਅਗਸਤ ਦਿਨ ਸ਼ਨਿਚਰਵਾਰ ਠੀਕ 11 ਵਜੇ ਕਮੇਟੀ ਦੇ ਸਭਿਆਚਾਰਕ ਵਿੰਗ ਅਤੇ ਅਹੁਦੇਦਾਰਾਂ ਦੀ ਸਾਂਝੀ ਮੀਟਿੰਗ ਹੋਏਗੀ। ਇਸ ਉਪਰੰਤ ਠੀਕ 12 ਵਜੇ ਮੇਲੇ ਅਤੇ ਸਭਨਾਂ ਸਾਹਿਤਕ/ਸਭਿਆਚਾਰਕ ਸਰਗਰਮੀਆਂ ਨਾਲ ਜੁੜੀ ਵਿਸ਼ਾਲ ਸਭਿਆਚਾਰਕ ਵਿੰਗ ਦੀ ਮੀਟਿੰਗ ਹੋਏਗੀ, ਜਿਸ ਵਿੱਚ ਮੇਲਾ ਸਮਰਪਤ ਕਰਨ, ਝੰਡਾ ਲਹਿਰਾਉਣ ਦੀ ਜ਼ਿੰਮੇਵਾਰੀ ਅਦਾ ਕਰਨ ਅਤੇ ਮੇਲੇ ਦੀ ਰੂਪ-ਰੇਖਾ ਨੂੰ ਸੰਭਵ ਛੋਹਾਂ ਦਿੱਤੀਆਂ ਜਾਣਗੀਆਂ। ਮੀਟਿੰਗ 'ਚ ਇਹ ਫੈਸਲਾ ਵੀ ਕੀਤਾ ਗਿਆ ਕਿ ਬਾਬਾ ਸੋਹਣ ਸਿੰਘ ਭਕਨਾ ਗ਼ਦਰੀ ਮਿਊਜ਼ੀਅਮ ਵਿੱਚ ਬਣੇ ਡਿਜ਼ੀਟਲ ਥੀਏਟਰ ਦਾ ਨਾਮ 'ਦੇਸ਼ ਭਗਤ ਗੰਧਰਵ ਸੈਨ ਕੋਛੜ ਯਾਦਗਾਰੀ ਥੀਏਟਰ' ਹੋਏਗਾ। ਇਸ ਥੀਏਟਰ 'ਚ ਗ਼ਦਰੀ ਦੇਸ਼ ਭਗਤਾਂ, ਅਣਗੌਲੇ ਆਜ਼ਾਦੀ ਸੰਗਰਾਮੀਆਂ ਦੇ ਇਤਿਹਾਸ ਵਿਰਾਸਤ ਨਾਲ ਜੁੜੀਆਂ ਘਟਨਾਵਾਂ, ਤਸਵੀਰਾਂ, ਗੀਤ ਸੰਗੀਤ, ਕਵਿਤਾਵਾਂ, ਰੰਗ ਮੰਚ ਅਤੇ ਫ਼ਿਲਮਾਂ ਆਦਿ ਵਿਖਾਉਣ ਤੋਂ ਇਲਾਵਾ ਵਿਚਾਰ-ਚਰਚਾਵਾਂ ਵੀ ਹੋਇਆ ਕਰਨਗੀਆਂ। ਪੁੰਗਰਦੀ ਪਨੀਰੀ ਅਤੇ ਚੜ੍ਹਦੀ ਜੁਆਨੀ ਨੂੰ ਵਿਸ਼ੇਸ਼ ਕਰਕੇ ਆਪਣੀ ਗੌਰਵਮਈ ਆਜ਼ਾਦੀ ਤਵਾਰੀਖ਼ ਨਾਲ ਜੋੜਨ ਅਤੇ ਸਮਾਜ ਵਿੱਚ ਸਿਹਤਮੰਦ, ਦੇਸ਼ ਭਗਤ, ਲੋਕ-ਪੱਖੀ, ਵਿਗਿਆਨਕ ਅਤੇ ਇਨਕਲਾਬੀ ਜਮਹੂਰੀ ਵਿਚਾਰਾਂ ਦੀ ਲੋਅ ਵੰਡਣ ਲਈ ਸੰਭਵ ਉਪਰਾਲੇ ਜੁਟਾਏ ਜਾਣਗੇ।

ਇਸ ਮੇਲੇ 'ਚ ਮਾਝਾ ਖੇਤਰ 'ਚ ਗ਼ਦਰੀ, ਜਲ੍ਹਿਆਂਵਾਲਾ ਬਾਗ਼ ਅਤੇ ਆਜ਼ਾਦੀ ਜਦੋ-ਜਹਿਦ ਦੀਆਂ ਲਹਿਰਾਂ ਨਾਲ ਜੁੜੇ ਪਿੰਡਾਂ ਦੇ ਸਰਗਰਮ ਸਹਿਯੋਗ ਨਾਲ ਲੰਗਰ ਦਾ ਖਰਚਾ ਓਟਣ ਲਈ ਅੱਗੇ ਆਉਣ ਵਾਸਤੇ ਸੀ.ਪੀ.ਆਈ. ਜਿਲ੍ਹਾ ਤਰਨਤਾਰਨ ਕਮੇਟੀ ਇਹਨਾਂ ਪਿੰਡਾਂ 'ਚ ਬਣੀਆਂ ਦੇਸ਼ ਭਗਤ ਕਮੇਟੀਆਂ, ਲੋਕ-ਪੱਖੀ ਸਮੂਹ ਸੰਸਥਾਵਾਂ ਅਤੇ ਵਿਅਕਤੀਆਂ ਨੂੰ ਅੱਗੇ ਆਉਣ ਲਈ ਪ੍ਰੇਰਤ ਕਰੇਗੀ।

28 ਜੁਲਾਈ 1925 ਨੂੰ ਸਦੀਵੀ ਵਿਛੋੜਾ ਦੇ ਗਈ ਗ਼ਦਰੀ ਗੁਲਾਬ ਕੌਰ ਅਤੇ 31 ਜੁਲਾਈ 1940 ਨੂੰ ਫਾਂਸੀ ਚੜ੍ਹੇ ਸ਼ਹੀਦ ਊਧਮ ਸਿੰਘ ਬਾਰੇ ਕਮੇਟੀ ਦੇ ਟਰੱਸਟੀ ਡਾ. ਪਰਮਿੰਦਰ ਸਿੰਘ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਨੇ ਅੱਜ ਦੀ ਮੀਟਿੰਗ 'ਚ ਵਿਚਾਰ ਰੱਖੇ। ਕਮੇਟੀ ਮੈਂਬਰਾਂ ਨੇ ਖੜ੍ਹੇ ਹੋ ਕੇ ਗੁਲਾਬ ਕੌਰ, ਊਧਮ ਸਿੰਘ, ਗੁਰਚਰਨ ਸਿੰਘ ਅੱਚਰਵਾਲ, ਜੀਤ ਕੌਰ ਅੱਚਰਵਾਰ, ਅਵਤਾਰ ਵਿਰਕ, ਅਵਤਾਰ ਕੌਰ ਲੁਧਿਆਣਾ, ਚੰਦਰ ਮੋਹਨ ਕਾਲੀਆ ਡੀ.ਐਮ.ਸੀ. ਲੁਧਿਆਣਾ, ਪਰਸ਼ੋਤਮ ਲਾਲ, ਘਨਈਆ ਲੰਗੇਰੀ, ਰਣਬੀਰ ਸਿੰਘ ਢਿੱਲੋਂ, ਸਵਰਨ ਸਿੰਘ ਅਕਲਪੁਰੀ, ਅਰਸਾਲ ਸਿੰਘ ਸੰਧੂ ਅਤੇ ਕੁਲਵੰਤ ਸਿੰਘ ਕਿਰਤੀ ਫਾਜ਼ਿਲਕਾ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ।

# ਦਿਲ ਦਹਿਲਾਅ ਗਿਆ ਵੈਦ ਹਰੀ ਸਿੰਘ ਅਜਮਾਨ ਦਾ ਅਚਾਨਕ ਪਿਆ ਸਦੀਵੀਂ ਵਿਛੋੜਾ

## ਅਨੇਕਾਂ ਸਮਾਜਿਕ ਕੰਮਾਂ ਪਹਿਰੇਦਾਰੀ ਕਰਨ ਵਾਲੀ ਰੂਹ ਸੀ ਵੈਦ ਹਰੀ ਸਿੰਘ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਬੇਹੱਦ ਭਰੇ ਅਤੇ ਦੁਖੀ ਮਨ ਨਾਲ ਮੈਨੂੰ ਇਹ ਖ਼ਬਰ ਆਪਣੇ ਹੱਥੀ ਲਿਖਣੀ ਪੈ ਰਹੀ ਹੈ ਕਿ ਸਾਡੇ ਬਹੁਤ ਹੀ ਜਿਗਰੀ ਯਾਰ ਅਤੇ ਪਰਿਵਾਰਕ ਮੈਂਬਰ ਵੈਦ ਹਰੀ ਸਿੰਘ ਜਿਨ੍ਹਾਂ ਨੂੰ ਪਿਆਰ ਨਾਲ ਅਸੀਂ ਡਾਕਟਰ ਹਰੀ ਵੀ ਕਹਿੰਦੇ ਸਾਂ, ਸਾਨੂੰ ਹਮੇਸ਼ਾ ਲਈ ਛੱਡ ਕੇ ਇਸ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਏ। ਉਨਾਂ ਦੇ ਅਚਾਨਕ ਵਿਛੋੜੇ ਦੀ ਸੋਸ਼ਲ ਮੀਡੀਆ ਤੇ ਆਈ ਖ਼ਬਰ ਨੇ ਇੱਕ ਦਮ ਪੈਰਾਂ ਹੇਠੋਂ ਜ਼ਮੀਨ ਖਿਸਕਾ ਦਿੱਤੀ ਅਤੇ ਦਿਲ ਦਹਿਲਾ ਦਿੱਤਾ। ਵੈਦ ਹਰੀ ਸਿੰਘ ਦੇ ਇਕ ਨਜਦੀਕੀ ਰਿਸ਼ਤੇਦਾਰ ਨੇ ਦੱਸਿਆ ਕਿ ਉਹਨਾਂ ਨਾਲ ਮੇਰੀ ਪਰਿਵਾਰਕ ਰਿਸ਼ਤੇਦਾਰੀ ਵੀ ਹੈ। ਉਸ ਦਾ ਇਸ ਤਰ੍ਹਾਂ ਅਚਾਨਕ ਸੰਸਾਰ ਤੋਂ ਭਰ ਉਮਰ ਵਿੱਚ ਤੁਰ ਜਾਣਾ ਮੇਰੇ ਅਤੇ ਉਸਦੇ ਚਹੇਤਿਆਂ ਸਨੇਹੀਆਂ ਲਈ ਅਸਿਹ ਅਤੇ ਅਕਹਿ ਹੈ। ਹਮੇਸ਼ਾ ਸੰਸਾਰੀ ਜੀਵਾਂ ਨੂੰ ਤੰਦਰੁਸਤ ਰਹਿਣ ਲਈ ਸਲਾਹਾਂ ਦੇਣ ਵਾਲਾ ਅਤੇ ਰੋਗੀਆਂ ਨੂੰ ਰੋਗ ਨਵਿਰਤ ਕਰਨ ਲਈ ਦੇਸੀ ਦਵਾਈਆਂ ਦਿੰਦੇ ਵੈਦ ਹਰੀ ਸਿੰਘ ਤੇ ਇੰਝ ਮੌਤ ਦਾ ਕਹਿਰ ਟੁੱਟ ਪਵੇਗਾ ਕਦੇ ਸੋਚਿਆ ਵੀ ਨਹੀਂ ਸੀ ।ਉਸ ਦੀ ਅਚਾਨਕ ਯੂ ਏ ਈ ਦੂਬਈ ਵਿਖੇ ਸਿਹਤ ਖਰਾਬ ਹੋਈ। ਜਿਸ ਤੋ ਬਾਅਦ ਉਸਨੂੰ ਤੁਰੰਤ ਪਰਿਵਾਰ ਨੇ ਇੰਡੀਆ ਲੈ ਆਂਦਾ। ਇੱਥੇ ਇਲਾਜ ਅਧੀਨ ਹੀ ਉਸ ਨੂੰ ਹਾਰਟ ਅਟੈਕ ਹੋ ਗਿਆ, ਜੋ ਉਸ ਦੀ ਹੱਸਦੀ ਵਸਦੀ ਜ਼ਿੰਦਗੀ ਨੂੰ ਪਲਾਂ ਵਿੱਚ ਹੀ ਝੱਪਟ ਕੇ ਲੈ ਗਿਆ। ਵੈਦ ਹਰੀ ਸਿੰਘ ਅਨੇਕਾਂ ਧਾਰਮਿਕ, ਸਮਾਜਿਕ, ਸੱਭਿਆਚਾਰਕ ਸੰਸਥਾਵਾਂ ਦਾ ਪ੍ਰਮੁੱਖ ਅਹੁਦੇਦਾਰ ਰਿਹਾ। ਉਸ ਨੇ ਆਪਣੇ ਜੀਵਨ ਕਾਲ ਵਿੱਚ ਅਨੇਕਾਂ ਖ਼ੂਨਦਾਨ ਕੈਂਪ, ਆਰਯੂਵੈਦਿਕ, ਅੱਖਾਂ ਦੇ ਕੈਂਪ ਲਗਾਏ, ਸਕੂਲਾਂ ਦੇ ਬੱਚਿਆਂ ਨੂੰ ਮੁਫਤ ਕਾਪੀਆਂ ਕਿਤਾਬਾਂ ਵੰਡੀਆਂ। ਇਸ ਤੋਂ ਇਲਾਵਾ ਪਿੰਡ ਪੱਧਰ ਤੇ ਕਈ ਸਮਾਜ ਸੁਧਾਰਕ ਕੰਮ ਕਰਵਾਏ ਦੁਖੀ ਗਰੀਬਾਂ ਦੀ ਮਦਦ ਕੀਤੀ। ਗੁਰੂ ਕਿਰਪਾ ਕੰਨਿਆਦਾਨ ਸੰਸਥਾ ਦਾ ਓਹ ਸਾਬਕਾ ਬਾਨੀ ਚੇਅਰਮੈਨ ਰਿਹਾ, ਜਿਸ ਤਹਿਤ ਉਸ ਦੀ ਟੀਮ ਨੇ ਅਨੇਕਾਂ ਗਰੀਬ ਲੜਕੀਆਂ ਦੀਆਂ ਸਲਾਨਾ ਸਮਾਗਮਾਂ ਦੌਰਾਨ ਸ਼ਾਦੀਆਂ ਕਰਵਾਈਆਂ। ਦੁਬਈ ਅਜ਼ਮਾਨ ਤੋਂ ਇਲਾਵਾ ਉਸ ਨੇ ਅਬੂਧਾਬੀ, ਮਸਕਟ, ਪੰਜਾਬ ਵਿੱਚ ਵੀ ਦੇਸੀ ਦਵਾਈਆਂ ਦੀਆਂ ਆਪਣੀਆਂ ਵੱਖ ਵੱਖ ਬਰਾਂਚਾਂ ਖੋਲ੍ਹੀਆਂ ਹੋਈਆਂ ਨੇ, ਜਿਨਾਂ ਦੀ ਗਿਣਤੀ ਕੋਈ ਇੱਕ ਦਰਜਨ ਦੇ ਕਰੀਬ ਹੈ । ਅਮਰੀਕਾ, ਕਨੇਡਾ ਇੰਗਲੈਂਡ ਤੋਂ ਇਲਾਵਾ ਹੋਰ ਕਈ ਮੁਲਕਾਂ ਵਿੱਚ ਉਹ ਵੱਖ-ਵੱਖ ਵਿਦਵਾਨਾਂ ਨਾਲ ਗੋਸ਼ਟੀਆਂ ਵਿਚਾਰਾਂ ਕਰਨ ਲਈ ਗਿਆ। ਰੱਬ ਦੇ ਬਣਾਏ ਹਰ ਇਨਸਾਨ ਦੀ ਸੇਵਾ , ਉਸ ਦੀ ਕਦਰ ਅਤੇ ਉਸ ਨਾਲ ਪਿਆਰ ਕਰਨ ਦਾ ਸਲੀਕਾ ਜਿਵੇਂ ਉਸ ਨੂੰ ਪਰਮਾਤਮਾ ਨੇ ਖੁਦ ਸਖਾਇਆ ਹੋਵੇ। ਉਹ ਕਦੀ ਵੀ ਕਿਸੇ ਦਾ ਸਹਿਜੇ ਕਿਤੇ ਦਿਲ ਨਹੀਂ ਦੁਖਾਉਂਦਾ ਸੀ ਅਤੇ ਸਾਰਿਆਂ ਨੂੰ ਹੀ ਪ੍ਰੇਮ ਪਿਆਰ ਦਾ ਇਹ ਸਬਕ ਦਿੰਦਾ। ਜ਼ਿਲ੍ਹਾ ਹੁਸ਼ਿਆਰਪੁਰ ਦੇ ਨਿੱਕੇ ਜਿਹੇ ਪਿੰਡ ਸਾਦਾ ਰਾਈਆਂ ਵਿੱਚ ਉਸ ਨੇ ਜਨਮ ਲਿਆ ਅਤੇ ਇੱਥੋਂ ਹੀ ਅੰਤਰਰਾਸ਼ਟਰੀ ਪੱਧਰ ਦੀਆਂ ਮੰਜ਼ਿਲਾਂ ਸਰ ਕਰਨ ਦਾ ਪ੍ਰਣ ਕੀਤਾ। ਉਸ ਦੀ ਬੇਟੀ ਅਤੇ ਬੇਟਾ ਕੈਨੇਡਾ ਵਿੱਚ ਸੈਟਲਡ ਹਨ ਜੋ ਪਿਤਾ ਦੇ ਇਸ ਵਿਛੋੜੇ ਕਾਰਨ ਅੰਤਾਂ ਦੇ ਦੁੱਖ ਵਿੱਚ ਹਨ। ਸਮੁੱਚੇ ਪਰਿਵਾਰ ਅਤੇ ਸਮਾਜ ਨੂੰ ਡਾ। ਹਰੀ ਸਿੰਘ ਦੇ ਜਾਣ ਦਾ ਜੋ ਘਾਟਾ ਪੈ ਗਿਆ ਹੈ ਉਹ ਕਦੇ ਵੀ ਨਾ ਪੂਰਾ ਹੋਣ ਵਾਲਾ ਹੈ। ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਵੈਦ ਹਰੀ ਸਿੰਘ ਦੇ ਪਿੱਛੇ ਰਹਿੰਦੇ ਪਰਿਵਾਰ ਨੂੰ ਇਸ ਵਿਛੋੜੇ ਦਾ ਭਾਣਾ ਮੰਨਣ ਦਾ ਪਰਮਾਤਮਾ ਬੱਲ ਬਖਸ਼ੇ ਅਤੇ ਇਸ ਵਿਛੜੀ ਰੂਹ ਨੂੰ ਪਰਮਾਤਮਾ ਆਪਣੇ ਚਰਨਾਂ ਵਿੱਚ ਨਿਵਾਸ ਦੇਵੇ ।

ਅੱਜ ਇੰਡੀਆ ਦੇ 27 ਜੁਲਾਈ ਨੂੰ ਉਸ ਦਾ ਸੰਸਕਾਰ ਉਸ ਦੀ ਜਨਮ ਭੂਮੀ ਸਾਦਾ ਰਾਈਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਬਾਅਦ ਦੁਪਹਿਰ ਕਰ ਦਿੱਤਾ ਜਾਵੇਗਾ। ਜਿੱਥੇ ਅਣਗਿਣਤ ਨਮ ਅੱਖੀਆਂ ਉਸ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੀਆਂ, ਉਸ ਦੇ ਅੰਤਿਮ ਦਰਸ਼ਨ ਕਰਨਗੀਆਂ।

# ਐਸ ਸੀ ਕਮਿਸ਼ਨ ਦੇ ਮੈਂਬਰ 10 ਅਤੇ ਟਰਮ ਛੇ ਸਾਲ ਦੀ ਕੀਤੀ ਜਾਵੇ - ਹਰਦੇਵ ਬੋਪਾਰਾਏ, ਰੁਪਿੰਦਰ ਸੁਧਾਰ





**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)–** ਬੀਤੇ ਦਿਨੀ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਸੈਸ਼ਨ ਦੇ ਆਖਰੀ ਦਿਨ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਸਬੰਧੀ ਲਿਆਂਦੇ ਬਿੱਲ ਦੀ ਦਲਿਤ ਵਰਗ ਨਾਲ ਸਬੰਧਿਤ ਵੱਖ-ਵੱਖ ਸੰਸਥਾਵਾਂ ਵੱਲੋਂ ਜੋਰਦਾਰ ਨਿੰਦਾ ਕੀਤੀ ਜਾ ਰਹੀ ਹੈ। ਜਿਸ ਤਹਿਤ ਸ੍ਰੀ ਗੁਰੂ ਰਵਿਦਾਸ ਫੈਡਰੇਸ਼ਨ ਪੰਜਾਬ ਦੇ ਕੋਰ ਕਮੇਟੀ ਮੈਂਬਰ ਡਾਕਟਰ ਰੁਪਿੰਦਰ ਸਿੰਘ ਸੁਧਾਰ ਅਤੇ ਹਰਦੇਵ ਸਿੰਘ ਬੋਪਾਰਾਏ ਕੌਮੀ ਪ੍ਰਧਾਨ ਡਾਕਟਰ ਭੀਮ ਰਾਓ ਅੰਬੇਡਕਰ ਇੰਟਰਨੈਸ਼ਨਲ ਸੰਗਠਨ ਨੇ ਕਿਹਾ ਕਿ ਪੰਜਾਬ ਇੱਕ ਅਜਿਹਾ ਸੂਬਾ ਹੈ, ਜਿਸ ਵਿੱਚ ਐਸਸੀ ਭਾਈਚਾਰੇ ਦੀ ਗਿਣਤੀ ਲਗਭਗ 40% ਦੇ ਕਰੀਬ ਹੈ। ਐਸ ਸੀ ਵਰਗ ਦੇ ਲੋਕਾਂ ਨੂੰ ਇਨਸਾਫ ਦਿਵਾਉਣ ਲਈ ਤੇ ਉਹਨਾਂ ਦੀ ਭਲਾਈ ਹਿੱਤ ਪੰਜਾਬ ਰਾਜ ਅਨੁਸੂਚੀਤ ਜਾਤੀ ਕਮਿਸ਼ਨ ਬਣਾਇਆ ਹੋਇਆ ਹੈ। ਜਦ ਵੀ ਐਸ ਸੀ ਵਰਗ ਨਾਲ ਸੰਬੰਧਿਤ ਵਿਅਕਤੀ ਨਾਲ ਕੋਈ ਵਧੀਕੀ ਜਾਂ ਧੱਕੇਸ਼ਾਹੀ ਹੁੰਦੀ ਹੈ ਤੇ ਪ੍ਰਸ਼ਾਸਨ ਵੱਲੋਂ ਆਪਣੀ ਜ਼ਿੰਮੇਵਾਰੀ ਸਹੀ ਢੰਗ ਨਾਲ ਨਹੀਂ ਨਿਭਾਈ ਜਾਂਦੀ, ਤਦ ਐਸ ਸੀ ਕਮਿਸ਼ਨ ਉਹਨਾਂ ਨੂੰ ਇਨਸਾਫ ਦਵਾਉਣ ਲਈ ਕੰਮ ਕਰਦਾ ਹੈ। ਇਸ ਮੌਕੇ ਡਾਕਟਰ ਰੁਪਿੰਦਰ ਸਿੰਘ ਸੁਧਾਰ ਅਤੇ ਹਰਦੇਵ ਸਿੰਘ ਬੋਪਾਰਾਏ ਨੇ ਕਿਹਾ ਕਿ ਪਹਿਲਾਂ ਇਸ ਕਮਿਸ਼ਨ ਵਿੱਚ ਇੱਕ ਚੇਅਰਮੈਨ ਅਤੇ 10 ਮੈਂਬਰ ਨਿਯੁਕਤ ਕੀਤੇ ਜਾਂਦੇ ਸਨ ਅਤੇ ਉਸ ਦੀ ਛੇ ਸਾਲ ਦੀ ਟਰਮ ਹੁੰਦੀ ਸੀ, ਪ੍ਰੰਤੂ ਪੰਜਾਬ ਸਰਕਾਰ ਵੱਲੋਂ ਉਹਨਾਂ 10 ਮੈਂਬਰਾਂ ਵਿੱਚੋਂ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ 5 ਅੱਧੀ ਕਰਨ ਦੇ ਨਾਲ-ਨਾਲ ਟਰਮ ਵੀ ਤਿੰਨ ਸਾਲ ਦੀ ਕੀਤੀ ਗਈ ਹੈ। ਜਿਸ ਨਾਲ ਐਸ ਸੀ ਸਮਾਜ ਨੂੰ ਬਹੁਤ ਵੱਡਾ ਧੱਕਾ ਲੱਗਾ ਹੈ। ਜਿਸ ਨਾਲ ਅਨੇਕਾਂ ਐਸ ਸੀ ਵਰਗ ਨਾਲ ਸੰਬੰਧਿਤ ਵਿਅਕਤੀ ਇਨਸਾਫ ਤੋਂ ਵਾਂਝੇ ਰਹਿ ਜਾਣਗੇ। ਉਹਨਾਂ ਕਿਹਾ ਕਿ ਜਿਸ ਹਿਸਾਬ ਨਾਲ ਰੋਜਾਨਾ ਦਲਿਤਾਂ ਤੇ ਅਨੇਕਾਂ ਅੱਤਿਆਚਾਰ ਹੋ ਰਹੇ ਹਨ। ਉਸ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੂੰ ਮੈਂਬਰਾਂ ਦੀ ਗਿਣਤੀ ਘਟਾਉਣ ਦੀ ਬਜਾਏ ਵਧਾਉਣੀ ਚਾਹੀਦੀ ਹੈ। ਉਹਨਾਂ ਕਿਹਾ ਕਿ ਐਸ ਸੀ ਕਮਿਸ਼ਨ ਨੂੰ ਕਮਜ਼ੋਰ ਕਰਨ ਦਾ ਮਤਲਬ ਐਸ ਸੀ ਵਰਗ ਨੂੰ ਕਮਜ਼ੋਰ ਕਰਨਾ ਹੈ। ਉਹਨਾਂ ਕਿਹਾ ਕਿ ਪੰਜਾਬ ਸਰਕਾਰ ਨੂੰ ਅਪੀਲ ਕਰਦੇ ਹਨ ਕੀ ਐਸ ਸੀ ਕਮਿਸ਼ਨ ਦੇ ਸੋਧ ਬਿਲ ਤੇ ਮੁੜ ਵਿਚਾਰ ਕੀਤੀ ਜਾਵੇ ਅਤੇ ਮੈਂਬਰਾਂ ਦੀ ਗਿਣਤੀ ਪਹਿਲਾਂ ਦੀ ਤਰ੍ਹਾਂ 10 ਅਤੇ ਇਸ ਦੀ ਟਰਮ ਛੇ ਸਾਲ ਹੀ ਰੱਖੀ ਜਾਵੇ ਤਾਂ ਜੋ ਐਸ ਸੀ ਵਰਗ ਨਾਲ ਹੋ ਰਹੀਆਂ ਵਧੀਕੀਆਂ ਨੂੰ ਰੋਕਿਆ ਜਾ ਸਕੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਪੰਜਾਬ ਸਰਕਾਰ ਪੱਤਰਕਾਰਾਂ ਦੇ ਮਸਲੇ ਹੱਲ ਕਰੇ-ਪੀਸੀਜੇਯੂ

## ਵਰਕਿੰਗ ਕਮੇਟੀ ਨੇ ਮੁੱਖ ਮੰਤਰੀ ਅਤੇ ਕੇਂਦਰੀ ਰੇਲਵੇ ਮੰਤਰੀ ਨੂੰ ਮਿਲਣ ਦਾ ਕੀਤਾ ਫੈਸਲਾ

**ਚੰਡੀਗੜ (ਸਤਨਾਮ ਸਿੰਘ ਸਹੂੰਗੜਾ)- ਪੰਜਾਬ** ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਵਰਕਿੰਗ ਕਮੇਟੀ ਦੀ ਮੀਟਿੰਗ ਸ਼ਨੀਵਾਰ ਨੂੰ ਪ੍ਰੈਸ ਕਲੱਬ ਚੰਡੀਗੜ੍ਹ ਵਿਖੇ ਪ੍ਰਧਾਨ ਬਲਬੀਰ ਜੰਡੂ ਦੀ ਪ੍ਰਧਾਨਗੀ ਹੇਠ ਹੋਈ। ਵਰਕਿੰਗ ਕਮੇਟੀ ਨੇ ਮੀਟਿੰਗ ਵਿੱਚ ਮਾਨਤਾ ਪ੍ਰਾਪਤ ਪੱਤਰਕਾਰਾਂ ਨੂੰ ਪੀਲੇ ਕਾਰਡਾਂ ਦੀਆਂ ਆ ਰਹੀਆਂ ਮੁਸ਼ਕਿਲਾਂ ਦੇ ਹੱਲ ਲਈ ਜ਼ਰੂਰੀ ਕਦਮ ਚੁੱਕਣ ਦਾ ਫੈਸਲਾ ਕੀਤਾ।ਉਹਨਾਂ ਅਧਿਕਾਰੀਆਂ ਦੀ ਆਲੋਚਨਾ ਵੀ ਕੀਤੀ ਜਿਹੜੇ ਅਧਿਕਾਰੀ ਬਿਨਾਂ ਕਿਸੇ ਆਧਾਰ ਦੇ ਪਤਰਕਾਰਾ ਦੇ ਕਾਰਡਾਂ ਨੂੰ ਰੋਕਣ ਦੇ ਲਈ ਅਣਕਿਆਸੀ ਰੁਕਾਵਟਾਂ ਖੜੀਆਂ ਕਰ ਰਹੇ ਹਨ। ਮੀਟਿੰਗ ਦੌਰਾਨ ਸਰਕਾਰ ਤੋਂ ਮੰਗ ਕੀਤੀ ਗਈ ਕਿ ਪੱਤਰਕਾਰਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਜਰੂਰੀ ਕਦਮ ਚੁੱਕੇ ਜਾਣ।



ਇਸ ਮੌਕੇ ਵੱਖ-ਵੱਖ ਜਿਲਿਆਂ ਤੋਂ ਪੁੱਜੇ ਪ੍ਰਧਾਨਾਂ, ਜਨਰਲ ਸਕੱਤਰਾਂ ਨੇ ਪੱਤਰਕਾਰਾਂ ਨੂੰ ਦਰਪੇਸ਼ ਸਮੱਸਿਆਵਾਂ ਦੀ ਜਾਣਕਾਰੀ ਦਿੱਤੀ। ਇਹਨਾਂ ਸਮਸਿਆਵਾਂ ਵਿਚ ਪੀਲੇ ਕਾਰਡ, ਰੇਲਵੇ ਪਾਸ, ਬੱਸ ਸਫਰ ਸਹੂਲਤ,ਟੋਲ ਪਲਾਜ਼ਾ ਤੇ ਸਿਹਤ ਸਹੂਲਤਾਂ ਬਾਰੇ ਚਰਚਾ ਕੀਤੀ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮੰਗਾਂ ਦੇ ਸੰਬੰਧ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਕੇਂਦਰੀ ਰੇਲਵੇ ਮੰਤਰੀ ਰਵਨੀਤ ਬਿੱਟੂ ਨੂੰ ਮੰਗ ਪੱਤਰ ਦਿੱਤੇ ਜਾਣ। ਮੀਟਿੰਗ ਵਿੱਚ ਪੰਜਾਬ ਸਰਕਾਰ ਦੀ ਪੱਤਰਕਾਰਾਂ ਪ੍ਰਤੀ ਨਾ ਪੱਖੀ ਰਵਈਏ ਦੀ ਨਿੰਦਾ ਕੀਤੀ ਗਈ। ਇਸ ਮੌਕੇ ਪੁਲਿਸ ਤੇ ਸਿਵਲ ਪ੍ਰਸ਼ਾਸਨ ਵੱਲੋਂ ਪੱਤਰਕਾਰਾਂ ਨੂੰ ਦਬਾਉਣ ਲਈ ਵਰਤੇ ਜਾ ਰਹੇ ਗਲਤ ਢੰਗ ਤਰੀਕਿਆ ਦੀ ਨਿੰਦਾ ਕੀਤੀ ਗਈ।

ਇਸ ਮੌਕੇ ਇੰਡੀਅਨ ਜਰਨਲਿਸਟ ਯੂਨੀਅਨ ਦੇ ਸਕੱਤਰ ਜਨਰਲ ਬਲਵਿੰਦਰ ਜੰਮੂ ਨੇ ਕਿਹਾ ਤਿੰਨ ਤੇ ਚਾਰ ਅਗਸਤ ਨੂੰ ਪੰਚਕੂਲਾ ਵਿਖੇ ਯੂਨੀਅਨ ਦੀ ਕੌਮੀ ਕੌਂਸਲ ਦੀ ਦੋ ਰੋਜ਼ਾ ਮੀਟਿੰਗ ਹੋ ਰਹੀ ਹੈ। ਮੀਟਿੰਗ ਵਿੱਚ ਦੇਸ਼ ਭਰ ਤੋਂ 150 ਤੋਂ ਵੱਧ ਪੱਤਰਕਾਰਾਂ ਵੱਲੋਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਮੌਕੇ ਪੱਤਰਕਾਰਾਂ ਨੂੰ ਦਰਪੇਸ਼ ਮਸਲਿਆਂ ਤੇ ਚਰਚਾ ਕਰਕੇ ਰਣਨੀਤੀ ਤੈਅ ਕੀਤੀ ਜਾਵੇਗੀ। ਉਹਨਾ ਕੇਂਦਰ ਸਰਕਾਰ ਤੋਂ ਮੀਡੀਆ ਕਮਿਸ਼ਨ ਬਣਾਉਣ ਤੇ ਵਰਕਿੰਗ ਜਰਨਲਿਸਟ ਐਕਟ ਬਹਾਲ ਕਰਨ ਦੀ ਮੰਗ ਕੀਤੀ। ਇਸ ਮੌਕੇ ਜੈ ਸਿੰਘ ਛਿੱਬਰ, ਬਿੰਦੂ ਸਿੰਘ, ਭੁਪਿੰਦਰ ਸਿੰਘ ਮਲਿਕ, ਗੁਰਉਪਦੇਸ਼ ਭੁੱਲਰ, ਸੰਤੋਖ ਗਿੱਲ, ਰਜਿੰਦਰ ਰਿਖੀ, ਐਨ ਪੀ ਧਵਨ, ਸੁਖਨੈਬ ਸਿੰਘ ਸਿੱਧੂ, ਕੇਪੀ ਸਿੰਘ, ਸਰਬਜੀਤ ਭੱਟੀ, ਭੂਸ਼ਣ ਸੂਦ ਤੇ ਨਵਾਂਕਾਂਤ ਬੇਰੋਮਜਰਾ ਨੇ ਵੀ ਆਪਣੇ ਵਿਚਾਰ ਰੱਖੇ।

ਇਸ ਦੌਰਾਨ ਭੂਸ਼ਣ ਸੂਦ ਨੂੰ ਐਕਟਿੰਗ ਸਕੱਤਰ ਜਨਰਲ, ਹਰਮੇਸ਼ ਵਿਰਦੀ ਨੂੰ ਮੀਤ ਪ੍ਰਧਾਨ, ਭਾਰਤ ਭੂਸ਼ਣ ਡੋਗਰਾ, ਸੁਖਨੈਬ ਸਿੱਧੂ ਤੇ ਪਰਵਿੰਦਰ ਜੌੜਾ ਨੂੰ ਵਰਕਿੰਗ ਕਮੇਟੀ ਮੈਂਬਰ ਬਣਾਇਆ ਗਿਆ।

# 12 ਅਗਸਤ ਨੂੰ ਸਲਾਨਾ ਸੂਫ਼ੀਆਨਾ ਮੇਲਾ ਕਰਵਾਉਣ ਦਾ ਲਿਆ ਫ਼ੈਸਲਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਜਾਗਦੇ ਰਹੋ ਸੱਭਿਆਚਾਰਕ ਮੰਚ ਰਜਿ. ਅਤੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ। ਪੰਜਾਬ ਆਫ਼ ਇੰਡੀਆ ਦੀ ਮੀਟਿੰਗ ਤਰਸੇਮ ਦੀਵਾਨਾ ਚੇਅਰਮੈਨ ਅਤੇ ਸਕੱਤਰ ਜਨਰਲ ਵਿਨੋਦ ਕੌਸ਼ਲ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਪ੍ਰਿੰ. ਬਲਵੀਰ ਸਿੰਘ ਸੈਣੀ ਪੰਜਾਬ ਪ੍ਰਧਾਨ, ਗੁਰਬਿੰਦਰ ਸਿੰਘ ਪਲਾਹਾ ਵਾਈਸ ਚੇਅਰਮੈਨ ਪੰਜਾਬ, ਅਸ਼ਵਨੀ



ਸ਼ਰਮਾ ਸੀਨੀਅਰ ਮੀਤ ਪ੍ਰਧਾਨ, ਓਮ ਪ੍ਰਕਾਸ਼ ਰਾਣਾ ਜ਼ਿਲਾ ਜਨਰਲ ਸਕੱਤਰ ਆਦਿ ਸ਼ਾਮਿਲ ਹੋਏ। ਮੀਟਿੰਗ ਵਿੱਚ ਸਰਬ ਸੰਮਤੀ ਨਾਲ ਫੈਸਲਾ ਕੀਤਾ ਗਿਆ ਕਿ ਬੱਧਣ ਪਰਿਵਾਰ, ਜਾਗਦੇ ਰਹੋ ਸਭਿਆਚਾਰਕ ਮੰਚ ਤੇ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਵੱਲੋਂ ਹਰ ਸਾਲ ਵਾਂਗ ਇਸ ਸਾਲ ਵੀ ਸਲਾਨਾ ਸੂਫ਼ੀਆਨਾ ਮੇਲਾ 12 ਅਗਸਤ ਦਿਨ ਸੋਮਵਾਰ ਨੂੰ ਸ਼ਾਮ 8 ਵਜੇ ਤੋਂ ਸਵੇਰੇ 6 ਵਜੇ ਤੱਕ ਕਰਵਾਇਆ ਜਾਵੇਗਾ। ਜਿਸ ਵਿੱਚ ਪੰਜਾਬ ਦੇ ਪ੍ਰਸਿੱਧ ਸੂਫੀ ਗਾਇਕ ਉਸਤਾਦ ਸੁਰਿੰਦਰ ਪਾਲ ਪੰਛੀ,ਰਾਣੀ ਰਣਦੀਪ,ਮਦਨ ਕੋਟਲਾ, ਅਜਮੇਰ ਦੀਵਾਨਾ, ਸੱਤਾ ਮੰਡਾਲੀ,ਜੀਤ ਹਰਜੀਤ, ਰਾਮ ਕਠਾਰੀਆ, ਅਲੀਜਾ ਦੀਵਾਨਾ,ਆਪਣੇ ਫਨ ਦਾ ਮੁਜ਼ਾਹਰਾ ਕਰਨਗੇ। ਪ੍ਰਿੰਸੀਪਲ ਬਲਬੀਰ ਸਿੰਘ ਸੈਣੀ ਨੇ ਦੱਸਿਆ ਕਿ ਭਗਤ ਨਗਰ ਨਜਦੀਕ ਮਾਡਲ ਟਾਉਨ ਹੁਸ਼ਿਆਰਪੁਰ ਵਿਖੇ ਕਰਵਾਏ ਜਾਣ ਵਾਲੇ ਇਸ ਮੇਲੇ ਦੀਆਂ ਤਿਆਰੀਆਂ ਆਰੰਭ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ , ਗੁਰਬਿੰਦਰ ਸਿੰਘ ਪਲਾਹਾ, ਓਮ ਪ੍ਰਕਾਸ਼ ਰਾਣਾ, ਅਸ਼ਵਨੀ ਸ਼ਰਮਾ, ਇੰਦਰਜੀਤ ਸਿੰਘ ਮੁਕੇਰੀਆਂ, ਸੁਖਵਿੰਦਰ ਸਿੰਘ ਮੁਕੇਰੀਆਂ, ਰਮਨ ਤੰਗਰਾਲੀਆ, ਬਲਜਿੰਦਰ ਸਿੰਘ, ਰਾਕੇਸ਼ ਕੁਮਰਾ,ਰਮਨ ਕੁਮਾਰ, ਦਲਵੀਰ ਚਰਖਾ,ਗੌਰਵ ਕੁਮਾਰ, ਸੁਰਿੰਦਰ ਮੱਟੂ, ਅਮਰਜੀਤ ਭੱਟੀ ਅਤੇ ਹੋਰ ਪੱਤਰਕਾਰ ਆਦਿ ਹਾਜਰ ਸਨ।

# ਕਿਸੇ ਇੱਕ ਮਹਾਂਪੁਰਸ਼ ਦੀ ਬਾਣੀ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੱਗੇ ਸ੍ਰੀ ਗੁਰੂ ਸ਼ਬਦ ਨਹੀਂ ਲੱਗਿਆ - ਸੁਸਾਇਟੀ




**ਚੰਡੀਗੜ (ਸਤਨਾਮ ਸਿੰਘ ਸਹੂੰਗੜਾ)-** ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਰਜਿ।ਪੰਜਾਬ ਅਤੇ ਸਮੂਹ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨਾਮ ਲੇਵਾ ਜਥੇਬੰਦੀਆਂ ਦੀ ਸਾਂਝੀ ਮੀਟਿੰਗ ਡੇਰਾ ਸੰਤ ਬਾਬਾ ਪ੍ਰੀਤਮ ਦਾਸ ਜੀ ਬਾਬੇ ਜੋੜੇ ਪਿੰਡ ਰਾਏਪੁਰ ਰਸੂਲਪੁਰ ਜਲੰਧਰ ਵਿਖੇ ਸੰਤ ਬਾਬਾ ਸਰਵਣ ਦਾਸ ਜੀ ਬੋਹਣ ਹੁਸ਼ਿਆਰਪੁਰ ਚੇਅਰਮੈਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ ਅਤੇ ਪ੍ਰਧਾਨ ਸੰਤ ਬਾਬਾ ਨਿਰਮਲ ਦਾਸ ਜੀ ਬਾਬੇ ਜੋੜੇ ਦੀ ਰਹਿਨੁਮਾਈ ਹੇਠ ਕੀਤੀ ਗਈ। ਜਿਸ ਵਿੱਚ ਸਮਾਜ ਪ੍ਰਤੀ ਮੌਜੂਦਾ ਸਮੇਂ ਵਿੱਚ ਆ ਰਹੀਆਂ ਦਰਪੇਸ਼ ਮੁਸ਼ਕਲਾਂ ਨੂੰ ਲੈ ਕੇ ਸੰਤਾਂ ਮਹਾਂਪੁਰਸ਼ਾਂ ਅਤੇ ਜੱਥੇਬੰਦੀਆਂ ਵਲੋਂ ਵਿਚਾਰਾਂ ਕੀਤੀਆਂ ਗਈਆਂ। ਜਿਸ ਵਿੱਚ ਖਾਸ ਮੁੱਦਾ ਦਫਤਰ ਸ਼੍ਰੋਮਣੀ ਕਮੇਟੀ ਦੇ ਪੱਤਰ 1923/83 ਮਿਤੀ 13/5/2024 ਅਨੁਸਾਰ ਜਿਹੜਾ ਹੁਕਮਨਾਮਾ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਥਾ ਵਿਚਾਰ ਕਰਨ ਵਾਲੇ ਨੂੰ ਨੋਟ ਕਰਵਾਇਆ ਗਿਆ ਸੀ। ਉਸ ਵਿੱਚ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨਾ ਕਹਿ ਕੇ ਭਗਤ ਸਾਹਿਬਾਨਾਂ ਨੂੰ ਆਪਣੇ ਸੰਬੋਧਨ ਵਿੱਚ ਬਾਬਾ ਜੀ ਜਾਂ ਗੁਰੂ ਜੀ ਨਾ ਕਹਿਕੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ।ਪੰਜਾਬ ਅਤੇ ਵੱਖ ਵੱਖ ਜੱਥੇਬੰਦੀਆਂ ਵਲੋਂ ਘੋਰ ਨਿੰਦਿਆ ਕੀਤੀ ਗਈ ਹੈ ਅਤੇ ਜੱਥੇਦਾਰ ਗਿਆਨੀ ਰਘੁਵੀਰ ਸਿੰਘ ਦੇ ਇਸ ਫੁਰਮਾਨ ਨਾਲ ਸੰਸਾਰ ਅੰਦਰ ਵੱਸ ਰਹੀਆਂ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਦੇ ਦਿਲਾਂ ਨੂੰ ਠੇਸ ਪਹੁੰਚੀ ਹੈ। ਜਿਸ ਸੰਬੰਧੀ ਲਗਾਤਾਰ ਹੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ। ਪੰਜਾਬ ਨੂੰ ਸ਼ਿਕ-ਾਇਤਾਂ ਆ ਰਹੀਆਂ ਹਨ ਅਤੇ ਕੁਝ ਦਿਨ ਪਹਿਲਾਂ ਵੀ ਵੱਖ ਵੱਖ ਜੱਥੇਬੰਦੀਆਂ ਵੱਲੋਂ ਪ੍ਰੈਸ ਵਾਰਤਾ ਕਰਕੇ ਇਸ ਦੀ ਨਿਖੇਧੀ ਵੀ ਕੀਤੀ ਗਈ ਹੈ।

ਇਸ ਦੌਰਾਨ ਸੰਤ ਬਾਬਾ ਸਰਵਣ ਦਾਸ ਜੀ ਬੋਹਣ ਚੇਅਰਮੈਨ ਅਤੇ ਸੰਤ ਬਾਬਾ ਨਿਰਮਲ ਦਾਸ ਜੀ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ। ਪੰਜਾਬ ਦੇ ਸਮੂਹ ਮਹਾਂਪੁਰਸ਼, ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਜਥੇਬੰਦੀਆਂ ਵੱਲੋਂ ਇਸ ਹੁਕਮਨਾਮੇ ਨੂੰ ਤਬਦੀਲ ਕਰਕੇ ਭਗਤ ਸਾਹਿਬਾਨ ਨਹੀਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੂੰ ਕੇਵਲ ਤੇ ਕੇਵਲ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਕਹਿ ਕੇ ਸੰਬੋਧਨ ਕੀਤਾ ਜਾਵੇ ਤਾਂ ਜੋ ਸੰਗਤਾਂ ਵਿੱਚ ਰੋਸ ਪਾਇਆ ਜਾ ਰਿਹਾ ਹੈ ਉਸ ਨੂੰ ਸ਼ਾਂਤ ਕੀਤਾ ਜਾ ਸਕੇ। ਇਸ ਮੌਕੇ ਸੰਤ ਬਾਬਾ ਸਰਵਣ ਦਾਸ ਜੀ ਬੋਹਣ ਚੇਅਰਮੈਨ, ਸੰਤ ਬਾਬਾ ਨਿਰਮਲ ਦਾਸ ਜੀ ਬਾਬੇ ਜੋੜੇ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਰਜਿ. ਪੰਜਾਬ, ਸੰਤ ਬਾਬਾ ਇੰਦਰ ਦਾਸ ਜੀ ਸ਼ੇਖੇ ਜਨਰਲ ਸਕੱਤਰ, ਸੰਤ ਬਾਬਾ ਪਰਮਜੀਤ ਦਾਸ ਨਗਰ ਖਜਾਨਚੀ, ਸੰਤ ਬਾਬਾ ਸਰਵਣ ਦਾਸ ਜੀ ਸਲੇਮ ਟਾਬਰੀ ਲੁਧਿਆਣਾ, ਸੰਤ ਬਾਬਾ ਬਲਵੰਤ ਦਾਸ ਜੀ ਡੀਗਰੀਆਂ, ਸੰਤ ਬਾਬਾ ਪ੍ਰਸ਼ੋਤਮ ਦਾਸ ਜੀ ਚੱਕ ਹਕੀਮ, ਸੰਤ ਬਾਬਾ ਰਮੇਸ਼ ਦਾਸ ਜੀ ਸ਼ੇਰਪੁਰ ਢੱਕੋ, ਸੰਤ ਬਾਬਾ ਧਰਮ ਦਾਸ ਜੀ ਹੁਸ਼ਿਆਰਪੁਰ, ਸੰਤ ਬਾਬਾ ਬਲਕਾਰ ਸਿੰਘ ਜੀ ਤੱਗੜਾ, ਸੰਤ ਬਾਬਾ ਗੁਰਮੀਤ ਦਾਸ ਜੀ ਪਿਪਲਾਂਵਾਲੀ, ਸੰਤ ਬਾਬਾ ਰਾਮ ਸੇਵਕ ਜੀ ਹਰੀਪੁਰ ਖਾਲਸਾ, ਸੰਤ ਬਾਬਾ ਮਨਜੀਤ ਸਿੰਘ ਜੀ ਬਿਛੋਈ, ਸੰਤ ਬੀਬੀ ਕਮਲੇਸ਼ ਕੁਮਾਰੀ ਜੀ ਨਾਹ਼ਲਾ, ਸੰਤ ਬਾਬਾ ਕੁਲਦੀਪ ਸਿੰਘ ਜੀ ਬੱਸੀ ਮਰੂਫ, ਸੰਤ ਬਾਬਾ ਜਗੀਰ ਸਿੰਘ ਜੀ ਸਰਬੱਤ ਭਲਾ ਆਸ਼ਰਮ, ਭੈਣ ਸੰਤੋਸ਼ ਕੁਮਾਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੋਸਾਇਟੀ ਰਜਿ: ਪੰਜਾਬ (ਬਿਲਡਿੰਗ ਇੰਚਾਰਜ), ਡਾਕਟਰ ਸਤੀਸ਼ ਸੁਮਨ ,ਹੁਸਨ ਲਾਲ ਲਾਂਬੜਾ, ਬਲਵਿੰਦਰ ਬੰਗਾ, ਬਲਵਿੰਦਰ ਬੁੱਗਾ, ਡਾਕਟਰ ਕਮਲ ਸਾਂਪਲਾ ,ਅਸ਼ੋਕ ਸੱਲਣ, ਹੰਸਰਾਜ ਦਾਦਰਾ, ਵਿਨੋਦ ਵੱਸਣ, ਚੰਦਰੇਸ਼ ਕੌਲ, ਸੁਰਿੰਦਰ ਕੁਮਾਰ, ਜਤਿੰਦਰ ਬੱਧਣ, ਅਵਤਾਰ ਸਿੰਘ, ਖੁਸ਼ਵੰਤ ਦਾਦਰਾ, ਯੋਗਰਾਜ ਜੱਸਲ, ਸੁਖਚੈਨ ਸਿੰਘ, ਭਜਨ ਲਾਲ ਕਟਾਰੀਆ, ਗਗਨ ਭਾਟੀਆ, ਗੱਗੀ, ਬਲਬੀਰ ਸਿੱਧੂ ,ਦਲਜੀਤ ਕਲੇਰਧਰਮਵੀਰ ਕਲੇਰ, ਰਾਮ ਲਾਲ ਕਲੇਰ, ਰਵੀ ਕਲੇਰ, ਦਵਿੰਦਰ ਕਲੇਰ, ਹੰਸਰਾਜ, ਮਦਨ ਲਾਲ, ਵਿਜੇ ਨੰਗਲ ਸਲੇਮਪੁਰ, ਮਦਨ ਬਿੱਟੂ ,ਹਰਭਜਨ ਕੌਰ, ਰਵੀ ਨੂਰਪੁਰ, ਗੰਗਾ ਰਾਮ, ਵਿੱਕੀ, ਪੰਕਜ ਭੱਲਾ, ਤਰਨਵੀਰ,ਬੀਕੇ ਸਿੰਘ, ਦਲਜੀਤ, ਰਾਜ ਕੁਮਾਰ ਡੋਗਰ, ਹਰਪ੍ਰੀਤ ਸਿੰਘ, ਗੁਰਮੀਤ ਸਿੰਘ, ਸੰਨੀ ਰਾਏ, ਸੇਵਾ ਰਾਮ, ਗੁਲਵੰਤ ਸਿੰਘ, ਬਲਵੀਰ ਕਲੇਰ ਤੋ ਇਲਾਵਾ ਵੱਖ ਵੱਖ ਜਥੇਬੰਦੀਆਂ ਦੇ ਆਗੂ ਹਾਜਰ ਸਨ।

## ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ਵਿਚ ਭੰਗਲ ਖੁਰਦ ਸਕੂਲ ਦੇ ਵਿਦਿਆਰਥੀ ਨੇ 91 ਅੰਕ ਪ੍ਰਾਪਤ ਕਰਕੇ ਮਾਣ ਖੱਟਿਆ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ ਵੱਲੋਂ ਕਰਵਾਈ ਗਈ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ (PSTSE) ਦਾ ਨਤੀਜਾ ਐਲਾਨਿਆ ਗਿਆ। ਸਰਕਾਰੀ ਸਮਾਰਟ ਮਿਡਲ ਸਕੂਲ ਭੰਗਲ ਖੁਰਦ ਨੇ ਇੱਕ ਵਾਰ ਫਿਰ ਇਤਿਹਾਸ ਰਚਿਆ। ਜਾਣਕਾਰੀ ਦਿੰਦਿਆ ਸਿੰਘ ਸਕੂਲ ਇੰਚਾਰਜ ਪਰਵਿੰਦਰ ਸਿੰਘ ਭੰਗਲ ਸਟੇਟ ਅਵਾਰਡੀ ਨੇ ਦੱਸਿਆ ਕਿ ਪ੍ਰੀਖਿਆ ਵਿੱਚ ਭੰਗਲ ਖੁਰਦ ਸਕੂਲ ਦੇ ਵਿਦਿਆਰਥੀ ਅਰਜੁਣ ਨੇ 91 ਅੰਕ ਹਾਸਲ ਕਰਕੇ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕੀਤਾ। ਉਹਨਾਂ ਅੱਗੇ ਦੱਸਿਆ ਕਿ ਇਸ ਪ੍ਰੀਖਿਆ ਵਿੱਚੋਂ ਸ਼ਹੀਦ ਭਗਤ ਸਿੰਘ ਨਗਰ ਜਿਲੇ ਦਾ ਸਿਰਫ ਇੱਕ ਵਿਦਿਆਰਥੀ ਹੀ ਚੁਣਿਆ ਗਿਆ ਹੈ ਜੋ ਕਿ ਭੰਗਲ ਖੁਰਦ ਸਕੂਲ ਦਾ ਹੈ ਅਤੇ ਪ੍ਰੀਖਿਆ ਵਿੱਚ ਵੀ ਭੰਗਲ ਖੁਰਦ ਸਕੂਲ ਨੇ ਹੀ ਪਹਿਲਾ ਸਥਾਨ ਪ੍ਰਾਪਤ ਕੀਤਾ ਸੀ।ਜਿਲੇ ਅਤੇ ਸਕੂਲ ਲਈ ਇਹ ਬਹੁਤ ਮਾਣ ਵਾਲੀ ਗੱਲ ਹੈ। ਉਹਨਾਂ ਵਿਦਿਆਰਥੀ ਅਤੇ ਸਮੂਹ ਸਟਾਫ ਨੂੰ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ। ਇਸ ਮੌਕੇ ਨੀਰਜ ਕੁਮਾਰੀ ਸਟੇਟ ਅਵਾਰਡੀ, ਹਰਜੀਤ ਕੌਰ, ਮਨਜਿੰਦਰ ਕੌਰ, ਰਿੱਤੂ ਅਤੇ ਸੁਰਿੰਦਰ ਪਾਲ ਹਾਜਰ ਸਨ।

# ਪ੍ਰਿੰਸੀਪਲ ਜਨਰਲ ਮੈਨੇਜਰ ਨੇਗੀ ਵੱਲੋਂ ਬੀਐਨਐਸਐਲ ਗਾਹਕਾਂ ਨੂੰ 4ਜੀ ਸਿਮ ਨਾਲ ਸਵੈਪ ਕਰਨ ਦੀ ਅਪੀਲ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)-** ਭਾਰਤ ਸੰਚਾਰ ਨਿਗਮ ਲਿਮਟਿਡ ਜਲੰਧਰ ਟੈਲੀਕਾਮ ਜ਼ਿਲ੍ਹਾ ਸਾਰੇ 3ਜੀ ਸਿਮ ਗਾਹਕਾਂ ਨੂੰ 10 ਅਗਸਤ 2024 ਤੋਂ ਪਹਿਲਾਂ ਨਜ਼ਦੀਕੀ ਗਾਹਕ ਸੇਵਾ ਕੇਂਦਰਾਂ 'ਤੇ ਆਪਣੇ ਮੌਜੂਦਾ 3ਜੀ ਸਿਮਨੂੰ 4ਜੀ ਸਿਮ ਨਾਲ ਸਵੈਪ ਕਰਨ ਦੀ ਅਪੀਲ ਕਰ ਰਿਹਾ ਹੈ। ਨਿਰਵਿਘਨ ਮੋਬਾਈਲ ਸੇਵਾਵਾਂ ਨੂੰ ਯਕੀਨੀ ਬਣਾਉਣ ਲਈ ਇਹ ਸਵੈਪ ਲਾਜ਼ਮੀ ਹੈ ਇਹ ਜਾਣਕਾਰੀ ਇਕ ਪ੍ਰੈਸ ਵਾਰਤਾ ਦੌਰਾਨ ਪੀ ਕੇ ਨੇਗੀ ਪ੍ਰਿੰਸੀਪਲ ਜਨਰਲ ਮੈਨੇਜਰ ਬੀ ਐਸ ਐਨ ਐਲ ਜਲੰਧਰ ਨੇ ਦਿ-ਦਿਆਂ ਕਿਹਾ ਕਿ ਬੀਐਨਐਸ ਐਲ ਦਾ ਉਦੇਸ਼ ਉਹਨਾਂ ਗਾਹਕਾਂ ਲਈ ਇੱਕ ਮੁਸ਼ਕਲ-ਮੁਕਤ ਅਨੁਭਵ ਪ੍ਰਦਾਨ ਕਰਨਾ ਹੈ ਜੋ ਇਸਦੀਆਂ ਭਰੋਸੇਮੰਦ ਅਤੇ ਉੱਚ-ਸਪੀਡ 4ਜੀ ਸੇਵਾਵਾਂ ਵਿੱਚ ਸਵਿਚ ਕਰਨਾ ਚਾਹੁੰਦੇ ਹਨ। ਰਿਟੇਲ ਭਾਈਵਾਲਾ ਅਤੇ ਸੀਐਸਸੀ ਦਾ ਸਾਡਾ ਵਿਆਪਕ ਨੈਟਵਰਕ ਇਹ ਯਕੀਨੀ ਬਣਾਉਂਦਾ ਹੈ ਕਿ ਗਾਹਕ ਆਪਣੀਆਂ ਸੇਵਾਵਾਂ ਵਿੱਚ ਬਿਨਾਂ ਕਿਸੇ ਰੁਕਾਵਟ ਦੇ, ਸੁਵਿਧਾਜਨਕ ਤੌਰ 'ਤੇ ਆਪਣਾ ਨੰਬਰ ਪੋਰਟ ਕਰ ਸਕਦੇ ਹਨ। ਅਸੀਂ ਬੀਐਨਐਸ ਐਲ ਪਰਿਵਾਰ ਵਿੱਚ ਨਵੇਂ ਗਾਹਕਾਂ ਦਾ ਸੁਆਗਤ ਕਰਕੇ ਬਹੁਤ ਖੁਸ਼ ਹਾਂ"ਇਸ ਤੋਂ ਇਲਾਵਾ ਬੀਐਨਐਸਐਲ, ਐਫ ਟੀ ਟੀ ਐਚ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ: ਬੀਐਨਐਸ ਐਲ ਦੀਆਂ ਅਤਿ- ਆਧੁਨਿਕ ਫਾਈਬਰ-ਟੂ-ਦੀ-ਹੋਮ ਸੇਵਾਵਾਂ ਦੀ ਪੜਚੋਲ ਕਰੋ, ਜੋ ਕਿ ਬੇਮਿਸਾਲ ਕੀਮਤਾਂ 'ਤੇ ਬੇਮਿਸਾਲ ਗਤੀ ਅਤੇ ਭਰੋਸੇਯੋਗਤਾ ਦੀ ਪੇਸ਼ਕਸ਼ ਕਰਦਾ ਹੈ। ਨਵੀਆਂ ਜਾਂ ਮਾਈਗ੍ਰੇਸ਼ਨ ਸੇਵਾਵਾਂ ਲਈ ਆਪਣੇ ਨਜ਼ਦੀਕੀ ਸੀਐਸਸੀ 'ਤੇ ਜਾਓ ਅਤੇ ਬੇਅੰਤ ਸੰਭਾਵਨਾਵਾਂ ਦੀ ਦੁਨੀਆ ਦੀ ਖੋਜ ਕਰੋ ਬੀ ਐਨ ਐਸ ਐਲ ਆਪਣੇ ਈਟੀਟੀਐਚ ਭਾਈਵਾਲਾਂ ਲਈ ਬੇਮਿਸਾਲ ਵਪਾਰਕ ਮੌਕੇ ਵੀ ਪੇਸ਼ ਕਰਦਾ ਹੈ ਕਿਉਂਕਿ ਬੀ ਐਨ ਐਸ ਐਲ ਸੰਭਾਵੀ ਭਾਈਵਾਲਾਂ ਨੂੰ ਫਿਥ ਸੇਵਾਵਾਂ ਵਿੱਚ ਬੇਮਿਸਾਲ ਵਪਾਰਕ ਮੌਕਿਆਂ ਦੀ ਖੋਜ ਕਰਨ ਲਈ ਸੱਦਾ ਦਿੰਦਾ ਹੈ। ਭਾਰਤ ਦੇ ਦੂਰਸੰਚਾਰ ਲੈਂਡਸਕੇਪ ਵਿੱਚ ਕ੍ਰਾਂਤੀ ਲਿਆਉਣ ਅਤੇ ਇੱਕ ਵਧਦੀ ਭਾਈਵਾਲੀ ਦੇ ਲਾਭਾਂ ਨੂੰ ਪ੍ਰਾਪਤ ਕਰਨ ਲਈ ਸਾਡੇ ਨਾਲ ਫੌਜਾਂ ਵਿੱਚ ਸ਼ਾਮਲ ਹੋਵੇ। "ਅਸੀਂ ਬੇਮਿਸਾਲ ਸੇਵਾਵਾਂ ਪ੍ਰਦਾਨ ਕਰਨ ਅਤੇ ਆਪਣੇ ਗਾਹਕਾਂ ਅਤੇ ਭਾਈਵਾਲਾਂ ਨੂੰ ਸ਼ਕਤੀ ਪ੍ਰਦਾਨ ਕਰਨ ਲਈ ਵਚਨਬੱਧ ਹਾਂ", ਪੀ.ਕੇ.ਨੇਗੀ ਨੇ ਕਿਹਾ, "ਕਿ ਇਹ ਪਹਿਲਕਦਮੀਆਂ ਨਵੀਨਤਾ, ਗਾਹਕਾਂ ਦੀ ਸੰਤੁਸ਼ਟੀ ਅਤੇ ਕਾਰੋਬਾਰ ਦੇ ਵਾਧੇ ਲਈ ਸਾਡੇ ਸਮਰਪਣ ਨੂੰ ਹੋਰ ਮਜ਼ਬੂਤ ਕਰਦੀਆਂ ਹਨ।"4ਜੀ 'ਤੇ ਅੱਪਗ੍ਰੇਡ ਕਰਨ ਅਤੇ ਸਹਿਜ ਕਨੈਕਟੀਵਿਟੀ ਦਾ ਅਨੁਭਵ ਕਰਨ ਦੇ ਇਸ ਮੌਕੇ ਨੂੰ ਸਾਨੂੰ ਗੁਆਉਣਾ ਨਹੀਂ ਚਾਹੀਦਾ।



## ਪੈਰਿਸ ਓਲੰਪਿਕ

# ਨਿਊਜ਼ੀਲੈਂਡ ਨੇ ਰੀਪਬਲਿਕ ਆਫ ਗਿੰਨੀ ਨੂੰ ਪਹਿਲੇ ਫੁੱਟਬਾਲ ਮੈਚ ਵਿਚ ਹਰਾਇਆ




**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਪੈਰਿਸ ਦੇ ਵਿਚ ਸ਼ੁਰੂ ਹੋ ਚੁੱਕੇ ਓਲੰਪਿਕ ਮੁਕਾਬਲਿਆਂ ਦੇ ਵਿਚ ਨਿਊਜ਼ੀਲੈਂਡ ਦੀ ਫੁੱਟਬਾਲ ਟੀਮ ਨੇ ਆਪਣਾ ਪਹਿਲਾ ਫਸਵਾਂ ਮੈਚ ਖੇਡਦਿਆਂ ਰੀਪਬਲਿਕ ਆਫ ਗਿੰਨੀ ਨੂੰ 2-1 ਦੇ ਫਰਕ ਨਾਲ ਹਰਾ ਕੇ ਆਪਣੇ ਨਾਂਅ ਕਰ ਲਿਆ ਹੈ। ਇਸ ਵੇਲੇ ਨਿਊਜ਼ੀਲੈਂਡ ਦੇ ਤਿੰਨ ਅੰਕ ਹੋ ਗਏ ਹਨ। ਨਿਊਜ਼ੀਲੈਂਡ ਦੀ ਟੀਮ ਨੇ ਪਹਿਲਾ ਗੋਲ ਪਹਿਲੇ ਅੱਧ ਵਿਚ ਅਤੇ ਦੂਜਾ ਗੋਲ ਦੂਜੇ ਅੱਧ ਵਿਚ ਕੀਤਾ। ਪਹਿਲਾ ਗੋਲ ਮੈਟ ਗਾਰਬੈਟ ਅਤੇ ਦੂਜਾ ਬੇਨ ਵੇਨ ਨੇ ਕੀਤਾ। ਨਿਊਜ਼ੀਲੈਂਡ ਦਾ ਅਗਲਾ ਮੈਚ ਅਮਰੀਕਾ ਦੇ ਨਾਲ ਐਤਵਾਰ 28 ਜੁਲਾਈ ਨੂੰ ਸਵੇਰੇ 5 ਵਜੇ ਹੋਵੇਗਾ ਜਦ ਕਿ ਬੁੱਧਵਾਰ 31 ਜੁਲਾਈ ਨੂੰ ਤੀਜਾ ਮੈਚ ਫਰਾਂਸ ਦੇ ਨਾਲ ਸੇਵੇਰ 5 ਵਜੇ ਹੋਵੇਗਾ। ਵਰਨਣਯੋਗ ਹੈ ਕਿ ਫਰਾਂਸ ਦੀ ਟੀਮ ਨੇ ਅਮਰੀਕਾ ਦੀ ਟੀਮ ਨੂੰ 3-0 ਨਾਲ ਅੱਜ ਹਰਾ ਦਿੱਤਾ ਹੈ, ਸੋ ਨਿਊਜ਼ੀਲੈਂਡ ਦੇ ਨਾਲ ਮੁਕਾਬਲਾ ਕਾਫੀ ਸਖਤ ਹੋਵੇਗਾ। ਸਰਪ੍ਰੀਤ ਸਿੰਘ ਇਸ ਮੈਚ ਦੇ ਵਿਚ ਬਹੁਤ ਵਧੀਆ ਖੇਡਿਆ। ਉਹ ਖੇਡਦਾ ਇਕ ਦੋ ਵਾਰ ਡਿਗਿਆ ਵੀ। ਇਕ ਵਾਰ ਉਸਨੇ ਫੁੱਟਬਾਲ ਹੈਡਰ ਦੇ ਰਾਹੀਂ ਗੋਲ ਦਾ ਬਚਾ ਕਰ ਲਿਆ। ਕੁਮੈਂਟੇਟਰ ਨੇ ਉਸਦਾ ਨਾਂਅ ਲਾ ਕੇ ਵਿਸ਼ੇਸ਼ ਜ਼ਿਕਰ ਕੀਤਾ। ਫੁੱਟਬਾਲ ਐਨਾ ਤੇਜ਼ ਸੀ ਕਿ ਉਹ ਡਿਗ ਜਾਂਦਾ ਹੈ, ਪਰ ਗੋਲ ਹੋਣ ਤੋਂ ਬਚਾਅ ਹੋ ਜਾਂਦਾ ਹੈ। ਉਸਦੀ ਟੀਸ਼ਰਟ ਉਤੇ ਨੰਬਰ 10 ਅਤੇ ਲਿਖਿਆ 'ਸਿੰਘ' ਮਾਣ ਵਾਲਾ ਸਾਬਿਤ ਹੋ ਰਿਹਾ ਸੀ।

# ਗੁਲਾਬ ਚੰਦ ਕਟਾਰੀਆ ਬਣੇ ਪੰਜਾਬ ਦੇ ਰਾਜਪਾਲ



**ਚੰਡੀਗੜ੍ਹ–** ਭਾਜਪਾ ਦੇ ਸੀਨੀਅਰ ਆਗੂ ਗੁਲਾਬ ਚੰਦ ਕਟਾਰੀਆ ਨੇ ਅੱਜ ਪੰਜਾਬ ਦੇ ਰਾਜਪਾਲ ਅਤੇ ਚੰਡੀਗੜ੍ਹ ਦੇ ਪ੍ਰਸ਼ਾਸਕ ਵਜੋਂ ਹਲਫ਼ ਲਿਆ। ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਚੀਫ਼ ਜਸਟਿਸ ਸ਼ੀਲ ਨਾਗੂ ਨੇ ਰਾਜ ਭਵਨ ਵਿੱਚ ਇੱਕ ਸਮਾਰੋਹ ਦੌਰਾਨ ਕਟਾਰੀਆ ਨੂੰ ਅਹੁਦੇ ਦਾ ਹਲਫ਼ ਦਿਵਾਇਆ। ਇਸ ਮੌਕੇ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਪੰਜਾਬ ਦੇ ਸਾਬਕਾ ਰਾਜਪਾਲ ਵੀਪੀ ਸਿੰਘ ਬਦਨੌਰ ਅਤੇ ਹਰਪਾਲ ਸਿੰਘ ਚੀਮਾ ਤੇ ਗੁਰਮੀਤ ਸਿੰਘ ਖੁੱਡੀਆਂ ਸਮੇਤ ਪੰਜਾਬ ਦੇ ਕਈ ਮੰਤਰੀ ਮੌਜੂਦ ਸਨ। 79 ਸਾਲਾ ਕਟਾਰੀਆ ਨੇ ਹਿੰਦੀ ਵਿੱਚ ਹਲਫ਼ ਲਿਆ। ਜ਼ਿਕਰਯੋਗ ਹੈ ਕਿ ਕਟਾਰੀਆ ਨੇ ਬਨਵਾਰੀਲਾਲ ਪੁਰੋਹਿਤ ਦੀ ਥਾਂ ਲਈ ਹੈ, ਜਿਨ੍ਹਾਂ ਨੇ ਫਰਵਰੀ ਵਿੱਚ ਆਪਣਾ ਅਸਤੀਫ਼ਾ ਦੇ ਦਿੱਤਾ ਸੀ। ਕਟਾਰੀਆ ਇਸ ਤੋਂ ਪਹਿਲਾਂ ਅਸਾਮ ਦੇ ਰਾਜਪਾਲ ਸਨ। ਉਦੈਪੁਰ ਦੇ ਰਹਿਣ ਵਾਲੇ ਕਟਾਰੀਆ ਦੋ ਵਾਰ ਰਾਜਸਥਾਨ ਦੇ ਗ੍ਰਹਿ ਮੰਤਰੀ ਰਹਿ ਚੁੱਕੇ ਹਨ।

# ਅੰਮ੍ਰਿਤਪਾਲ ਸਿੰਘ ਦੀ ਰਿਹਾਈ ਮਗਰੋਂ ਨਵੀਂ ਪਾਰਟੀ ਦਾ ਹੋਵੇਗਾ ਗਠਨ: ਖਾਲਸਾ

**ਅੰਮ੍ਰਿਤਸਰ–** ਫ਼ਰੀਦਕੋਟ ਤੋਂ ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ ਨੇ ਅੱਜ ਮੁੜ ਆਖਿਆ ਕਿ ਪੰਜਾਬ ਵਿੱਚ ਨਵੀਂ ਸਿੱਖ ਸਿਆਸੀ ਪਾਰਟੀ ਦਾ ਗਠਨ ਕੀਤਾ ਜਾਵੇਗਾ ਪਰ ਇਹ ਸਿਆਸੀ ਪਾਰਟੀ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਜੇਲ੍ਹ ਤੋਂ ਬਾਹਰ ਆਉਣ ਮਗਰੋਂ ਬਣਾਈ ਜਾਵੇਗੀ। ਉਹ ਅੱਜ ਇੱਥੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਪੁੱਜੇ ਸਨ। ਮਰਹੂਮ ਅਕਾਲੀ ਆਗੂ ਮੋਹਨ ਸਿੰਘ ਤੁੜ ਦੀ ਬਰਸੀ ਵਿੱਚ ਸ਼ਾਮਲ ਹੋਣ ਲਈ ਪੁੱਜੇ ਸ੍ਰੀ ਖਾਲਸਾ ਨੇ ਕਿਹਾ ਕਿ ਪੰਜਾਬ ਵਿੱਚ ਨਵੀਂ ਸਿੱਖ ਸਿਆਸੀ ਪਾਰਟੀ ਦਾ ਗਠਨ ਸੰਸਦ ਮੈਂਬਰ ਤੇ ਅੰਮ੍ਰਿਤਪਾਲ ਸਿੰਘ ਦੀ ਰਿਹਾਈ ਮਗਰੋਂ ਕੀਤਾ ਜਾਵੇਗਾ। ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ 8 ਅਗਸਤ ਨੂੰ ਇਸ ਸਬੰਧ ਵਿੱਚ ਕੇਂਦਰੀ ਮੰਤਰੀ ਨਾਲ ਮੁਲਾਕਾਤ ਕਰਨਗੇ। ਉਨ੍ਹਾਂ ਕਿਹਾ ਕਿ ਇਸ ਵਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਲੜੀਆਂ ਜਾਣਗੀਆਂ।

**ਸ਼੍ਰੋਮਣੀ ਅਕਾਲੀ ਦਲ ਨੇ ਬਾਗ਼ੀ ਧੜੇ ਦੇ ਅੱਠ ਆਗੂ ਪਾਰਟੀ 'ਚੋਂ ਕੱਢੇ**

ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਤੋਂ ਨਰਾਜ਼ ਚੱਲ ਰਹੇ ਆਗੂਆਂ ਖ਼ਿਲਾਫ਼ ਵੱਡੀ ਕਾਰਵਾਈ ਕਰਦਿਆਂ ਅੱਜ ਅੱਠ ਆਗੂਆਂ ਨੂੰ ਪਾਰਟੀ 'ਚੋਂ ਬਾਹਰ ਕੱਢ ਦਿੱਤਾ ਹੈ। ਇਨ੍ਹਾਂ ਵਿੱਚ ਗੁਰਪ੍ਰਤਾਪ ਸਿੰਘ ਵਡਾਲਾ, ਬੀਬੀ ਜਗੀਰ ਕੌਰ, ਪ੍ਰੇਮ ਸਿੰਘ ਚੰਦੂਮਾਜਰਾ, ਪਰਮਿੰਦਰ ਸਿੰਘ ਢੀਂਡਸਾ, ਸਿਕੰਦਰ ਸਿੰਘ ਮਲੂਕਾ, ਸੁਰਜੀਤ ਸਿੰਘ ਰੱਖੜਾ, ਸੁਰਿੰਦਰ ਸਿੰਘ ਠੇਕੇਦਾਰ ਤੇ ਚਰਨਜੀਤ ਸਿੰਘ ਬਰਾੜ ਦੇ ਨਾਂ ਸ਼ਾਮਲ ਹਨ। ਇਹ ਕਾਰਵਾਈ ਸ਼੍ਰੋਮਣੀ ਅਕਾਲੀ ਦਲ ਦੀ ਅਨੁਸ਼ਾਸਨੀ ਕਮੇਟੀ ਵੱਲੋਂ ਕੀਤੀ ਗਈ ਹੈ ਜਿਸ ਨੇ ਇਨ੍ਹਾਂ ਅੱਠ ਆਗੂਆਂ ਦੀ ਮੁੱਢਲੀ ਮੈਂਬਰਸ਼ਿਪ ਖਾਰਜ ਕਰ ਦਿੱਤੀ ਹੈ। ਪਾਰਟੀ ਨੇ ਸੱਤ ਵਿਧਾਨ ਸਭਾ ਹਲਕਿਆਂ ਦੇ ਮੌਜੂਦਾ ਹਲਕਾ ਇੰਚਾਰਜਾਂ ਨੂੰ ਵੀ ਹਟਾ ਦਿੱਤਾ ਹੈ। ਜਾਣਕਾਰੀ ਅਨੁਸਾਰ ਚੰਡੀਗੜ੍ਹ ਵਿੱਚ ਸ਼੍ਰੋਮਣੀ ਅਕਾਲੀ ਦੀ ਅਨੁਸ਼ਾਸਨੀ ਕਮੇਟੀ ਦੀ ਮੀਟਿੰਗ ਕਮੇਟੀ ਦੇ ਚੇਅਰਮੈਨ ਬਲਵਿੰਦਰ ਸਿੰਘ ਭੂੰਦੜ ਦੀ ਅਗਵਾਈ ਹੇਠ ਹੋਈ ਜਿਸ ਵਿੱਚ ਕਮੇਟੀ ਮੈਂਬਰ ਮਹੇਸ਼ਇੰਦਰ ਸਿੰਘ ਗਰੇਵਾਲ ਅਤੇ ਗੁਲਜ਼ਾਰ ਸਿੰਘ ਰਣੀਕੇ (ਟੈਲੀਫੋਨ ਰਾਹੀਂ) ਸ਼ਾਮਲ ਹੋਏ। ਉਨ੍ਹਾਂ ਪਾਰਟੀ ਦੇ ਕੁਝ ਸੀਨੀਅਰ ਆਗੂਆਂ ਵੱਲੋਂ ਕੀਤੀਆਂ ਜਾ ਰਹੀਆਂ ਪਾਰਟੀ ਵਿਰੋਧੀ ਕਾਰਵਾਈਆਂ ਬਾਰੇ ਚਰਚਾ ਕੀਤੀ। ਅਨੁਸ਼ਾਸਨੀ ਕਮੇਟੀ ਨੇ ਵਿਚਾਰ-ਵਟਾਂਦਰੇ ਮਗਰੋਂ ਆਖਿਆ ਕਿ ਇਨ੍ਹਾਂ ਆਗੂਆਂ ਵੱਲੋਂ ਪਾਰਟੀ ਦੇ ਅਕਸ ਨੂੰ ਢਾਹ ਲਾਉਣ ਵਾਲੀਆਂ ਕਾਰਵਾਈਆਂ ਲਗਾਤਾਰ ਕੀਤੀਆਂ ਜਾ ਰਹੀਆਂ ਹਨ ਜਿਸ ਕਾਰਨ ਉਕਤ ਆਗੂਆਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਹੈ। ਅਨੁਸ਼ਾਸਨੀ ਕਮੇਟੀ ਦੇ ਚੇਅਰਮੈਨ ਸ੍ਰੀ ਭੂੰਦੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਮੇਟੀ ਲੰਮੇ ਵਿਚਾਰ-ਵਟਾਂਦਰੇ ਮਗਰੋਂ ਇਸ ਨਿਚੋੜ 'ਤੇ ਪਹੁੰਚੀ ਹੈ ਕਿ ਉਪਰੋਕਤ ਸਾਰੇ ਆਗੂਆਂ ਦਾ ਇੱਕੋ-ਇੱਕ ਮਕਸਦ ਪਾਰਟੀ ਦੇ ਦੁਸ਼ਮਣਾਂ ਦੀ ਸ਼ਹਿ 'ਤੇ ਸ਼੍ਰੋਮਣੀ ਅਕਾਲੀ ਦਲ ਨੂੰ ਕਮਜ਼ੋਰ ਕਰਨਾ ਹੈ। ਪਾਰਟੀ ਇਨ੍ਹਾਂ ਹਰਕਤਾਂ ਨੂੰ ਬਰਦਾਸ਼ਤ ਨਹੀਂ ਕਰੇਗੀ, ਇਸ ਲਈ ਉਪਰੋਕਤ ਆਗੂਆਂ ਨੂੰ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਖਾਰਜ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਵਰਕਿੰਗ ਕਮੇਟੀ ਵੱਲੋਂ ਬੀਤੀ 26 ਜੂਨ ਨੂੰ ਹੋਈ ਮੀਟਿੰਗ ਵਿੱਚ ਇੱਕ ਮਤਾ ਪਾਸ ਕਰ ਕੇ ਇਨ੍ਹਾਂ ਸਾਰੇ ਆਗੂਆਂ ਨੂੰ ਸੁਹਿਰਦਤਾ ਨਾਲ ਅਪੀਲ ਕੀਤੀ ਗਈ ਸੀ ਕਿ ਉਹ ਜੋ ਕੁਝ ਵੀ ਕਹਿਣਾ ਚਾਹੁੰਦੇ ਹਨ, ਪਾਰਟੀ ਫੋਰਮ 'ਤੇ ਆ ਕੇ ਕਹਿਣ। ਜੇ ਉਹ ਮੀਟਿੰਗ ਵਿੱਚ ਗੱਲ ਕਰਨ ਦੀ ਬਜਾਇ ਬਾਹਰ ਮੀਡੀਆ ਵਿੱਚ ਜਾ ਕੇ ਪਾਰਟੀ ਨੂੰ ਢਾਹ ਲਾਉਣ ਲਈ ਝੂਠਾ ਭੰਡੀ ਪ੍ਰਚਾਰ ਕਰਦੇ ਹਨ ਤਾਂ ਇਹ ਸਮਝਿਆ ਜਾਵੇਗਾ ਕਿ ਉਨ੍ਹਾਂ ਦਾ ਪਾਰਟੀ ਵਿੱਚ ਕੋਈ ਭਰੋਸਾ ਨਹੀਂ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਆਗੂਆਂ ਨੇ ਪਾਰਟੀ ਖਿਲਾਫ਼ ਖੁੱਲ੍ਹ ਕੇ ਯੋਜਨਾਬੱਧ ਢੰਗ ਨਾਲ ਕੂੜ ਪ੍ਰਚਾਰ ਕੀਤਾ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਨੁਸ਼ਾਸਨ ਭੰਗ ਕਰਨ ਵਾਲਿਆਂ ਖ਼ਿਲਾਫ਼ ਅਨੁਸ਼ਾਸਨੀ ਕਾਰਵਾਈ ਕੀਤੀ ਜਾਵੇਗੀ।

# ਕੋਚਿੰਗ ਸੈਂਟਰ ਮਾਮਲਾ: ਦਿੱਲੀ ਸਰਕਾਰ, ਪੁਲਿਸ ਮੁਖੀ ਅਤੇ ਕਮਿਸ਼ਨਰ ਨੂੰ ਨੋਟਿਸ

**ਨਵੀਂ ਦਿੱਲੀ–** ਦਿੱਲੀ ਪੁਲੀਸ ਨੇ ਆਈਏਐੱਸ ਕੋਚਿੰਗ ਸੈਂਟਰ ਹਾਦਸਾ ਮਾਮਲੇ ਵਿਚ ਅੱਜ ਬੇਸਮੈਂਟ ਦੇ ਚਾਰ ਸਹਿ-ਮਾਲਕਾਂ ਸਣੇ ਪੰਜ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਕੋਰਟ ਨੇ ਇਨ੍ਹਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਦਿੱਲੀ ਨਗਰ ਨਿਗਮ ਦੇ ਬੁਲਡੋਜ਼ਰਾਂ ਨੇ ਪੁਰਾਣੇ ਰਾਜਿੰਦਰ ਨਗਰ ਵਿਚ ਨਾਜਾਇਜ਼ ਕਬਜ਼ਿਆਂ ਨੂੰ ਢਾਹੁਣ ਤੇ ਉੱਤਰੀ ਦਿੱਲੀ ਦੇ ਮੁਖਰਜੀ ਨਗਰ ਵਿਚ ਸੀਲਿੰਗ ਦਾ ਅਮਲ ਸ਼ੁਰੂ ਕਰ ਦਿੱਤਾ ਹੈ। ਉਧਰ ਕੇਂਦਰੀ ਗ੍ਰਹਿ ਮੰਤਰਾਲੇ ਨੇ ਹਾਦਸੇ ਦੀ ਜਾਂਚ ਲਈ ਕਮੇਟੀ ਦਾ ਗਠਨ ਕੀਤਾ ਹੈ, ਜੋ ਹਾਦਸੇ ਦੇ ਕਾਰਨਾਂ ਤੇ ਜ਼ਿੰਮੇਵਾਰੀ ਨਿਰਧਾਰਿਤ ਕਰਨ ਜਿਹੇ ਪਹਿਲੂਆਂ ਦੀ ਘੋਖ ਤੋਂ ਇਲਾਵਾ ਪਾਲਿਸੀ ਵਿਚ ਬਦਲਾਅ ਤੇ ਹੋਰ ਉਪਰਾਲਿਆਂ ਬਾਰੇ ਸੁਝਾਅ ਦੇਵੇਗੀ। ਦਿੱਲੀ ਫਾਇਰ ਸਰਵਿਸਿਜ਼ ਨੇ ਰਾਓ'ਜ਼ ਆਈਏਐੱਸ ਸਟੱਡੀ ਸਰਕਲ ਇਮਾਰਤ ਦਾ ਐੱਨਓਸੀ ਰੱਦ ਕਰਨ ਦੀ ਕਾਰਵਾਈ ਵਿੱਢ ਦਿੱਤੀ ਹੈ। ਦਿੱਲੀ ਦੇ ਉਪ ਰਾਜਪਾਲ ਵੀਕੇ ਸਕਸੈਨਾ ਨੇ ਮ੍ਰਿਤਕਾਂ ਦੇ ਵਾਰਿਸਾਂ ਲਈ 10-10 ਲੱਖ ਰੁਪਏ ਦੇ ਮੁਆਵਜ਼ੇ ਦਾ ਐਲਾਨ ਕੀਤਾ ਹੈ। ਉਨ੍ਹਾਂ ਹਾਦਸੇ ਲਈ ਜ਼ਿੰਮੇਵਾਰ ਅਧਿਕਾਰੀਆਂ ਖਿਲਾਫ਼ 24 ਘੰਟਿਆਂ ਵਿਚ ਕਾਰਵਾਈ ਦਾ ਯਕੀਨ ਦਿਵਾਇਆ ਹੈ। ਇਸ ਦੌਰਾਨ ਸੈਂਕੜੇ ਵਿਦਿਆਰਥੀਆਂ ਨੇ ਪੱਛਮੀ ਦਿੱਲੀ ਵਿਚ ਰਾਓ'ਜ਼ ਆਈਏਐੱਸ ਸਟੱਡੀ ਸੈਂਟਰ ਨੇੜੇ ਅੱਜ ਵੀ ਧਰਨਾ ਪ੍ਰਦਰਸ਼ਨ ਜਾਰੀ ਰੱਖਿਆ। ਕੋਚਿੰਗ ਸੈਂਟਰ ਵੱਲੋਂ ਬੇਸਮੈਂਟ ਨੂੰ ਗੈਰਕਾਨੂੰਨੀ ਢੰਗ ਨਾਲ ਲਾਇਬ੍ਰੇਰੀ ਵਜੋਂ ਵਰਤਿਆ ਜਾ ਰਿਹਾ ਸੀ। ਦਿੱਲੀ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਪੰਜ ਵਿਅਕਤੀਆਂ ਵਿਚ ਐੱਸਯੂਵੀ ਦਾ ਡਰਾਈਵਰ ਵੀ ਸ਼ਾਮਲ ਹੈ, ਜਿਸ ਨੇ ਮੀਂਹ ਦੇ ਪਾਣੀ ਨਾਲ ਭਰੀ ਸੜਕ ਤੋਂ ਜਦੋਂ ਆਪਣਾ ਵਾਹਨ ਕੱਢਿਆ ਤਾਂ ਪਾਣੀ ਤਿੰਨ ਮੰਜ਼ਿਲਾ ਇਮਾਰਤ ਦੀ ਬੇਸਮੈਂਟ ਵਿਚ ਦਾਖਲ ਹੋ ਗਿਆ ਸੀ। ਪੁਲੀਸ ਨੇ ਐੱਸਯੂਵੀ ਕਬਜ਼ੇ ਵਿਚ ਲੈ ਲਈ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨਐੱਚਆਰਸੀ) ਨੇ ਇੱਥੇ ਇੱਕ ਕੋਚਿੰਗ ਸੈਂਟਰ ਦੇ ਬੇਸਮੈਂਟ ਵਿੱਚ ਸਿਵਲ ਸੇਵਾਵਾਂ ਪ੍ਰੀਖਿਆ ਲਈ ਤਿਆਰੀ ਕਰ ਰਹੇ ਤਿੰਨ ਉਮੀਦਵਾਰਾਂ ਦੀ ਮੌਤ ਸਬੰਧੀ ਮਾਮਲੇ ਵਿੱਚ ਦਿੱਲੀ ਸਰਕਾਰ, ਦਿੱਲੀ ਪੁਲੀਸ ਦੇ ਮੁਖੀ ਅਤੇ ਨਗਰ ਨਿਗਮ ਕਮਿਸ਼ਨਰ ਨੂੰ ਨੋਟਿਸ ਜਾਰੀ ਕੀਤਾ ਹੈ।



ਕਮਿਸ਼ਨ ਨੇ ਇਨ੍ਹਾਂ ਸਭ ਤੋਂ ਦੋ ਹਫ਼ਤਿਆਂ ਵਿੱਚ ਵੇਰਵੇ ਸਮੇਤ ਰਿਪੋਰਟ ਮੰਗੀ ਹੈ। ਦਿੱਲੀ ਦੇ ਮੁੱਖ ਸਕੱਤਰ ਨੂੰ ਰਾਜਧਾਨੀ ਭਰ ਵਿੱਚ ਨਿਰਧਾਰਤ ਨਿਯਮਾਂ ਦੀ ਉਲੰਘਣਾ ਕਰ ਕੇ ਚੱਲ ਰਹੇ ਅਜਿਹੇ ਅਦਾਰਿਆਂ ਅਤੇ ਕੋਚਿੰਗ ਸੈਂਟਰਾਂ ਦੀ ਸਹੀ ਗਿਣਤੀ ਦਾ ਪਤਾ ਲਗਾਉਣ ਲਈ ਸਰਵੇਖਣ ਕਰਨ ਲਈ ਵੀ ਆਖਿਆ ਗਿਆ ਹੈ।

# ਡਾ. ਸੁਰਜੀਤ ਪਾਤਰ ਨੂੰ ਸਮਰਪਿਤ 'ਤੀਜਾ ਅਦਬੀ ਉਤਸਵ-2024' ਆਯੋਜਿਤ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਦੁਨੀਆ ਦੇ ਨਕਸ਼ੇ 'ਤੇ ਵਿਸ਼ਵ ਦੇ ਛੇਵੇਂ ਵੱਡੇ ਦੇਸ਼ ਆਸਟਰੇਲੀਆ (ਖੇਤਰਫਲ 77 ਲੱਖ ਵਰਗ ਕਿਲੋਮੀਟਰ) ਦੀ ਵਿਕਟੋਰੀਆ ਸਟੇਟ ਦੀ ਰਾਜਧਾਨੀ ਮੈਲਬੌਰਨ ਵਿਖੇ ਪੰਜਾਬੀ ਅਤੇ ਪੰਜਾਬੀਅਤ ਦੀ ਗੂੰਜ ਅਕਸਰ ਸੁਣਾਈ ਦਿੰਦੀ ਰਹਿੰਦੀ ਹੈ। ਪੰਜਾਬੀ ਸਾਹਿਤਕ ਗਤੀਵਿਧੀਆਂ ਦੀ ਰਵਾਨਗੀ ਪੰਜਾਬੀਅਤ ਦੀ ਪੌਣ ਦਾ ਅਹਿਸਾਸ ਕਰਾ ਜਾਂਦੀ ਹੈ। ਇਕ ਅਜਿਹਾ ਹੀ ਸਾਹਿਤਕ ਸਮਾਗਮ 'ਸਾਹਿਤਕ ਸੱਥ ਮੈਲਬੌਰਨ' ਵੱਲੋਂ ਸਵ। ਡਾ. ਸੁਰਜੀਤ ਪਾਤਰ ਹੋਰਾਂ ਦੀ ਯਾਦ ਨੂੰ ਸਮਰਪਿਤ ਕੀਤਾ ਗਿਆ। ਇਹ ਤੀਸਰਾ ਅਦਬੀ ਉਤਸਵ ਮੈਲਬੌਰਨ-2024 ਦੇ ਨਾਂਅ ਹੇਠ ਹੋਇਆ। ਵਰਨਣਯੋਗ ਹੈ ਕਿ ਪ੍ਰੋ. ਮੋਹਨ ਸਿੰਘ ਦੇ ਨਾਂਅ ਉਤੇ ਇਸ ਸਮਾਗਮ ਵਿਚ ਹਰ ਸਾਲ ਪੁਰਸਕਾਰ ਵੀ ਦਿੱਤਾ ਜਾਂਦਾ ਹੈ। ਅੱਜ ਦੇ ਸਮਾਗਮ ਵਿਚ ਜਿੱਥੇ ਆਸਟਰੇਲੀਆ ਤੋਂ ਨਾਮਵਰ ਹਸਤੀਆਂ ਪਹੁੰਚੀਆਂ ਸਨ ਉਥੇ ਨਿਊਜ਼ੀਲੈਂਡ ਤੋਂ ਵੀ ਲੇਖਕ ਅਤੇ ਪੱਤਰਕਾਰ ਆਏ ਸਨ।

ਸਾਹਿਤਕ ਸਮਗਾਮ ਦੀ ਆਰੰਭਤਾ ਮੰਚ ਸੰਚਾਲਕ ਅਤੇ ਪ੍ਰਸਿੱਧ ਰੇਡੀਓ ਪੇਸ਼ਕਾਰ ਪ੍ਰੀਤਇੰਦਰ ਗਰੇਵਾਲ ਅਤੇ ਮੈਡਮ ਰਮਾ ਸੇਖੋਂ ਹੋਰਾਂ ਆਏ ਮਹਿਮਾਨਾ ਅਤੇ ਸਰੋਤਿਆਂ ਦਾ ਸਵਾਗਤ ਕਰਦਿਆਂ ਕੀਤੀ। ਬਿੱਕਰ ਬਾਈ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਨੇ ਸਾਰਿਆਂ ਨੂੰ ਪਿਆਰ ਸਤਿਕਾਰ ਸਾਹਿਤ ਜੀ ਆਇਆਂ ਆਖਿਆ। ਡਾ। ਹਰਭਜਨ ਸਿੰਘ, ਸੁਖਵਿੰਦਰ ਅੰਮ੍ਰਿਤ, ਸ. ਪਰਮਿੰਦਰ ਸਿੰਘ, ਪ੍ਰਭਜੀਤ ਸਿੰਘ ਸੰਧੂ ਵੱਲੋਂ ਸ਼ਮਾਂ ਰੌਸ਼ਨ ਕਰਕੇ ਕੀਤੀ ਗਈ ਤਾਂ ਕਿ ਇਸ ਸਾਹਿਤਕ ਸਮਾਗਮ ਦੇ ਵਿਚ ਸਾਹਿਤ ਦੀਆਂ ਕਿਰਨਾਂ ਵਾਲੀ ਲੋਅ ਆਪਣਾ ਰੰਗ ਬਿਖੇਰਦੀ ਰਹੇ। ਪ੍ਰਧਾਨਗੀ ਮੰਡਲ ਦੇ ਵਿਚ ਡਾ. ਸੁਖਵਿੰਦਰ ਅੰਮ੍ਰਿਤ, ਡਾ. ਹਰਦੀਪ ਕੌਰ ਸ਼ਾਹੀ, ਡਾ. ਅਰਵਿੰਦਰ ਕੌਰ ਭਾਟੀਆ, ਪ੍ਰੋ. ਹਰਜਿੰਦਰ ਸਿੰਘ, ਸ. ਪਭ੍ਰਜੋਤ ਸਿੰਘ ਸੰਧੂ ਅਤੇ ਸ। ਹਰਪਾਲ ਸਿੰਘ ਨਾਗਰਾ, ਪਾਲ ਰਾਓਕੇ, ਬਿਕਰਮਜੀਤ ਪਟਿਆਲਾ, ਸਰਬਜੀਤ ਸੋਹੀ ਅਤੇ ਹੋਰ ਸਖਸ਼ੀਅਤਾਂ ਹਾਜ਼ਿਰ ਸਨ। ਇਸ ਤੋਂ ਉਪਰੰਤ ਡਾ. ਸੁਰਜੀਤ ਪਾਤਰ ਹੋਰਾਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਉਨ੍ਹਾਂ ਦੇ ਸਮੁੱਚੇ ਜੀਵਨ ਉਤੇ ਪੰਛੀ ਝਾਤ ਪਾਉਂਦਾ ਸਲਾਈਡ ਸ਼ੋਅ ਚਲਾਇਆ ਗਿਆ। ਉਨ੍ਹਾਂ ਦੀ ਸ਼ਖਸੀਅਤ ਦੇ ਵੱਖ-ਵੱਖ ਪਹਿਲੂ ਵੇਖ ਕੇ ਜੀਵਨ ਜੀਉਣ ਦੇ ਬਹੁਤ ਸਾਰੇ ਸੁਨੇਹੇ ਦਿਲਾਂ-ਦਿਮਾਗਾਂ ਵਿਚ ਬਹੁਤ ਕੁਝ ਉਕਰ ਗਏ। ਇਸਦੇ ਨਾਲ ਹੀ ਕਵੀ ਸੰਮੇਲਨ ਦੀ ਸ਼ੁਰੂਆਤ ਹੋ ਗਈ ਜਿਸ ਦੇ ਵਿਚ ਇੰਦਰ ਨੰਗਲ, ਮਨਪ੍ਰੀਤ ਬਰਾੜ, ਗੁਰ-ਪ੍ਰੀਤ ਕੌਰ ਬਰਾੜ, ਮਨਦੀਪ ਕੌਰ ਰੰਧਾਵਾ, ਪ੍ਰਵੇਸ਼ ਸੰਨੀ ਕਸ਼ਿਅਪ ਤੇ ਸਤਵਿੰਦਰ ਸਿੰਘ ਹੋਰਾਂ ਨੇ ਕਵਿਤਾਵਾਂ ਗਾ ਕੇ ਵੱਖਰਾ ਹੀ ਰੰਗ ਬੰਨ੍ਹਿਆ। ਇਸ ਉਤਸਵ ਦੇ ਮੁੱਖ ਮਹਿਮਾਨ ਡਾ. ਹਰਭਜਨ ਸਿੰਘ ਭਾਟੀਆਂ ਨੇ ਸੰਬੋਧਨ ਕਰਦਿਆਂ ਜਿੱਥੇ ਆਪਣੀ ਯਾਦਾਂ ਡਾ. ਸੁਰਜੀਤ ਪਾਤਰ ਹੋਰਾਂ ਨਾਲ ਸਾਂਝੀਆਂ ਕੀਤੀਆਂ ਉਥੇ ਸਾਰਥਿਕ ਸ਼ੇਅਰਾਂ ਦੀ ਝੜੀ ਦੇ ਨਾਲ ਵੱਡਮੁੱਲੇ ਸੁਨੇਹੇ ਵੰਡੇ। ਇਕ ਮਿੰਟ ਦਾ ਮੋਨ ਰੱਖ ਕੇ ਡਾ. ਸੁਰਜੀਤ ਪਾਤਰ ਹੋਰਾਂ ਨੂੰ ਵਧਾਈ ਦਿੱਤੀ ਗਈ। ਮਾਹੌਲ ਨੂੰ ਸੰਗੀਤਕ ਛੋਹ ਦੇਣ ਦੇ ਲਈ ਗਜ਼ਲਗੋ ਕੁਲਵੰਤ ਸਿੰਘ ਹੋਰਾਂ ਨੇ ਡਾ. ਸੁਰਜੀਤ ਪਾਤਰ ਹੋਰਾਂ ਦੀਆਂ ਖੂਬਸੂਰਤ ਰਚਨਾਵਾਂ 'ਛੱਡ ਪਰ੍ਹੇ', ਬਲਦਾ ਬਿਰਖ ਹਾਂ ਤੇ ਮਿਲਦੀ ਨਹੀਂ ਮੁਸਕਾਨ ਹੋਠੀਂ ਸਜਾਉਣ ਨੂੰ' ਦੀ ਸੁਰਾਂ ਸੰਗ ਗਾ ਕੇ ਝੜੀ ਲਾ ਦਿੱਤੀ। ਮਾਨ-ਸਨਮਾਨ ਦਾ ਸਿਲਸਿਲਾ ਸ਼ੁਰੂ ਹੋਇਆ ਤਾਂ ਤੀਸਰਾ ਪ੍ਰੋ. ਮੋਹਨ ਸਿੰਘ ਯਾਦਗਾਰੀ ਪੁਰਸਕਾਰ ਕਵੀਤਰੀ ਸੁਖਵਿੰਦਰ ਅੰਮ੍ਰਿਤ ਦੀ ਝੋਲੀ ਪਾਇਆ ਗਿਆ। ਨਿਊਜ਼ੀਲੈਂਡ ਤੋਂ ਨਵਤੇਜ ਰੰਧਾਵਾ ਨੂੰ ਰੇਡੀਓ ਪ੍ਰਸਾਰਣ ਲਈ, ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਨੂੰ ਕੀਵੀ ਭਾਸ਼ਾ, ਖੋਜ ਤੇ ਸਮੀਖਿਆ ਲਈ, ਅੰਤਰ ਰਾਸ਼ਟਰੀ ਭੰਗੜਾ ਕੋਚ ਅਜੀਤਪਾਲ ਡਡਵਾਲ ਨੂੰ ਲੋਕ ਨਾਚ ਲਈ ਦਿੱਤੀਆਂ ਸੇਵਾਵਾਂ ਅਤੇ ਅਮਰਦੀਪ ਕੌਰ ਜੀ ਨੂੰ ਥੀਏਟਰ ਦੇ ਖੇਤਰ ਵਿਚ ਪਾਏ ਯੋਗਦਾਨ ਲਈ ਸਨਮਾਨਿਤ ਕੀਤਾ ਗਿਆ। ਇਸ ਮੌਕੇ ਚਾਰ ਕਿਤਾਬਾਂ ਜਿਸ ਵਿਚ ਸ. ਪਰਮਿੰਦਰ ਸਿੰਘ ਪਾਪਾਟੋਏਟੋਏ ਦੀ ਪੁਸਤਕ ਕੀਵੀਨਾਮਾ, ਮਨਜੀਤ ਕੌਰ ਅੰਬਾਲਵੀ ਦੀ ਬਾਲ ਪੁਸਤਕ "ਆ ਜਾ ਚਿੜੀਏ", ਲਵਲੀਨ ਕੌਰ ਵੱਲੋਂ ਸੰਪਾਦਿਤ ਪੁਸਤਕ "ਸ਼ਗਨਾਂ ਦੇ ਗੀਤ" ਅਤੇ ਰੁਬਿੰਦਰ ਕੌਰ ਜੀ ਦੀ ਪੁਸਤਕ "ਚੇਤਨਾ ਦੀ ਲੋਅ" ਲੋਕ ਅਰਪਣ ਕੀਤੀ ਗਈ। ਡਾ. ਸੁਖਵਿੰਦਰ ਅੰਮ੍ਰਿਤ ਹੋਰਾਂ ਨੇ ਇਸ ਮੌਕੇ ਆਪਣੀਆਂ ਖੂਬਸੂਰਤ ਰਚਨਾਵਾਂ ਦੇ ਨਾਲ ਸਾਹਿਤਕ ਮਾਹੌਲ ਦੇ ਵਿਚ ਬੈਠੇ ਸਰੋਤਿਆਂ ਨੂੰ ਸਾਹਿਤ ਦੇ ਛਿੱਟਿਆਂ ਨਾਲ ਸਿੰਜ ਦਿੱਤਾ।



ਕੁਲਜੀਤ ਸੰਧੂ ਵੱਲੋਂ ਗਾਏ ਗੀਤ ਇਸ ਸਮਾਗਮ ਨੂੰ ਹੋਰ ਲੰਬਾ ਰੱਖਣ ਦੀ ਸਮਰੱਥਾ ਰੱਖ ਗਏ। ਪ੍ਰਸਿੱਧ ਗਾਇਕਾ ਗੁਲਸ਼ਨ ਕੋਮਲ ਨੇ ਵੀ ਇਕ ਗੀਤ ਨਾਲ ਹਾਜ਼ਰੀ ਲਗਵਾਈ ਅਤੇ ਬਿੱਕਰ ਬਾਈ ਨੇ ਉਨ੍ਹਾਂ ਦਾ ਸਾਥ ਦਿੱਤਾ।

ਸੁਖਜਿੰਦਰ ਲਾਡੀ ਹੋਰਾਂ ਲੋਕ ਸਾਜ਼ ਪ੍ਰਦਰਸ਼ਨੀ ਲਗਾਈ ਜਦ ਕਿ ਵਿਸ਼ਾਲ ਵਿਜੇ ਸਿੰਘ ਹੋਰਾਂ ਨੇ ਪੁਸਤਕ ਪ੍ਰਦਰਸ਼ਨੀ ਲਗਾਈ। ਪੰਜਾਬੀ ਹੈਰਲਡ ਨਿਊਜ਼ੀਲੈਂਡ ਦੇ ਸੰਪਾਦਕ ਸ. ਹਰਜਿੰਦਰ ਸਿੰਘ ਬਸਿਆਲਾ ਨੇ 'ਨਿਊਜ਼ੀਲੈਂਡ ਦੇ ਵਿਚ ਪੰਜਾਬੀ ਭਾਸ਼ਾ ਹਫਤੇ' ਸਬੰਧੀ ਸੰਬੋਧਨ ਕੀਤਾ, ਪੰਜਾਬੀ ਦੇ ਇਤਿਹਾਸ ਬਾਰੇ ਤਿਆਰ ਮੈਗਜ਼ੀਨ ਅਤੇ ਗੁਰਮੁਖੀ ਵਰਣਮਾਲਾ ਦਾ ਕੈਲੰਡਰ ਰਿਲੀਜ਼ ਕੀਤਾ। ਪ੍ਰਬੰਧਕਾਂ ਵੱਲੋਂ ਸ. ਬਸਿਆਲਾ, ਸ. ਸਤਨਾਮ ਸਿੰਘ ਪਾਬਲਾ ਅਤੇ ਸ. ਹਰਪ੍ਰੀਤ ਸਿੰਘ ਹੈਪੀ ਨਿਊਜ਼ੀਲੈਂਡ ਦਾ ਵੀ ਸਨਮਾਨ ਕੀਤਾ ਗਿਆ। ਅੰਤ ਇਹ ਸਾਹਿਤਕ ਸਮਾਗਮ ਬਹੁਤ ਹੀ ਸਫਲਤਾ ਦੇ ਨਾਲ ਜਿੱਥੇ ਸਾਹਿਤਕ ਸ਼ਖਸੀਅਤਾਂ ਦਾ ਮਾਨ-ਸਨਮਾਨ ਕਰ ਗਿਆ ਉਥੇ ਸਾਹਿਤ ਪ੍ਰੇਮੀਆ ਨੂੰ ਵੀ ਅਗਲੇ ਸਾਲ ਦੇ ਲਈ ਅਜਿਹੀ ਇਕ ਹੋਰ ਆਸ ਛੱਡ ਗਿਆ।

# ਲੋਕ ਨਿਰਮਾਣ ਅਤੇ ਬਿਜਲੀ ਮੰਤਰੀ ਪੰਜਾਬ ਸ. ਹਰਭਜਨ ਸਿੰਘ ਈ.ਟੀ.ਓ. ਨੇ ਕੀਤਾ ਜਿਲ੍ਹਾ ਪਠਾਨਕੋਟ ਵਿਖੇ ਪਾਵਰ ਹਾਊਸ ਦਾ ਅਚਨਚੇਤ ਨਿਰੀਖਣ

ਪਠਾਨਕੋਟ (ਰਾਜਿੰਦਰ ਸਿੰਘ ਰਾਜਨ) ਲੋਕ ਨਿਰਮਾਣ(ਬੀ.ਐਂਡ ਆਰ.) ਅਤੇ ਬਿਜਲੀ ਮੰਤਰੀ ਪੰਜਾਬ ਸ. ਹਰਭਜਨ ਸਿੰਘ ਈ.ਟੀ.ਓ. ਜਿਲ੍ਹਾ ਪਠਾਨਕੋਟ ਵਿਖੇ ਪਹੁੰਚੇ। ਉਨ੍ਹਾਂ ਅੱਜ ਅਚਨਚੇਤ ਦੋਰੇ ਦੋਰਾਨ ਯੂ.ਬੀ.ਡੀ.ਸੀ. ਹੈਡਰਲ ਪ੍ਰੋਜੈਕਟ ਪਾਵਰ ਹਾਊਸ ਨੰਬਰ 3 ਸਰਨਾ ਜਿਲ੍ਹਾ ਪਠਾਨਕੋਟ ਦਾ ਨਿਰੀਖਣ ਕੀਤਾ। ਇਸ ਮੋਕੇ ਤੇ ਪਾਵਰ ਕੌਮ ਵਿਭਾਗ ਦੇ ਅਧਿਕਾਰੀਆਂ ਵੱਲੋਂ ਫੁੱਲਾਂ ਦੇ ਗੁਲਦਸਤੇ ਭੇਂਟ ਕਰਕੇ ਕੈਬਨਿਟ ਮੰਤਰੀ ਪੰਜਾਬ ਸ. ਹਰਭਜਨ ਸਿੰਘ ਈ.ਟੀ.ਓ. ਦਾ ਜਿਲ੍ਹਾ ਪਠਾਨਕੋਟ ਵਿਖੇ ਪਹੁੰਚਣ ਤੇ ਭਰਵਾਂ ਸਵਾਗਤ ਕੀਤਾ। ਇਸ ਮੋਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਕੇਸ ਗੁਪਤਾ ਐਕਸੀਅਨ ਰੂਰਲ, ਜਸਵਿੰਦਰ ਪਾਲ ਐਕਸੀਅਨ ਅਰਬਨ, ਅਸੋਕ ਕੁਮਾਰ ਐਸ।ਡੀ।ਓ। ਸੁਜਾਨਪੁਰ, ਸਤੀਸ ਸੈਣੀ ਅਤੇ ਹੋਰ ਵਿਭਾਗੀ ਅਧਿਕਾਰੀ ਵੀ ਹਾਜ਼ਰ ਸਨ।



ਜਿਕਰਯੋਗ ਹੈ ਕਿ ਕੈਬਨਿਟ ਮੰਤਰੀ ਪੰਜਾਬ ਸ. ਹਰਭਜਨ ਸਿੰਘ ਈ।ਟੀ।ਓ। ਵੱਲੋਂ ਯੂ.ਬੀ.ਡੀ.ਸੀ. ਹੈਡਰਲ ਪ੍ਰੋਜੈਕਟ ਪਾਵਰ ਹਾਊਸ ਨੰਬਰ 3 ਸਰਨਾ ਜਿਲ੍ਹਾ ਪਠਾਨਕੋਟ ਦਾ ਬਹੁਤ ਬਰੀਕੀ ਨਾਲ ਨਿਰੀਖਣ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਅਚਨਚੇਤ ਨਿਰੀਖਣ ਕਰਨ ਲਈ ਵਿਸ਼ੇਸ ਦੌਰਾ ਸੀ ਜਿਸ ਅਧੀਨ ਪਾਵਰ ਹਾਊਸ ਦਾ ਨਿਰੀਖਣ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਪਾਵਰ ਹਾਊਸ ਤੋਂ 30.45 ਮੈਗਾਵਾਟ ਬਿਜਲੀ ਦਾ ਉਤਪਾਦਨ ਕੀਤਾ ਜਾਂਦਾ ਹੈ। ਇਸ ਮੋਕੇ ਤੇ ਕੈਬਨਿਟ ਮੰਤਰੀ ਪੰਜਾਬ ਨੂੰ ਪਾਵਰ ਕੌਮ ਪਠਾਨਕੋਟ ਅਧੀਨ ਕੰਮ ਕਰਦੇ ਪੈਸਕੋ ਦੇ ਕਰਮਚਾਰੀ ਵੀ ਮਿਲੇ ਅਤੇ ਉਨ੍ਹਾਂ ਅਪਣੇ ਵੇਤਨ ਸਬੰਧੀ ਮੰਗਾਂ ਦੀ ਚਰਚਾ ਕੈਬਨਿਟ ਮੰਤਰੀ ਪੰਜਾਬ ਦੇ ਸਾਹਮਣੇ ਰੱਖੀਆਂ। ਇਸ ਮੋਕੇ ਸ. ਹਰਭਜਨ ਸਿੰਘ ਈ।ਟੀ।ਓ। ਕੈਬਨਿਟ ਮੰਤਰੀ ਪੰਜਾਬ ਨੇ ਕਰਮਚਾਰੀਆਂ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਦੀਆਂ ਜੋ ਜਾਇਜ ਮੰਗਾਂ ਹਨ ਉਨ੍ਹਾਂ ਨੂੰ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ। ਇਸ ਮੌਕੇ ਉਨ੍ਹਾਂ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਜਿਸ ਪਾਵਰ ਹਾਊਸ ਦਾ ਅੱਜ ਨਿਰੀਖਣ ਕੀਤਾ ਗਿਆ ਹੈ ਬਿਜਲੀ ਉਤਪਾਦਨ ਯੂਨਿਟ ਹੈ ਅਤੇ ਸਾਰੇ ਅਪਣੀ ਡਿਊਟੀ ਇਮਾਨਦਾਰੀ ਅਤੇ ਲਗਨ ਨਾਲ ਨਿਭਾਊਂਣ ਤਾਂ ਜੋ ਪਾਵਰ ਹਾਊਸ ਤੋਂ ਬਿਜਲੀ ਦਾ ਜਿਆਦਾ ਤੋਂ ਜਿਆਦਾ ਉਤਪਾਦਨ ਕੀਤਾ ਜਾ ਸਕੇ।

## ਸ੍ਰੀ ਬਲਵੰਤ ਕੇਹਰਾ ਨੂੰ ਬਹੁਜਨ ਸਮਾਜ ਪਾਰਟੀ ਪੰਜਾਬ ਦਾ ਸਕੱਤਰ ਲਗਾਉਣ 'ਤੇ ਧੰਨਵਾਦ



**ਅੰਮ੍ਰਿਤਸਰ (ਜਸਪਾਲ ਕੁਮਾਰ)–** ਸ੍ਰੀ ਬਲਵੰਤ ਕੇਹਰਾ ਨੂੰ ਬਹੁਜਨ ਸਮਾਜ ਪਾਰਟੀ ਪੰਜਾਬ ਦਾ ਸਕੱਤਰ ਲਗਾਉਣ ਤੇ ਉਨਾ ਵਲੋਂ ਭੈਣ ਕੁਮਾਰੀ ਮਾਇਆਵਤੀ ਜੀ ਰਾਸ਼ਟਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਦੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਅਤੇ ਸਾਬਕਾ ਰਾਜਸਭਾ ਮੈਂਬਰ ਤੋਂ ਇਲਾਵਾ ਸ੍ਰੀ ਰਣਧੀਰ ਸਿੰਘ ਬੈਣੀਵਾਲ ਇੰਚਾਰਜ ਪੰਜਾਬ, ਹਰਿਆਣਾ, ਚੰਡੀਗੜ੍ਹ, ਸ੍ਰੀ ਵਿਪੁਲ ਕੁਮਾਰ ਇੰਚਾਰਜ ਪੰਜਾਬ ਅਤੇ ਸ੍ਰੀ ਜਸਵੀਰ ਸਿੰਘ ਗੜ੍ਹੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਪੰਜਾਬ ਜੀ ਦਾ ਬਹੁਤ ਬਹੁਤ ਧੰਨਵਾਦ ਕੀਤਾ ਗਿਆ।

ਸ੍ਰੀ ਬਲਵੰਤ ਕੇਹਰਾ ਦੀ ਮਿਹਨਤ ਅਤੇ ਪਾਰਟੀ ਪ੍ਰਤੀ ਇਮਾਨਦਾਰੀ ਨਾਲ ਜਿੰਮੇਦਾਰੀ ਨਿਭਾਉਣ ਨੂੰ ਮੱਦੇਨਜ਼ਰ ਰੱਖਦੇ ਹੋਏ ਪਾਰਟੀ ਦਾ ਗ੍ਰਾਫ ਵਧਾਉਣ ਲਈ ਉਹਨਾਂ ਨੂੰ ਪੰਜਾਬ ਦੀ ਫੇਰ ਤੋਂ ਜਿੰਮੇਦਾਰੀ ਦੇ ਕੇ ਨਿਵਾਜਿਆ। ਪਾਰਟੀ ਦੇ ਵਰਕਰਾਂ ਵਿੱਚ ਖੁਸ਼ੀ ਦੀ ਲਹਿਰ ਪੈਦਾ ਹੋਈ ਅਤੇ ਵਧਾਈਆਂ ਦਿੱਤੀਆਂ ਜਾ ਰਹੀਆਂ ਅਤੇ ਪਾਰਟੀ ਹਾਈਕਮਾਨ ਦਾ ਕੀਤਾ ਧੰਨਵਾਦ।

## ਸੀ ਪੀ ਆਈ (ਐਮ ਐਲ) ਐਨ.ਡੀ ਵਲੋਂ ਬਾਬਾ ਬੂਝਾ ਸਿੰਘ ਦੀ 54ਵੀਂ ਬਰਸੀ ਦਰਮਿਆਨੀ ਸਿਆਸੀ ਕਾਨਫਰੰਸ ਕੀਤੀ ਗਈ

### ਸ਼ਹੀਦਾਂ ਦੇ ਦਰਸਾਏ ਰਾਹ ਉੱਤੇ ਅੱਗੇ ਵਧਣ ਦਾ ਦਿੱਤਾ ਸੱਦਾ

**ਨਵਾਂਸਹਿਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ ਲੈਨਿਨਵਾਦੀ) ਨਿਊਡੈਮੋਕਰੇਸੀ ਜਿਲਾ ਸ਼ਹੀਦ ਭਗਤ ਸਿੰਘ ਨਗਰ ਵਲੋਂ ਪਿੰਡ ਚੱਕ ਮਾਈਦਾਸ ਵਿਖੇ ਬਾਬਾ ਬੂਝਾ ਸਿੰਘ ਦੀ 54ਵੀਂ ਬਰਸੀ ਮੌਕੇ ਸਿਆਸੀ ਕਾਨਫਰੰਸ ਕੀਤੀ ਗਈ। ਸ਼ਹੀਦੀ ਯਾਦਗਾਰ ਉੱਤੇ ਝੰਡਾ ਲਹਿਰਾਉਣ ਦੀ ਰਸਮ ਪਾਰਟੀ ਦੇ ਜਿਲ੍ਹਾ ਆਗੂ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਨਿਭਾਈ। ਬਾਅਦ ਵਿਚ ਕੀਤੀ ਗਈ ਸਿਆਸੀ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਾਮਰੇਡ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਬਾਬਾ ਬੂਝਾ ਸਿੰਘ ਉਮਰ ਭਰ ਦੇ ਸੰਘਰਸ਼ਾਂ ਦਾ ਨਾਂਅ ਹੈ। ਜਿਹਨਾਂ ਨੇ ਗਦਰ ਪਾਰਟੀ, ਕਿਰਤੀ ਪਾਰਟੀ, ਲਾਲ ਪਾਰਟੀ, ਸੀ.ਪੀ.ਆਈ, ਸੀ.ਪੀ.ਆਈ (ਐਮ.) ਅਤੇ ਨਕਸਲਬਾੜੀ ਲਹਿਰ ਵਿਚ ਆਗੂ ਭੂਮਿਕਾਵਾਂ ਨਿਭਾਈਆਂ। ਦੇਸ਼ ਵਿਚੋਂ ਬਰਤਾਨਵੀ ਸਾਮਰਾਜ ਦੀਆਂ ਜੜ੍ਹਾਂ ਪੁੱਟਣ ਲਈ ਅਹਿਮ ਯੋਗਦਾਨ ਪਾਇਆ। ਪੈਪਸੂ ਦੀ ਮੁਜਾਰਾ ਲਹਿਰ ਵਿਚ ਅਮਿੱਟ ਪੈੜਾਂ ਪਾਈਆਂ ਅਤੇ ਪੰਜਾਬ ਵਿਚ ਨਕਸਲਬਾੜੀ ਦਾ ਸੂਹਾ ਪਰਚਮ ਬੁਲੰਦ ਕੀਤਾ। ਪਿੰਡ ਪਿੰਡ ਨਕਸਲਬਾੜੀ ਦੀ ਲੋਅ ਵੰਡਣ ਵਾਲੇ 80 ਸਾਲਾ ਬਾਬਾ ਬੂਝਾ ਨੂੰ 1970 ਵਿਚ 27-28 ਜੁਲਾਈ ਦੀ ਦਰਮਿਆਨੀ ਰਾਤ ਨੂੰ ਜਾਬਰ ਪੰਜਾਬ ਦੀ ਪੁਲਸ ਨੇ ਪਿੰਡ ਨਗਰ ਤੋਂ ਗ੍ਰਿਫਤਾਰ ਕਰਕੇ ਪਿੰਡ ਨਾਈਮਜਾਰਾ -ਸਨਾਵਾ (ਨਵਾਂਸ਼ਹਿਰ) ਨਹਿਰ ਦੇ ਪੁਲ ਤੇ ਝੂਠਾ ਪੁਲਸ ਮੁਕਾਬਲਾ ਬਣਾਕੇ ਸ਼ਹੀਦ ਕਰ ਦਿੱਤਾ ਸੀ। ਉਹਨਾਂ ਕਿਹਾ ਕਿ ਸ਼ਹੀਦਾਂ ਨੇ ਜਿਸ ਤਰ੍ਹਾਂ ਦਾ ਸਮਾਜ ਸਿਰਜਣ ਦਾ ਸੁਪਨਾ ਲਿਆ ਸੀ, ਉਹ ਸੁਪਨਾ ਪੂਰਾ ਨਹੀਂ ਹੋਇਆ। ਉਹਨਾਂ ਕਿਹਾ ਕਿ ਦੇਸ਼ ਵਿਚ ਅਮੀਰੀ ਅਤੇ ਗਰੀਬੀ ਦਾ ਪਾੜਾ ਆਏ ਦਿਨ ਵਧਦਾ ਜਾ ਰਿਹਾ ਹੈ। ਕੇਂਦਰ ਦੀ ਮੋਦੀ ਸਰਕਾਰ ਘੱਟ ਗਿਣਤੀਆਂ, ਦਲਿਤਾਂ, ਆਦਿਵਾਸੀਆਂ, ਔਰਤਾਂ, ਬੁੱਧੀਜੀਵੀਆਂ, ਲੇਖਕਾਂ ਅਤੇ ਕਾਰਕੁਨਾਂ ਉੱਤੇ ਫਾਸ਼ੀਵਾਦੀ ਹੱਲੇ ਬੋਲ ਰਹੀ ਹੈ। ਆਪਣੀ ਤਾਕਤ ਦਾ ਦੁਰਉਪਯੋਗ ਕਰਕੇ ਆਰ.ਐਸ.ਐਸ ਦਾ ਏਜੰਡਾ ਲਾਗੂ ਕਰ ਰਹੀ ਹੈ। ਬਚਦੀ ਖੁਚਦੀ ਜਮਹੂਰੀਅਤ ਦਾ ਵੀ ਗਲਾ ਘੁੱਟ ਰਹੀ ਹੈ। ਉਹਨਾਂ ਕਿਹਾ ਕਿ ਮਹਿੰਗਾਈ, ਬੇਰੁਜ਼ਗਾਰੀ, ਭੁੱਖਮਰੀ ਦੇ ਬੋਝ ਹੇਠ ਕਰਾਹ ਰਹੀ ਦੇਸ਼ ਦੀ ਜਨਤਾ ਉੱਤੇ ਆਏ ਦਿਨ ਟੈਕਸਾਂ ਦਾ ਬੋਝ ਲੱਦਿਆ ਜਾ ਰਿਹਾ ਹੈ।





ਉਹਨਾਂ ਕਿਹਾ ਕਿ ਮੋਦੀ ਸਰਕਾਰ ਕਾਰਪੋਰੇਟ ਪੱਖੀ ਸਰਕਾਰ ਹੈ ਅਤੇ ਇਸ ਸਰਕਾਰ ਨੇ ਤਾਜਾ ਬੱਜਟ ਰਾਹੀਂ ਦੇਸੀ ਅਤੇ ਬਦੇਸ਼ੀ ਕਾਰਪੋਰੇਟਾਂ ਨੂੰ ਵੱਡੇ ਗੱਫੇ ਦਿੱਤੇ ਹਨ। ਉਹਨਾਂ ਕਿਹਾ ਕਿ ਇਸ ਸਰਕਾਰ ਨੇ ਪਹਿਲੀ ਜੁਲਾਈ ਤੋਂ ਤਿੰਨ ਘਾਤਕ ਫੌਜਦਾਰੀ ਕਾਨੂੰਨ ਲਾਗੂ ਕੀਤੇ ਹਨ। ਜੋ ਪੁਲਸ ਨੂੰ ਅਥਾਹ ਸ਼ਕਤੀਆਂ ਦਿੰਦੇ ਹਨ ਅਤੇ ਨਾਗਰਿਕਾਂ ਦੇ ਅਧਿਕਾਰ ਘਟਾਉਂਦੇ ਹਨ।ਇਫਟੂ ਦੇ ਸੂਬਾ ਡਿਪਟੀ ਸਕੱਤਰ ਅਵਤਾਰ ਸਿੰਘ ਤਾਰੀ, ਬੀਬੀ ਗੁਰਬਖਸ਼ ਕੌਰ ਸੰਘਾ ਨੇ ਕਿਹਾ ਕਿ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਵੀ ਸਿਰੇ ਦੀ ਨਿਕੰਮੀ ਸਾਬਤ ਹੋਈ ਹੈ। ਹੱਕ ਮੰਗਦੇ ਲੋਕਾਂ ਉੱਤੇ ਕੀਤੇ ਜਾ ਰਹੇ ਜਬਰ ਨੇ ਮਾਨ ਸਰਕਾਰ ਦੇ ਜਮਹੂਰੀ ਹੋਣ ਦੇ ਭਰਮ ਤੋੜ ਦਿੱਤੇ ਹਨ। ਉਹਨਾਂ ਕਿਹਾ ਕਿ ਮੋਦੀ ਸਰਕਾਰ ਨੇ ਤਿੰਨ ਕਿਰਤ ਕੋਡ ਬਣਾਕੇ ਮਜਦੂਰਾਂ ਦੇ ਅਧਿਕਾਰਾਂ ਉੱਤੇ ਵੱਡਾ ਹਮਲਾ ਬੋਲਿਆ ਹੈ।

ਉਹਨਾਂ ਕਿਹਾ ਕਿ ਸਾਰੀਆਂ ਪੀੜ੍ਹਤ ਧਿਰਾਂ ਨੂੰ ਹਾਕਮਾਂ ਦੇ ਹਮਲਿਆਂ ਦਾ ਜਵਾਬ ਇਕ ਮੰਚ ਤੇ ਇਕੱਠੇ ਹੋਕੇ ਦੇਣਾਂ ਪਵੇਗਾ। ਉਹਨਾਂ ਆਖਿਆ ਕਿ ਬਾਬਾ ਬੂਝਾ ਸਿੰਘ ਨੂੰ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ ਕਿ ਅਸੀਂ ਬਰਾਬਰਤਾ ਦਾ ਸਮਾਜ ਸਿਰਜਣ ਲਈ ਸੰਘਰਸ਼ ਨੂੰ ਹੋਰ ਤਿੱਖਾ ਕਰੀਏ। ਇਸ ਮੌਕੇ ਆਜਾਦ ਕਲਾ ਮੰਚ ਫਗਵਾੜਾ ਵਲੋਂ ਬੀਬਾ ਕੁਲਵੰਤ ਦੀ ਨਿਰਦੇਸ਼ਨਾ ਹੇਠ ਕੋਰੀਓਗ੍ਰਾਫੀਆਂ ਪੇਸ਼ ਕਰਕੇ ਲੋਕਾਂ ਨੂੰ ਸੰਘਰਸ਼ਾਂ ਦੇ ਪਿੜ ਵਿਚ ਕੁੱਦਣ ਦਾ ਸੱਦਾ ਦਿੱਤਾ ਗਿਆ। ਬਲਵੀਰ ਕੁਮਾਰ ਨਵਾਂਸਹਿਰ, ਮਾਸਟਰ ਪ੍ਰੀਤਮ ਸਿੰਘ ਲੱਲੀਆਂ ਅਤੇ ਅਲੀਸ਼ਾ ਕਾਠਗੜ੍ਹ ਨੇ ਇਨਕਲਾਬੀ ਕਵਿਤਾਵਾਂ ਅਤੇ ਗੀਤਾਂ ਨਾਲ ਰੰਗ ਬੰਨ੍ਹਿਆ। ਮੰਚ ਸੰਚਾਲਨ ਹਰੀ ਰਾਮ ਰਸੂਲਪੁਰੀ ਨੇ ਕੀਤਾ।

## ਪੰਜਾਬ ਸਰਕਾਰ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਲਈ ਵਚਨਬੱਧ - ਡਾ. ਬਲਜੀਤ ਕੌਰ

**ਚੰਡੀਗੜ੍ਹ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਪਿੰਡਾਂ ਨੂੰ ਸ਼ਹਿਰਾਂ ਵਰ-ਗੀਆਂ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਸੂਬਾ ਸਰਕਾਰ ਵੱਲੋਂ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਨਾਲ ਜਿੱਥੇ ਆਮ ਲੋਕਾਂ ਦਾ ਜੀਵਨ ਸੁਖਾਲਾ ਹੋਇਆ ਹੈ, ਉੱਥੇ ਹੀ ਲੋਕਾਂ ਦੇ ਕੀਮਤੀ ਸਮੇਂ ਦੀ ਬੱਚਤ ਵੀ ਹੋ ਰਹੀ ਹੈ। 15ਵੇਂ ਸੀ।ਐਸ।ਸੀ ਦਿਵਸ ਮੌਕੇ ਸ਼ਿਰਕਤ ਕਰਦਿਆਂ ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ



ਡਾ. ਬਲਜੀਤ ਕੌਰ ਨੇ ਕਿਹਾ ਕਿ ਆਮ ਸੇਵਾ ਸੈਂਟਰਾਂ ਵੱਲੋਂ ਸੂਬੇ ਦੇ ਨਾਗਰਿਕਾਂ ਨੂੰ ਪੇਂਡੂ ਅਤੇ ਦੂਰ-ਦੁਰਾਡੇ ਦੇ ਖੇਤਰਾਂ ਵਿੱਚ, ਵੱਖ-ਵੱਖ ਸਰਕਾਰੀ ਅਤੇ ਨਿੱਜੀ ਖੇਤਰ, ਡਿਜੀਟਲ ਸਮਾਵੇਸ਼, ਸਰਕਾਰੀ ਸੇਵਾਵਾਂ ਤੱਕ ਪਹੁੰਚ, ਵਿੱਤੀ ਸਮਾਂਬੱਧ, ਈ-ਗਵਰਨੈਂਸ, ਉੱਦਮਤਾ ਵਿਕਾਸ, ਹੁਨਰ ਵਿਕਾਸ, ਸਿਹਤ ਸੰਭਾਲ ਸੇਵਾਵਾਂ, ਸਿੱਖਿਆ ਦੀਆਂ ਸੇਵਾਵਾਂ ਤੱਕ ਪਹੁੰਚ ਪ੍ਰਦਾਨ ਕਰਕੇ ਉਨ੍ਹਾਂ ਨੂੰ ਸ਼ਕਤੀ ਪ੍ਰਦਾਨ ਕੀਤੀ ਜਾ ਰਹੀ ਹੈ।

ਡਾ. ਬਲਜੀਤ ਕੌਰ ਨੇ ਕਿਹਾ ਕਿ ਆਮ ਸੇਵਾ ਸੈਂਟਰਾਂ ਦੀ ਡਿਜੀਟਲ ਪਾੜੇ ਨੂੰ ਪੂਰਾ ਕਰਨ ਅਤੇ ਸਮਾਂਬੱਧ ਵਿਕਾਸ ਨੂੰ ਉਤਸ਼ਾਹਿਤ ਕਰਨ ਵਿੱਚ ਅਹਿਮ ਭੂਮਿਕਾ ਹੈ। ਉਨ੍ਹਾਂ ਕਿਹਾ ਕਿ ਆਮ ਸੇਵਾ ਸੈਂਟਰ ਵੱਲੋਂ ਯੂਆਈਡੀਏਆਈ-ਆਧਾਰ ਸੇਵਾਵਾਂ, ਪੈਨਸ਼ਨ, ਵਿੱਤੀ ਸੇਵਾਵਾਂ (ਬੈਂਕਿੰਗ, ਲੋਨ, ਡਿਜੀ-ਪੇਅ ਅਤੇ ਬੀਮਾ), ਯਾਤਰਾ ਸੇਵਾਵਾਂ: (ਰੇਲਗੱਡੀ, ਬੱਸ, ਹਵਾਈ ਅਤੇ ਹਵਾਈ ਬੁਕਿੰਗ), ਫਾਰੇਕਸ ਅਤੇ ਡੀ.ਟੀ.ਐਚ, ਸਰਕਾਰੀ ਸੇਵਾਵਾਂ (ਆਯੁਸ਼ਮਾਨ ਭਾਰਤ, ਈ-ਸ਼੍ਰਮ, ਪ੍ਰਧਾਨ ਮੰਤਰੀ ਵਿਸ਼ਕਰਮਾ, ਪ੍ਰਧਾਨ ਮੰਤਰੀ ਮਾਨ ਧਨ ਯੋਜਨਾਵਾਂ), ਉਪਯੋਗਤਾ ਬਿੱਲ ਦੇ ਭੁਗਤਾਨ (ਬਿਜਲੀ, ਡਿਸ਼, ਮੋਬਾਈਲ ਰੀਚਾਰਜ), ਟੈਲੀ ਕਾਨੂੰਨੀ ਸੇਵਾਵਾਂ, ਸਿੱਖਿਆ ਸੇਵਾਵਾਂ (ਬਾਲ ਵਿਦਿਆਲਿਆ, ਉਡਾਨ, ਸੀਐਸਸੀ ਹੁਨਰ, ਸਰਕਾਰੀ ਪਰੀਕਸਾ, ਓਲੰਪੀਆਡ ਆਦਿ, ਹੈਲਥਕੇਅਰ ਸਰਵਿਸਿਜ਼, ਖੇਤੀਬਾੜੀ- ਪ੍ਰਧਾਨ ਮੰਤਰੀ ਕਿਸਾਨ, ਈ ਸਾਈਨ ਡਿਫੈਂਸ ਪੈਨਸ਼ਨਰਜ਼, ਗ੍ਰਾਮੀਣ ਈ ਸਟੋਰ ਅਤੇ ਹੋਰ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਸਮਾਗਮ ਦੌਰਾਨ ਕੈਬਨਿਟ ਮੰਤਰੀ ਨੇ ਵਧੀਆ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਸਨਮਾਨਿਤ ਵੀ ਕੀਤਾ।

## ਜੁਲਾਈ ਦੇ ਆਖਰੀ ਐਤਵਾਰ ਨੂੰ 15ਵਾਂ ਅੰਤਰਰਾਸ਼ਟਰੀ ਮਾਈ ਟ੍ਰੀ ਡੇ ਮਨਾਉਣਾ ਜਿਲੇ ਦਾ ਮਾਣ

### ਐਸਡੀਐਮ ਅਕਸ਼ਿਤਾ ਗੁਪਤਾ ਨੇ ਸਕੂਲੀ ਬੱਚਿਆਂ ਨਾਲ ਲਗਾਏ ਫਲਦਾਰ ਬੂਟੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)**– ਇੰਟਰਨੈਸ਼ਨਲ ਮਾਈ ਟ੍ਰੀ ਡੇਅ ਦੀ ਮਹੱਤਤਾ ਨੂੰ ਹਰ ਵਿਅਕਤੀ ਤੱਕ ਪਹੁੰ-ਚਾਉਣ ਲਈ ਲੱਗੇ ਸਮਾਜ ਸੇਵੀਆਂ ਨੇ ਅੱਜ ਗੋ ਗ੍ਰੀਨ ਇੰਟਰਨੈਸ਼ਨਲ ਆਰਗੇਨਾਈਜੇਸ਼ਨ ਨਾਲ ਜ਼ਿਲ੍ਹਾ ਪੱਧਰੀ ਰੁੱਖ ਲਗਾਉਣ ਦੇ ਪ੍ਰੋ-ਗਰਾਮ ਵਿੱਚ ਭਾਗ ਲਿਆ ਅਤੇ ਸਾਂਝੀ ਅਪੀਲ ਕੀਤੀ ਕਿ ਹਰ ਵਿਅਕਤੀ ਰੁੱਖ ਲਗਾਵੇ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਨੂੰ ਯਕੀਨੀ ਬਣਾਉਣ। ਪਿੰਡ ਬੜਵਾ ਦੇ ਸਰਕਾਰੀ ਸਕੂਲ ਅਤੇ ਪੰਚਾਇਤ ਦੇ ਸਹਿਯੋਗ ਨਾਲ ਕਰਵਾਏ ਇਸ ਜ਼ਿਲ੍ਹਾ ਪੱਧਰ ਤੇ ਐਸਡੀਐਮ ਅਕਸ਼ਿਤਾ ਗੁਪਤਾ ਨੇ ਇਲਾਕੇ ਵਿੱਚ ਸਵੈ-ਇੱਛਾ ਨਾਲ ਰੁੱਖ ਲਗਾਉਣ ਨੂੰ ਉਤਸ਼ਾਹਿਤ ਕਰਨ ਵਾਲੇ ਸਮਾਜ ਸੇਵੀਆਂ ਨੂੰ ਗੋ ਗਰੀਨ ਇੰਟਰਨੈਸ਼ਨਲ ਸੰਸਥਾ ਦੀ ਤਰਫ਼ੋਂ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ। ਸਨਮਾਨਿਤ ਹੋਣ ਵਾ-ਲਿਆਂ ਵਿੱਚ ਪ੍ਰਾਇਮਰੀ ਸਕੂਲ ਦੇ ਮੁੱਖ ਅਧਿਆਪਕ ਗੁਰਦਿਆਲ ਸਿੰਘ, ਐਸ।ਕੇ।ਟੀ। ਪਲਾਂਟੇਸ਼ਨ ਟੀਮ ਤੋਂ ਅੰਕੁਸ਼ ਨਿਝਾਵਨ, ਰਾਹੋਂ ਤੋਂ ਰਾਜਾ ਕੈਂਥ, ਹਰੀਏਵਾਲ ਪੰਜਾਬ ਤੋਂ ਸ਼ੁਭਮ ਸਰੀਨ, ਕੇਸੀ ਗਰੁੱਪ ਤੋਂ ਕੈਂਪਸ ਡਾਇਰੈਕਟਰ ਡਾ: ਅਵਤਾਰ ਚੰਦ ਰਾਣਾ, ਸ਼੍ਰੀ ਕ੍ਰਿਸ਼ਨਾ ਯੂਥ ਕਲੱਬ ਤੋਂ ਹੈਰੀ ਚੌਹਾਨ ਅਤੇ ਸਾਹਿਲ ਪ੍ਰੀਤ, ਕੈਪਟਨ ਕਨਿਕਾ ਜੋਸ਼ੀ, ਸਮਾਜ ਸੇਵੀ ਜੀ.ਐਸ. ਬਸਿਆਲਾ, ਪ੍ਰਸਿੱਧ ਸਿਨੇਮਾ ਨਵਾਂਸ਼ਹਿਰ ਤੋਂ ਅਦਾਕਾਰਾ ਜਯੋਤੀ ਅਰੋੜਾ ਅਤੇ ਬੱਬਰ ਕਰਮ ਸਿੰਘ ਮੈਮੋਰੀਅਲ ਸਕੂਲ ਦੌਲਤਪੁਰ ਦੇ ਨੁਮਾਇੰਦੇ ਹਾਜ਼ਰ ਸਨ। ਇਸ ਮੌਕੇ ਐਸ।ਡੀ।ਐਮ ਅਕਸ਼ਿਤਾ ਗੁਪਤਾ ਨੇ ਪੰਚਾਇਤ ਮੈਂਬਰਾਂ ਦੇ ਵਾਤਾਵਰਨ ਸੰਭਾਲ ਸਬੰਧੀ ਸੁਝਾਅ ਵੀ ਸੁਣੇ ਅਤੇ ਹੱਲ ਕਰਨ ਦਾ ਭਰੋਸਾ ਦਿੱਤਾ। ਵਾਤਾਵਰਨ ਪ੍ਰੇਮੀ ਅਸ਼ਵਨੀ ਜੋਸ਼ੀ ਨੇ ਇਨ੍ਹਾਂ ਸਾਰਿਆਂ ਵੱਲੋਂ ਵਾਤਾਵਰਨ ਦੀ ਸੰਭਾਲ ਲਈ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਾਰੇ ਹੀ ਆਮ ਲੋਕਾਂ ਲਈ ਰੋਲ ਮਾਡਲ ਹਨ।



ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫ਼ਸਰ ਨਰਿੰਦਰ ਕੌਰ ਨੇ ਅਪੀਲ ਕੀਤੀ ਕਿ ਹਰ ਕੋਈ ਇਨ੍ਹਾਂ ਪੌਦਿਆਂ ਦੀ ਬੱਚਿਆਂ ਵਾਂਗ ਸੰਭਾਲ ਕਰਨਾ ਆਪਣਾ ਫਰਜ਼ ਸਮਝੇ। ਇਸ ਮੌਕੇ ਜ਼ਿਲ੍ਹਾ ਉਪ ਸਿੱਖਿਆ ਅਫ਼ਸਰ ਵਰਿੰਦਰ ਕੁਮਾਰ, ਵਿਸ਼ਵਾਸ ਸੇਵਾ ਸੁਸਾਇਟੀ ਦੇ ਮੁਖੀ ਪਰਵਿੰਦਰ ਬੱਤਰਾ, ਗੁਰਮੇਲ ਚੰਦ, ਸਰਪੰਚ ਰਮਨ ਕੁਮਾਰ ਸਮੇਤ ਗਾਓਂ ਪੰਚਾਇਤ, ਗੁਰਪ੍ਰੀਤ ਕੌਰ ਚੇਅਰਮੈਨ ਐਸ।ਐਮ।ਸੀ ਵੀ ਉਨ੍ਹਾਂ ਦੇ ਨਾਲ ਰਹੇ ਅਤੇ ਫਲਦਾਰ ਬੂਟੇ ਲਗਾਏ।

# ਰੋਜ਼ਮਰਾ ਦੀ ਜ਼ਿੰਦਗੀ ਅਤੇ ਕੈਥਾਰਸਿਸ ਦੀ ਲੋੜ



ਡਾ. ਅਰਵਿੰਦਰ ਸਿੰਘ ਭੱਲਾ
91-94630-62603

ਮਨੁੱਖ ਨੂੰ ਜਿਵੇਂ-ਜਿਵੇਂ ਜ਼ਿੰਦਗੀ ਨੂੰ ਕਰੀਬ ਤੋਂ ਸਮਝਣ ਦਾ ਅਵਸਰ ਮਿਲਦਾ ਹੈ, ਉਸ ਨੂੰ ਜ਼ਿੰਦਗੀ ਦੀ ਬੁਝਾਰਤ ਪਹਿਲਾਂ ਨਾਲੋਂ ਹੋਰ ਵੀ ਉਲਝਦੀ ਹੋਈ ਮਹਿਸੂਸ ਹੁੰਦੀ ਹੈ। ਕਿਤਾਬੀ ਗਿਆਨ ਦੇ ਤਮਾਮ ਸਬਕ ਦੁਨਿਆਵੀ ਤਜ਼ਰਬਿਆਂ, ਤਲਖ਼ ਹਕੀਕਤਾਂ ਅਤੇ ਨਿੱਤ ਰੂਪ ਵਟਾਉਂਦੀ ਜ਼ਿੰਦਗੀ ਦੇ ਸਾਹਮਣੇ ਅਕਸਰ ਤਰਕਹੀਣ, ਅਪ੍ਰਸੰਗਿਕ ਅਤੇ ਖੋਖਲੇ ਜਿਹੇ ਜਾਪਦੇ ਹਨ। ਜ਼ਿੰਦਗੀ ਦੇ ਸਫ਼ਰ ਦੌਰਾਨ ਅਕਸਰ ਭਾਂਤ-ਭਾਂਤ ਦੇ ਲੋਕਾਂ ਨਾਲ ਮਿਲਦਿਆਂ-ਜੁਲਦਿਆਂ ਹਰ ਇਨਸਾਨ ਕੋਲੋਂ ਬਹੁਤ ਕੁਝ ਨਵਾਂ ਸਿੱਖਣ ਨੂੰ ਮਿਲਦਾ ਹੈ। ਇਸ ਸਚਾਈ ਤੋਂ ਵੀ ਮੂੰਹ ਨਹੀਂ ਮੋੜਿਆ ਜਾ ਸਕਦਾ ਹੈ ਕਿ ਜ਼ਿੰਦਗੀ ਦੇ ਵੰਨ-ਸੁਵੰਨੇ ਤਜ਼ਰਬੇ, ਬਹੁਪਰਤੀ ਵਿਰੋਧਾਭਾਸ ਅਤੇ ਨਾਕਾਬਲੇ ਬਰਦਾਸ਼ਤ ਸਚਾਈਆਂ ਸਾਨੂੰ ਜ਼ਿੰਦਗੀ ਦੇ ਸਭ ਤੋਂ ਬੇਸ਼ਕੀਮਤੀ ਸਬਕ ਸਿਖਾਉਣ ਵਿਚ ਮਰਕਜ਼ੀ ਕਿਰਦਾਰ ਨਿਭਾਉਂਦੀਆਂ ਹਨ। ਹਰ ਚੰਗਾ-ਮਾੜਾ ਵਰਤਾਰਾ ਅਤੇ ਹਰ ਅਜ਼ਮਾਇਸ਼ ਦਰਅਸਲ ਸਾਨੂੰ ਜੀਵਨ ਦੀ ਹਰ ਚਣੌਤੀ ਦਾ ਸਾਹਮਣਾ ਕਰਨ ਵਿਚ ਸਹਾਈ ਹੁੰਦੀ ਹੈ। ਅਕਸਰ ਦੇਖਣ ਵਿਚ ਆਉਂਦਾ ਹੈ ਕਿ ਵਧੇਰੇ ਕਰਕੇ ਲੋਕ ਅਕਸਰ ਆਪਣੇ ਅਤੀਤ ਨੂੰ ਯਾਦ ਕਰਦਿਆਂ ਆਪਣੇ ਵਰਤਮਾਨ ਨੂੰ ਕੋਸਦੇ ਹੋਏ ਆਪਣੇ ਆਉਣ ਵਾਲੇ ਕੱਲ੍ਹ ਨਾਲ ਵਾਬਸਤਾ ਸੁਪਨੇ ਬੁਣਦਿਆਂ ਆਪਣੇ ਭਵਿੱਖ ਨੂੰ ਲੈਕੇ ਅਨੇਕਾਂ ਵਸਵਸਿਆਂ, ਅੰਦੇਸ਼ਿਆਂ ਅਤੇ ਚਿੰਤਾਵਾਂ ਵਿਚ ਘਿਰੇ ਰਹਿੰਦੇ ਹਨ।

ਸ਼ਾਇਦ ਇਸ ਨੂੰ ਇਨਸਾਨੀ ਫ਼ਿਤਰਤ ਹੀ ਕਿਹਾ ਜਾ ਸਕਦਾ ਹੈ ਕਿ ਇਨਸਾਨ ਆਪਣੇ ਚੰਚਲ ਅਤੇ ਵਿਚਲਿਤ ਮਨ ਕਰਕੇ ਹਮੇਸ਼ਾ ਖੁਦ ਨੂੰ ਆਸ਼ਾਂਤ, ਅਸੁਰੱਖਿਅਤ ਅਤੇ ਖੌਫ਼ਜ਼ਦਾ ਮਹਿਸੂਸ ਕਰਨ ਦਾ ਆਦੀ ਹੋ ਚੁੱਕਾ ਹੈ। ਆਪਣੇ ਹੱਥੀਂ ਆਪਣੇ ਸਕੂਨ ਨੂੰ ਬੇਫ਼ਜ਼ੂਲ ਦੀਆਂ ਸੋਚਾਂ ਅਤੇ ਫਿਕਰਾਂ ਦੀ ਭੱਠੀ ਵਿੱਚ ਝੌਂਕ ਕੇ ਮਨੁੱਖ ਆਪਣੇ ਸੋਹਣੇ ਰੱਬ ਅਤੇ ਆਪਣੇ ਨਸੀਬਾਂ ਨੂੰ ਦੋਸ਼ ਦਿੰਦਾ ਹੈ। ਜਦੋਂ ਕਦੇ ਇਨਸਾਨ ਦੇ ਸੁਪਨੇ ਅਧਵਾਟੇ ਚਕਨਾਚੂਰ ਹੋ ਜਾਂਦੇ ਹਨ, ਜਦੋਂ ਕਦੇ ਉਸ ਦੀਆਂ ਹਸਰਤਾਂ ਅਧੂਰੀਆਂ ਰਹਿ ਜਾਂਦੀਆਂ ਹਨ, ਜਦੋਂ ਕਦੇ ਉਸ ਦੇ ਖ਼ਿਆਲਾਂ ਨੂੰ ਹਰਫ਼ਾਂ ਅਤੇ ਅਲਫਾਜਾਂ ਦੇ ਲਿਬਾਸ ਨਸੀਬ ਨਹੀਂ ਹੁੰਦੇ ਹਨ, ਜਦੋਂ ਕਦੇ ਉਸ ਦੀ ਸੋਚ ਅਮਲ ਦੀ ਦਹਲੀਜ਼ ਉਤੇ ਆਕੇ ਖੜੋ ਜਾਂਦੀ ਹੈ ਅਤੇ ਜਦੋਂ ਕਦੇ ਉਸ ਦੇ ਸ਼ਬਦ ਇਬਾਰਤ ਵਿਚ ਢਲਣ ਤੋਂ ਮੁਨਕਰ ਹੋ ਜਾਂਦੇ ਹਨ ਤਾਂ ਉਹ ਖੁਦ ਨੂੰ ਮਾਯੂਸ, ਲਾਚਾਰ ਅਤੇ ਬਦਕਿਸਮਤ ਸਮਝਣਾ ਸ਼ੁਰੂ ਕਰ ਦਿੰਦਾ ਹੈ ਅਤੇ ਉਸ ਨੂੰ ਸਵੈ ਪ੍ਰਗਟਾਵੇ ਲਈ ਵੀ ਜਦੋਜਹਿਦ ਕਰਨੀ ਪੈਂਦੀ ਹੈ। ਜ਼ਿਹਨੀ ਕਸ਼ਮਕਸ਼, ਮਾਨਸਿਕ ਤਣਾਓ ਅਤੇ ਆਪਣੀ ਨਫ਼ਸ ਉਤੇ ਕਾਬੂ ਨਾ ਰੱਖ ਸਕਣ ਦੀ ਵਜ੍ਹਾ ਨਾਲ ਮਨੁੱਖ ਆਪਣੀਆਂ ਭਾਵਨਾਵਾਂ ਦਾ ਉਚਿਤ ਪ੍ਰਗਟਾਵਾ ਨਹੀਂ ਕਰ ਪਾਉਂਦਾ ਹੈ। ਭਾਵਨਾਤਮਕ ਤੌਰ ਉੱਪਰ ਇਕੱਲਤਾ ਦਾ ਸ਼ਿਕਾਰ ਮਨੁੱਖ ਆਪਣੇ ਆਪ ਨੂੰ ਲੋਕਾਂ ਦੀ ਭੀੜ ਵਿਚ ਵੀ ਤਨਹਾ ਮਹਿਸੂਸ ਕਰਦਾ ਹੈ। ਅਸਲ ਵਿਚ ਮਨੁੱਖ ਲਈ ਇਹ ਬੇਹੱਦ ਜ਼ਰੂਰੀ ਹੈ ਕਿ ਉਸ ਨੂੰ ਉਨ੍ਹਾਂ ਲੋਕਾਂ ਦੀ ਸੰਗਤ ਮਾਨਣ ਦਾ ਅਵਸਰ ਮਿਲੇ ਜਿਹਨਾਂ ਦੀ ਸੁਹਬਤ ਵਿਚ ਖੁਦ ਨੂੰ ਪੁਸਕੂਨ, ਖੁਸ਼ ਅਤੇ ਮੁਤਮੀਨ ਮਹਿਸੂਸ ਕਰੇ।

ਆਸ-ਪਾਸ ਦੇ ਸ਼ੋਰੋਗੁਲ ਅਤੇ ਰੋਜ਼ਮਰਾ ਦੀ ਦੌੜ-ਭੱਜ ਉੱਪਰ ਗ਼ੌਰ ਕਰਦਿਆਂ ਆਮ ਤੌਰ ਉੱਪਰ ਇਹ ਵੀ ਦੇਖਣ ਵਿਚ ਆਉਂਦਾ ਹੈ ਕਿ ਜਦੋਂ ਰਫ਼ਤਾ-ਰਫ਼ਤਾ ਮਨੁੱਖ ਅੰਦਰ



ਖਾਮੋਸ਼ੀ ਜਾਂ ਨਾਕਾਰਤਮਕਤਾ ਪੈਰ ਪਸਾਰਦੀ ਹੈ ਤਾਂ ਇਨਸਾਨ ਨੂੰ ਇਕ ਅਜ਼ੀਬ ਜਿਹੀ ਘੁੱਟਣ ਜਾਂ ਬੇਜਾਰੀ ਦਾ ਅਹਿਸਾਸ ਹੋਣ ਲੱਗਦਾ ਹੈ। ਅਜਿਹੀ ਕੈਫ਼ੀਅਤ ਮਨੁੱਖ ਲਈ ਬੇਹੱਦ ਤਕਲੀਫ਼ਦੇਹ ਹੁੰਦੀ ਹੈ। ਇਸ ਤਰ੍ਹਾਂ ਦੀ ਮਨੋਦਸ਼ਾ ਦੇ ਪ੍ਰਭਾਵ ਹੇਠ ਉਹ ਕਿਸੇ ਅਜਿਹੇ ਵਿਅਕਤੀ ਨੂੰ ਆਪਣਾ ਦੋਸਤ ਜਾਂ ਹਮਰਾਜ਼ ਬਣਾਉਣਾ ਲੋਚਦਾ ਹੈ, ਜਿਸ ਦੇ ਮੋਢੇ ਉੱਪਰ ਸਿਰ ਰੱਖ ਕੇ ਉਹ ਬਿਨਾਂ ਕਿਸੇ ਖ਼ੌਫ਼ ਜਾਂ ਝਿਜਕ ਦੇ ਕੈਥਰਾਸਿਸ ਕਰ ਸਕੇ। ਇਹ ਵੀ ਆਪਣੇ ਆਪ ਵਿਚ ਕਿੰਨਾ ਅਜ਼ੀਬ ਜਿਹਾ ਵਰਤਾਰਾ ਹੁੰਦਾ ਹੈ ਕਿ ਕਦੇ ਮਨੁੱਖ ਸਾਰੀ ਲੋਕਾਈ ਤੋਂ ਆਪਣਾ ਸੁੱਖ-ਦੁੱਖ ਛੁਪਾ-ਛੁਪਾ ਕੇ ਰੱਖਣਾ ਚਾਹੁੰਦਾ ਹੈ, ਕਦੇ ਉਹ ਉੱਚੀ-ਉੱਚੀ ਹੱਸ ਕੇ ਦੂਜਿਆਂ ਨਾਲ ਆਪਣੀ ਖੁਸ਼ੀ ਸਾਂਝੀ ਕਰਨਾ ਚਾਹੁੰਦਾ ਹੈ ਅਤੇ ਕਦੇ ਉਹ ਭੁੱਬਾਂ ਮਾਰ-ਮਾਰ ਕੇ ਆਪਣੇ ਦੁੱਖੜੇ ਦੂਸਰਿਆਂ ਅੱਗੇ ਬਿਆਨ ਕਰਨਾ ਚਾਹੁੰਦਾ ਹੈ। ਦਰਅਸਲ ਕੈਥਾਰਸਿਸ ਮਨੁੱਖ ਨੂੰ ਹਰ ਉਸ ਅਸਿਹ ਅਤੇ ਅਕਹਿ ਮਾਨਸਿਕ ਪੀੜਾ ਤੋਂ ਨਿਜ਼ਾਤ ਦਿਵਾਉਣ ਦੇ ਸਮਰੱਥ ਹੁੰਦਾ ਹੈ, ਜੋ ਪੀੜਾ ਕਿਤੇ ਨਾ ਕਿਤੇ ਉਸ ਨੂੰ ਧੁਰ ਅੰਦਰੋ-ਅੰਦਰ ਸਿਉਂਕ ਦੀ ਤਰ੍ਹਾਂ ਖੋਖਲਾ ਕਰ ਰਹੀ ਹੁੰਦੀ ਹੈ। ਕੈਥਾਰਸਿਸ ਮਨੁੱਖ ਨੂੰ ਸਹਿਜ ਤੇ ਸਕੂਨ ਦੇ ਸਾਹਿਲ ਤੱਕ ਪਹੁੰਚਾਉਣ ਵਿਚ ਬੇਹੱਦ ਕਾਰਗਰ ਭੂਮਿਕਾ ਨਿਭਾਉਂਦਾ ਹੈ। ਕੈਥਾਰਸਿਸ ਤੋਂ ਬਿਨਾਂ ਮਨੁੱਖ ਅੰਦਰ ਨਾ ਤਾਂ ਜਿਉਂਣ ਦਾ ਚਾਅ ਪੈਦਾ ਹੁੰਦਾ ਹੈ, ਨਾ ਉਸ ਨੂੰ ਜ਼ਿਹਨੀ ਸਕੂਨ ਮਿਲਦਾ ਹੈ ਅਤੇ ਨਾ ਹੀ ਕਦੇ ਮਨੁੱਖ ਅੰਦਰ ਖੇੜਾ ਜਾਂ ਵਿਸਮਾਦ ਅੰਗੜਾਈ ਲੈਂਦਾ ਹੈ।

ਜੇਕਰ ਗਹੁ ਨਾਲ ਦੇਖਿਆ ਜਾਵੇ ਤਾਂ ਹਰੇਕ ਪਲ ਹਰ ਸ਼ਖ਼ਸ ਅੰਦਰ ਖ਼ਿਆਲਾਂ ਅਤੇ ਭਾਵਨਾਵਾਂ ਦਾ ਇਕ ਸ਼ੂਕਦਾ ਹੋਇਆ ਦਰਿਆ ਵਹਿੰਦਾ ਹੈ। ਜੇਕਰ ਗ਼ੌਰ ਕੀਤਾ ਜਾਵੇ ਤਾਂ ਇਹ ਸਹਿਜੇ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਖ਼ਿਆਲਾਂ ਦੀ ਉਧੇੜ-ਬੁਣ ਮਨੁੱਖੀ ਜੀਵਨ ਦਾ ਅਨਿੱਖੜਵਾਂ ਹਿੱਸਾ ਹੁੰਦੀ ਹੈ। ਆਪਣੀਆਂ ਮਨੋਭਾਵਨਾਵਾਂ ਦਾ ਇਜ਼ਹਾਰ ਕਰਨਾ ਮਨੁੱਖੀ ਫ਼ਿਤਰਤ ਹੈ, ਲੇਕਿਨ ਜਿਥੇ ਇਕ ਤਰਫ਼ ਆਪਣੇ ਵਿਚਾਰਾਂ ਨੂੰ ਸਰਲ, ਸਹਿਜ ਅਤੇ ਸੁਖਾਲੇ ਢੰਗ ਨਾਲ ਵਿਅਕਤ ਕਰਨਾ ਹਰੇਕ ਮਨੁੱਖ ਲਈ ਕਦੇ ਵੀ ਇੰਨਾ ਆਸਾਨ ਨਹੀਂ ਹੁੰਦਾ ਹੈ, ਉਥੇ ਦੂਜੀ ਤਰਫ਼ ਕੈਥਾਰਸਿਸ ਮਨੁੱਖ ਦੀ ਸ਼ਖ਼ਸੀਅਤ ਨੂੰ ਸੰਵਾਰਨ, ਨਿਖ਼ਾਰਨ, ਤਰਾਸ਼ਣ ਅਤੇ ਸੇਧ ਦੇਣ ਵਿਚ ਮਰਕਜ਼ੀ ਕਿਰਦਾਰ ਨਿਭਾਉਂਦਾ ਹੈ। ਜਦੋਂ ਕਦੇ ਮਨੁੱਖ ਆਪਣੀਆਂ ਭਾਵਨਾਵਾਂ ਅਤੇ ਮਨੋਸਥਿਤੀ ਦਾ ਪ੍ਰਗਟਾਵਾ ਕਰਨ ਵਿਚ ਦਿਕਤ ਮਹਿਸੂਸ ਕਰਦਾ ਹੈ ਤਾਂ ਉਸ ਦੇ ਜੀਵਨ ਵਿਚ ਇਕ ਖ਼ਲਾਅ, ਤਣਾਅ ਜਾਂ ਅਸੰਤੁਲਨ ਸੁਭਾਵਿਕ ਰੂਪ ਵਿਚ ਪੈਦਾ ਹੁੰਦਾ ਹੈ। ਕੈਥਾਰਸਿਸ ਦੀ ਅਣਹੋਂਦ ਵਿਚ ਮਨੁੱਖ ਦਾ ਸੁਭਾਅ, ਕਿਸੇ ਵਰਤਾਰੇ ਪ੍ਰਤੀ ਉਸ ਦਾ ਰੱਦੇਅਮਲ ਅਤੇ ਆਪਣੇ ਆਸ-ਪਾਸ ਦੇ ਲੋਕਾਂ ਪ੍ਰਤੀ ਉਸ ਦੇ ਨਜ਼ਰੀਏ ਵਿਚ ਲਾਜ਼ਮੀ ਤੌਰ ਉੱਪਰ ਵਿਕਾਰ ਪੈਦਾ ਹੁੰਦਾ ਹੈ। ਜਦੋਂ ਤੱਕ ਮਨੁੱਖ ਆਪਣੇ ਚੰਚਲ ਮਨ ਦੀ ਉਥਲ-ਪੁਥਲ ਅਤੇ ਮਾਨਸਿਕ ਉਲਝਣਾਂ ਦੇ ਚੱਕਰਵਿਊ ਵਿਚ ਉਲਝਿਆ ਰਹਿੰਦਾ ਹੈ, ਜਦੋਂ ਤੱਕ ਉਹ ਅੰਦਰੂਨੀ ਜਾਂ ਬਾਹਰੀ ਕਾਰਨਾਂ ਕਰਕੇ ਆਪਣੀਆਂ ਭਾਵਨਾਵਾਂ, ਵਿਚਾਰਾਂ ਅਤੇ ਖਾਹਿਸ਼ਾਂ ਨੂੰ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਪ੍ਰਗਟ ਨਹੀਂ ਕਰ ਪਾਉਂਦਾ ਹੈ ਅਤੇ ਜਦੋਂ ਤੱਕ ਉਹ ਆਪਣੇ ਸੁੱਖ-ਦੁੱਖ ਨੂੰ ਦੂਸਰਿਆਂ ਨਾਲ ਸਹਿਜ ਰੂਪ ਵਿਚ ਵੰਡਾਉਣ ਵਿਚ ਕਿਸੇ ਰੁਕਾਵਟ ਦਾ ਸਾਹਮਣਾ ਕਰਦਾ ਹੈ ਤਾਂ ਸੱਚ ਜਾਣਿਓ! ਤਦ ਤੱਕ ਮਨੁੱਖ ਆਪਣੇ ਧੁਰ ਅੰਦਰ ਕਿਸੇ ਨਾ ਕਿਸੇ ਰੂਪ ਵਿਚ ਛਟਪਟਾਉਂਦਾ ਰਹਿੰਦਾ ਹੈ। ਲਿਹਾਜ਼ਾ ਕਦੇ ਖੁਸ਼ਗਵਾਰ ਤਜ਼ਰਬੇ ਵਿਚੋਂ ਗੁਜ਼ਰਦਿਆਂ, ਕਦੇ ਤਲਖ਼ ਹਕੀਕਤਾਂ ਦਾ ਸਾਹਮਣਾ ਕਰਦਿਆਂ, ਕਦੇ ਮਰਿਆਦਾਵਾਂ ਦੀਆਂ ਸੀਮਾਵਾਂ ਵਿਚ ਰਹਿੰਦਿਆਂ ਜਾਂ ਕਦੇ ਬੇਪ੍ਰਵਾਹੀ ਦੇ ਆਲਮ ਵਿਚ, ਕਦੇ ਸਹਿਜ ਸੁਭਾਅ ਜਾਂ ਫਿਰ ਕਦੇ ਪਹਿਲਾਂ ਤੋਂ ਮਿਥ ਕੇ ਇਨਸਾਨ ਲਈ ਕਿਸੇ ਵੀ ਮਾਧਿਅਮ ਰਾਹੀਂ ਆਪਣੇ ਖਿਆਲਾਂ ਦਾ ਪ੍ਰਗਟਾਵਾ ਹਰ ਸੂਰਤ ਵਿਚ ਆਵੱਸ਼ਕ ਹੈ। ਆਪਣੇ ਆਲੇ-ਦੁਆਲੇ ਦੇ ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਚਾਰਕ, ਧਾਰਮਿਕ ਅਤੇ ਸਾਹਿਤਕ ਮੁੱਦਿਆਂ ਅਤੇ ਸਰੋਕਾਰਾਂ ਬਾਰੇ ਕੈਥਾਰਸਿਸ ਕੇਵਲ ਇਕ ਮਨੁੱਖੀ ਅਮਲ ਜਾਂ ਵਰਤਾਰਾ ਹੀ ਨਹੀਂ, ਸਗੋਂ ਮਨੁੱਖ ਦੀ ਇਕ ਬੁਨਿਆਦੀ ਜ਼ਰੂਰਤ ਵੀ ਹੈ। ਇਹ ਇੱਕ ਇਤਿਹਾਸਕ ਤੱਥ ਹੈ ਕਿ ਵਿਚਾਰਾਂ ਦੇ ਪ੍ਰਗਟਾਵੇ ਅਤੇ ਵਹਾਅ ਦੇ ਰਸਤੇ ਵਿਚ ਕਿਸੇ ਤਰ੍ਹਾਂ ਦਾ ਵੀ ਵਿਘਨ ਮਨੁੱਖ, ਮੁਆਸ਼ਰੇ ਅਤੇ ਸਮੁੱਚੇ ਨਿਜ਼ਾਮ ਲਈ ਹਮੇਸ਼ਾ ਬੇਹੱਦ ਘਾਤਕ ਸਿੱਧ ਹੁੰਦਾ ਹੈ।

ਬੁਨਿਆਦੀ ਤੌਰ ਉੱਪਰ ਹਰੇਕ ਮਨੁੱਖ ਕਿਤੇ ਨਾ ਕਿਤੇ ਇਹ ਚਾਹੁੰਦਾ ਹੈ ਕਿ ਕੋਈ ਉਸ ਨੂੰ ਸੁਣੇ, ਕੋਈ ਉਸ ਨੂੰ ਸਮਝੇ ਅਤੇ ਕੋਈ ਉਸ ਦੇ ਸੁੱਖ-ਦੁੱਖ ਵਿਚ ਸ਼ਰੀਕ ਹੋਵੇ। ਹਰੇਕ ਮਨੁੱਖ ਇਹ ਵੀ ਚਾਹੁੰਦਾ ਹੈ ਕਿ ਕਾਸ਼! ਜ਼ਿੰਦਗੀ ਵਿਚ ਉਸ ਨੂੰ ਕਿਸੇ ਅਜਿਹੇ ਮਨੁੱਖ ਦਾ ਸਾਥ ਨਸੀਬ ਹੋਵੇ, ਜਿਸ ਦੇ ਸੰਗ ਉਹ ਬੇਤਕੁਲਫ ਹੋਕੇ ਵਿਚਰ ਸਕੇ। ਜਦੋਂ ਅਸੀਂ ਦੂਸਰਿਆਂ ਨਾਲ ਝਿਜਕਦੇ ਹੋਏ, ਸ਼ਰਮਾਉਂਦੇ ਹੋਏ ਜਾਂ ਕੁਝ ਦੂਰੀ ਬਣਾ ਕੇ ਵਿਚਰਦੇ ਹਾਂ ਤਾਂ ਸਾਨੂੰ ਬਹੁਤ ਸਾਰੇ ਮਖੌਟੇ ਪਹਿਨਣੇ ਪੈਂਦੇ ਹਨ। ਸਾਨੂੰ ਸਭ ਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਲੋਕਾਂ ਨਾਲ ਸਾਡੇ ਮਸਨੂਈ ਅਤੇ ਵਕ਼ਤੀ ਤੌਰ ਉੱਪਰ ਸੰਬੰਧ ਉਸ ਸਮੇਂ ਬਣਦੇ ਹਨ, ਜਦੋਂ ਅਸੀਂ ਉਹਨਾਂ ਨਾਲ ਖੋਖਲੇ ਜਿਹੇ ਜਜ਼ਬਾਤਾਂ ਸਹਿਤ ਕੇਵਲ ਸਤਹੀ ਪੱਧਰ ਉੱਪਰ ਵਿਚਰਦੇ ਹਾਂ। ਕੁਰਬਤ, ਰਫ਼ਾਕਤ ਅਤੇ ਜਜ਼ਬਾਤਾਂ ਦੇ ਰਿਸ਼ਤੇ ਕੇਵਲ ਉਸ ਸਮੇਂ ਹੀ ਹੋਂਦ ਵਿਚ ਆਉਂਦੇ ਹਨ, ਜਦੋਂ ਅਸੀਂ ਜ਼ਿਹਨੀ ਤੌਰ ਉੱਪਰ ਕਿਸੇ ਨਾਲ ਦਿਲ ਦੇ ਭੇਦ ਸਾਂਝੇ ਕਰਨ ਲਈ ਸਹਿਜ ਰੂਪ ਵਿਚ ਸੱਚੇ ਦਿਲੋਂ ਤਿਆਰ ਹੋਈਏ। ਬਿਨਾਂ ਕਿਸੇ ਡਰ, ਵਸਵਸੇ ਜਾਂ ਝਿਜਕ ਦੇ ਦੂਜਿਆਂ ਨਾਲ ਵਿਚਰਦੇ ਹੋਏ ਜਦੋਂ ਸਾਨੂੰ ਆਪਣੇ ਧੁਰ ਅੰਦਰੋਂ ਇਹ ਆਵਾਜ਼ ਆਏ ਕਿ ਸਾਹਮਣੇ ਵਾਲਾ ਬੇਗਾਨਾ ਜਾਂ ਪਰਾਇਆ ਨਹੀਂ, ਸਗੋਂ ਮੇਰਾ ਆਪਣਾ ਹੈ ਤਾਂ ਇਹ ਵੀ ਸੱਚ ਜਾਣਿਓ! ਉਸ ਸਮੇਂ ਤੁਹਾਡੇ ਵਲੋਂ ਕੀਤਾ ਗਿਆ ਕੈਥਾਰਸਿਸ ਤੁਹਾਨੂੰ ਮਾਨਸਿਕ ਤੌਰ ਉੱਪਰ ਭਾਰ ਮੁਕਤ ਕਰਨ ਦੇ ਨਾਲ-ਨਾਲ ਰਿਸ਼ਤਿਆਂ ਦੀ ਅਹਿਮੀਅਤ ਦਾ ਅਹਿਸਾਸ ਕਰਵਾਉਂਣ ਦੇ ਨਾਲ-ਨਾਲ ਮਨੁੱਖੀ ਰਿਸ਼ਤਿਆਂ ਦੇ ਨਿੱਘ ਨੂੰ ਮਾਨਣ ਦਾ ਸੁਨਹਿਰੀ ਅਵਸਰ ਪ੍ਰਦਾਨ ਕਰੇਗਾ।

# ਕਬੂਤਰੋਂ ਅੱਖਾਂ ਨਾ ਮੀਟੋ, ਸਾਮਰਾਜ ਨੇ ਸੱਪ ਛੱਡ ਦਿੱਤੇ ਹਨ



ਅਮਰ ਗਰਗ ਕਲਮਦਾਨ
98143-41746

ਇਸ ਨਿਬੰਧ ਦੀ ਸ਼ੁਰੂਆਤ ਇੱਥੋਂ ਹੀ ਹੋ ਸਕਦੀ ਹੈ, ਕਬੂਤਰ ਕੌਣ ਹਨ? ਸੱਪ ਕੌਣ ਹਨ? ਭਾਰਤੀ ਸੰਸਕ੍ਰਿਤੀ, ਸੱਭਿਆਚਾਰ ਨੂੰ ਪਿਆਰ ਕਰਨ ਵਾਲੇ, ਸਾਡੀਆਂ ਸਰਕਾਰਾਂ ਦੇ ਨੀਤੀ ਘਾੜੇ, ਭਾਰਤ ਦੀ ਧਰਤੀ ਉੱਪਰ ਜਨਮੇ ਧਰਮਾਂ ਦੇ ਪੈਰੋਕਾਰ ਅਤੇ ਕਲਮਕਾਰ ਜਿਹੜੇ ਲੋਕਾਂ ਨੂੰ ਨਿਗਰ ਸੇਧ ਦੇਣ ਦੀ ਸਹਿਤੀ ਭਰਦੇ ਹਨ, ਸਾਰੇ ਭੋਲੇ-ਭਾਲੇ ਕਬੂਤਰ ਹਨ।

ਹੁਣ ਆ ਜਾਵੋ, ਸੱਪ ਕੌਣ ਹਨ ? ਜੇ ਮੈਂ ਤੁਹਾਨੂੰ ਪੁੱਛਾਂ ਤਾਂ ਤੁਸੀਂ ਦੱਸਣ ਵਿੱਚ ਅਸਮਰੱਥ ਹੋਵੋਂਗੇ, ਕਿਉਂਕਿ ਤੁਸੀਂ ਕੇਵਲ ਵਰਤਮਾਨ ਬਾਰੇ ਸੋਚਦੇ ਹੋ, ਭਵਿੱਖ ਬਾਰੇ ਸੋਚਣਾ ਤੁਹਾਡੇ ਸੁਭਾਅ ਵਿੱਚ ਹੀ ਨਹੀਂ ਹੈ, ਤੁਸੀਂ ਬਹੁਤ ਛੇਤੀ ਸਿਆਸਤ ਵਿੱਚ ਫਸ ਜਾਂਦੇ ਹੋ, ਫੇਰ ਸਿਆਸਤ ਲਈ ਲੋੜੀਂਦਾ ਮਹੌਲ ਸਿਰਜਦੇ ਹੋ। ਸਿਆਸਤ ਤੋਂ ਪ੍ਰੇਰਿਤ ਹੋ ਕੇ ਤੁਸੀਂ ਮਨੀਪੁਰ ਦਾ ਰੌਲਾ ਪਾਉਂਦੇ ਹੋ, ਪਰ ਮਨੀਪੁਰ ਦੀ ਸਮੱਸਿਆ ਦੀ ਜੜ ਬਾਰੇ ਜਾਨਣ ਦੀ ਕੋਸ਼ਿਸ਼ ਨਹੀਂ ਕਰੋਂਗੇ, ਕਿਉਂਕਿ ਇਸ ਨਾਲ਼ ਉਹ ਸਿਆਸਤ ਖ਼ਤਮ ਹੁੰਦੀ ਹੈ, ਜਿਸ ਵਿੱਚ ਤੁਸੀਂ ਫਸ ਚੁੱਕੇ ਹੋ। ਜੇ ਤੁਸੀਂ ਇੰਜ ਹੀ ਅੱਖਾਂ ਮੀਟੀ ਰੱਖੋਂਗੇ, ਤਾਂ ਪੰਜਾਬ ਨੂੰ ਮਨੀਪੁਰ ਬਣਦੇ ਨੂੰ ਕੋਈ ਨਹੀਂ ਰੋਕ ਸਕੇਗਾ। ਨਹੀਂ ਹਾਲੇ ਵੀ ਤੁਹਾਨੂੰ ਸੱਪਾਂ ਦਾ ਅਹਿਸਾਸ ਨਹੀਂ ਹੋਇਆ ਹੋਵੇਗਾ। ਜਰਾ ਮਨੀਪੁਰ ਦੇ ਮਸਲੇ ਦੀ ਘੋਖ ਪੜਤਾਲ ਕਰੋ, ਫੇਰ ਤੁਹਾਨੂੰ ਆਪਣਾ ਪੰਜਾਬ ਵੀ ਡੱਸਿਆ ਹੋਇਆ ਮਹਿਸੂਸ ਹੋਵੇਗਾ। ਉਨ੍ਹਾਂ ਸੱਪਾਂ ਤੋਂ ਡਰ ਲੱਗੇਗਾ, ਜਿਹੜੇ ਪੰਜਾਬ ਨੂੰ ਡੱਸ ਰਹੇ ਹਨ ਅਤੇ ਇੱਕ ਦਿਨ ਮਨੀਪੁਰ ਬਣਾ ਦੇਣਗੇ।

ਆਓ ਮਨੀਪੁਰ ਦੇ ਮਸਲੇ ਨੂੰ ਸਮਝੀਏ : ਇਸ ਵੇਲੇ ਮਨੀਪੁਰ ਵਿੱਚ ਮੁੱਖ ਰੂਪ ਵਿੱਚ ਤਿੰਨ ਤਰਾਂ ਦੇ ਲੋਕ ਰਹਿੰਦੇ ਹਨ। ਪਹਿਲੇ ਸਥਾਨ ਉੱਪਰ ਮੈਤਈ ਆਉਂਦੇ ਹਨ, ਜਿਹੜੇ ਕੁੱਲ ਵਸੋਂ ਦੇ 60% ਦੇ ਲਗਭਗ ਹਨ, ਇਹ ਲੋਕ ਮਨੀਪੁਰ ਦੀ ਸੰਸਕ੍ਰਿਤੀ ਨਾਲ਼ ਜੁੜੇ ਹੋਏ ਹਨ ਅਤੇ ਜਿਆਦਾਤਰ ਹਿੰਦੂ ਧਰਮ ਨੂੰ ਮੰਨਣ ਵਾਲੇ ਹਨ। ਪਰ ਇਹ ਮਨੀਪੁਰ ਦੀ ਕੁੱਲ ਭੂਮੀ ਦੇ ਕੇਵਲ 10% ਭਾਗ ਘਾਟੀ ਵਿੱਚ ਰਹਿੰਦੇ ਹਨ। ਜਿਆਦਾਤਰ ਰੋਜ਼ਗਾਰ ਦੇ ਵਸੀਲੇ ਘਾਟੀ ਵਿੱਚ ਹੀ ਹਨ। ਕੁੱਲ ਭੂਮੀ ਦੇ 90% ਭਾਗ ਪਹਾੜੀ ਖੇਤਰ ਵਿੱਚ ਕੁਕੀ ਅਤੇ ਨਾਗਾ ਲੋਕ ਰਹਿੰਦੇ ਹਨ, ਜਿਨ੍ਹਾਂ ਦੀ ਵਸੋਂ 36% ਦੇ ਲਗਭਗ ਹੈ। 90% ਤੋਂ ਵੱਧ ਕੁਕੀ ਅਤੇ ਨਾਗਾ ਇਸਾਈ ਬਣ ਚੁੱਕੇ ਹਨ ਅਤੇ ਮਨੀਪੁਰੀ ਸੰਸਕ੍ਰਿਤੀ ਤੋਂ ਕੋਹਾਂ ਦੂਰ ਹੋ ਚੁੱਕੇ ਹਨ। ਇੱਥੋਂ ਹੀ ਮਨੀਪੁਰ ਦੇ ਮਸਲੇ ਦੀ ਜੜ ਲੱਗਦੀ ਹੈ। ਅਸਲ ਵਿੱਚ ਕੁੱਕੀ ਮਾਇਨਾਮਾਰ ਦੇ ਵਾਸੀ ਹਨ, ਜਦੋਂ ਪਹਾੜਾਂ ਵਿੱਚ ਇਸਾਈ ਕੁੱਕੀ ਅਤੇ ਨਾਗਿਆਂ ਦੀ ਗਿਣਤੀ ਵਧਣ ਲੱਗੀ ਤਾਂ ਹਿੰਦੂ ਮਤਈ ਪਹਾੜਾਂ ਨੂੰ ਛੱਡ ਕੇ ਘਾਟੀ ਵਿੱਚ ਇਕੱਠੇ ਹੁੰਦੇ ਗਏ। ਕੁੱਕੀ ਅਤੇ ਨਾਗਿਆਂ ਵਿੱਚ ਸੰਸਕ੍ਰਿਤਿਕ ਅਤੇ ਧਾਰਮਿਕ ਬਦਲਾਅ ਦਾ ਨਤੀਜਾ ਸਾਡੇ ਸਾਹਮਣੇ ਮੈਤਈ ਅਤੇ ਕੂਕੀ ਕਬੀਲਿਆਂ ਵਿੱਚ ਖ਼ੂਨੀ ਟਕਰਾਅ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ।



ਅੱਜ ਸਾਡੇ ਆਪਣੇ ਪੰਜਾਬ ਵਿੱਚ ਵੀ ਇਹੋ ਖੇਡ-ਖੇਡੀ ਜਾ ਰਹੀ ਹੈ। ਇਸਾਈ ਮਿਸ਼ਨਰੀ ਵੱਡੇ ਪੈਮਾਨੇ ਵਿੱਚ ਪੱਛੜੀਆਂ ਸ਼੍ਰੇਣੀਆਂ ਦੇ ਵਿਹੜਿਆਂ ਵਿੱਚ ਘੁਸ ਚੁੱਕੇ ਹਨ। ਉਹਨਾਂ ਦੀ ਅਵਿਗਿਆਨਿਕ, ਤਾਂਤ੍ਰਿਕ ਕਾਰਜ ਸ਼ੈਲੀ ਹੀ ਉਹਨਾਂ ਨੂੰ ਸਫ਼ਲਤਾ ਦਵਾ ਰਹੀ ਹੈ।

(ੳ) ਉਹਨਾ ਦੀ ਗਤੀਵਿਧੀ ਦਾ ਕੇਂਦਰ ਪੱਛੜੀਆਂ ਸ਼੍ਰੇਣੀਆਂ ਦੇ ਵਿਹੜੇ ਵਿੱਚ ਨਵਾਂ ਬਣਿਆ ਚਰਚ ਹੁੰਦਾ ਹੈ।

(ਅ) ਉਹਨਾ ਦੀ ਮੁੱਢਲੀ ਟੇਕ ਔਰਤਾਂ ਉੱਪਰ ਹੁੰਦੀ ਹੈ।

(ੲ) ਐਤਵਾਰ ਦਾ ਦਿਨ ਹੋਣ ਕਾਰਨ ਔਰਤਾਂ ਨੂੰ ਬੱਚਿਆਂ ਦੀ ਚਿੰਤਾਂ ਨਹੀਂ ਹੁੰਦੀ, ਇਸ ਲਈ ਉਹ ਬੱਚਿਆਂ ਨੂੰ ਵੀ ਆਪਣੇ ਨਾਲ਼ ਲੈ ਜਾਂਦੀਆਂ ਹਨ।

(ਸ) ਪਾਸਟਰ, ਇੱਕ ਨਿਰਾਕਾਰ ਈਸ਼ਵਰ ਨੂੰ ਕੇਂਦਰ ਵਿੱਚ ਰੱਖ ਕੇ ਬਹੁਤ ਹੀ ਸਧਾਰਨ ਗੱਲਾਂ ਕਰਦਾ ਹੈ, ਕੋਈ ਗੁੰਝਲਦਾਰ ਧਾਰਮਿਕ ਪਰਪੰਚ ਨਹੀਂ ਹੁੰਦਾ।

(ਹ) ਔਰਤਾਂ ਦੀ ਮਾਨਸਿਕ ਕਮਜ਼ੋਰੀ ਨੂੰ ਦੇਖਦੇ ਹੋਏ, ਉਹ ਔਰਤਾਂ ਨੂੰ ਭੂਤਾਂ-ਪਰੇਤਾਂ ਦੇ ਚੱਕਰ ਚ ਫਸਾਉਂਦਾ ਹੈ। ਪਾਸਟਰ ਆਪਣੀਆਂ ਕੁਝ ਸਿੱਖਿਅਤ ਔਰਤਾਂ ਦੇ ਸਿਰ ਤੇ ਹੱਥ ਰੱਖਦਾ ਹੈ, ਉਹ ਧਰਤੀ ਤੇ ਲਿਟਨ ਲੱਗ ਜਾਂਦੀਆਂ ਹਨ, ਉਨ੍ਹਾਂ ਦੀ ਦੇਖੋ-ਦੇਖੀ ਦੂਸਰੀਆਂ ਨਵੀਂਆਂ ਔਰਤਾਂ ਵੀ ਇਸੇ ਤਰਾਂ ਕਰਦੀਆਂ ਹਨ। ਇਸ ਤਰਾਂ ਨਾਲ਼ ਔਰਤਾਂ ਉਹਨਾਂ ਦੇ ਮਤ ਪਿੱਛੇ ਪੱਕ ਜਾਂਦੀਆਂ ਹਨ।

(ਕ) ਚਰਚ ਵਿੱਚ ਦੁਪਹਿਰ ਵੇਲੇ ਲੰਚ ਅਤੇ ਸਵੀਟ ਡਿਸ਼ ਦਾ ਪ੍ਰਬੰਧ ਹੁੰਦਾ ਹੈ।

ਹੁਣ ਸੋਚਣ ਵਾਲੀ ਗੱਲ ਹੈ ਸਾਡੀਆਂ ਪੱਛੜੀਆਂ ਸ਼੍ਰੇਣੀਆਂ ਹੀ ਕਿਉਂ ਉਨ੍ਹਾਂ ਵੱਲ ਖਿੱਚੀਆਂ ਜਾਂਦੀਆਂ ਹਨ। ਇਸਦੇ ਕੁਝ ਮੋਟੇ ਕਾਰਨ ਇਹ ਹੋ ਸਕਦੇ ਹਨ:-

(ੳ) ਪੱਛੜੀਆਂ ਸ਼੍ਰੇਣੀਆਂ ਦੀ ਵੱਡੀ ਗਿਣਤੀ ਆਰਥਿਕ ਤੌਰ ਤੇ, ਧਰਤੀ ਦੇ ਟੁਕੜੇ ਤੋਂ, ਵਪਾਰ ਤੋਂ, ਸਰਕਾਰੀ ਨੌਕਰੀ ਤੋਂ ਸਦੀਆਂ ਤੋਂ ਵਾਂਝੀਆਂ ਹਨ। ਨਤੀਜਾ ਇਸ ਧਰਤੀ ਦੀ ਸੰਸਕ੍ਰਿਤੀ ਨਾਲ਼ ਉਹਨਾ ਦਾ ਅਟੁੱਟ ਰਿਸ਼ਤਾ ਨਾ ਬਣ ਸਕਿਆ।

(ਅ) ਪੱਛੜੀਆਂ ਸ਼੍ਰੇਣੀਆਂ ਵਿੱਚ ਇਸਾਈ ਬਣਨ ਦਾ ਰੁਝਾਨ ਨਾ ਕੇਵਲ ਪੰਜਾਬ ਵਿੱਚ ਸਗੋਂ ਸਾਰੇ ਭਾਰਤ ਵਿੱਚ ਚੱਲ ਰਿਹਾ ਹੈ। ਇਸਾਈ ਬਣਾਉਣ ਦਾ ਇਹ ਸਿਲਸਿਲਾ, ਬਾਹਰਲੀਆਂ ਏਜੰਸੀਆਂ ਦੁਆਰਾ ਸੰਚਾਲਿਤ ਕੀਤਾ ਜਾ ਰਿਹਾ ਹੈ।

(ੲ) ਇੱਕ ਨਿਰਾਕਾਰ ਈਸ਼ਵਰ ਦਾ ਵਿਚਾਰ ਝੂਠ ਤਾਂ ਹੈ ਹੀ, ਨਾਲ ਹੀ ਇਹ ਦੇਸ਼ ਦੀ ਏਕਤਾ-ਅਖੰਡਤਾ ਲਈ ਸਭ ਤੋਂ ਵੱਧ ਖ਼ਤਰਨਾਕ ਵੀ ਹੈ। ਅਸੀਂ ਅਤੀਤ ਵਿੱਚ ਦੇਖ ਚੁੱਕੇ ਹਾਂ ਮੁਸਲਿਮ ਹਮਲਾਵਰ ਨਾਲ਼ ਆਏ ਮੁਸਲਿਮ ਸੰਤਾਂ ਨੇ ਇੱਕ ਨਿਰਾਕਾਰ ਈਸ਼ਵਰ ਦੇ ਵਿਚਾਰ ਨੂੰ ਲੈ ਕੇ ਭਾਰਤ ਵਿੱਚ ਵੱਡੇ ਪੱਧਰ ਤੇ ਪੱਛੜੀਆਂ ਸ਼੍ਰੇਣੀਆਂ ਦੀ ਧਰਮ ਤਬਦੀਲੀ ਕੀਤੀ, ਜਿਸ ਕਾਰਨ ਭਾਰਤ ਦੇਸ਼ ਨੂੰ ਆਪਣੇ ਅਨੇਕਾਂ ਟੋਟੇ ਸਹਿਣੇ ਪਏ। ਜਦੋਂ ਕਿ ਭਾਰਤੀ ਸੰਸਕ੍ਰਿਤੀ ਅਤੇ ਪੂਜਾ ਪੱਦਤੀ ਵਿੱਚ ਨਿਰਾਕਾਰ ਈਸ਼ਵਰ ਲਈ ਕੋਈ ਥਾਂ ਨਹੀਂ ਹੈ, ਇੱਥੇ ਕੇਵਲ ਪ੍ਰਕ੍ਰਿਤੀ ਦੇ ਤੱਤਾਂ ਜਾਂ ਭਾਰਤ ਵਿੱਚ ਹੋਏ ਮਹਾਨ ਪੁਰਸ਼ਾਂ ਅਤੇ ਦੇਵੀਆਂ ਦੀ ਪੂਜਾ ਕੀਤੀ ਜਾਂਦੀ ਹੈ। ਸੰਸਕ੍ਰਿਤ ਭਾਸ਼ਾ ਦੀ ਜਟਿਲਤਾ ਦੇ ਕਾਰਨ ਭਾਰਤੀ ਸੰਸਕ੍ਰਿਤੀ ਅਤੇ ਫਿਲਾਸਫੀ ਪੱਛੜੀਆਂ ਸ਼੍ਰੇਣੀਆਂ ਤੱਕ ਨਹੀਂ ਪਹੁੰਚੀ, ਨਾਂ ਹੀ ਮੰਦਰਾਂ ਵਿੱਚ ਬੈਠਾ ਪੁਜਾਰੀ ਵਰਗ ਸਰਲ ਭਾਸ਼ਾ ਰਾਹੀਂ ਭਾਰਤੀ ਸੰਸਕ੍ਰਿਤੀ ਦੇ ਕੇਂਦਰੀ ਬਿੰਦੂ ਨੂੰ ਜਨ ਸਧਾਰਨ ਤੱਕ ਪਹੁੰਚਾਉਣ ਦੀ ਕੋਸ਼ਿਸ਼ ਕਰਦਾ ਹੈ। ਇਸਾਈ ਮਿਸ਼ਨਰੀ ਇੱਕ ਨਿਰਾਕਾਰ ਈਸ਼ਵਰ ਦਾ ਵਿਚਾਰ ਲੈ ਕੇ ਪੱਛੜੀਆਂ ਸ਼੍ਰੇਣੀਆਂ ਵਿੱਚ ਜਾਂਦੇ ਹਨ, ਆਪਣਾ ਲਿਟਰੇਚਰ ਵੰਡਦੇ ਹਨ ਅਤੇ ਪੱਛੜੀਆਂ ਸ਼੍ਰੇਣੀਆਂ ਖਾਸ ਕਰਕੇ ਔਰਤਾਂ ਨੂੰ ਭਰਮਾਉਣ ਵਿੱਚ ਕਾਮਯਾਬ ਹੋ ਜਾਂਦੇ ਹਨ।

(ਸ) ਭਾਰਤ ਵਿੱਚ ਪੱਛੜੀਆਂ ਸ਼੍ਰੇਣੀਆਂ, ਪ੍ਰਾਚੀਨ ਕਾਲ ਤੋਂ ਸ਼ੈਵ ਅਤੇ ਸ਼ਕਤੀ ਮਤ ਨਾਲ਼ ਜੁੜੀਆਂ ਹਨ। ਵੈਸ਼, ਸ਼ੈਵ ਅਤੇ ਸ਼ਕਤੀ ਮਤ ਦੇ ਇੱਕ ਹੋਣ ਨਾਲ਼ ਜਿੱਥੇ ਵਿਸ਼ਾਲ ਹਿੰਦੂ ਧਰਮ ਹੋਂਦ ਵਿੱਚ ਆਇਆ ਹੈ, ਉੱਥੇ ਹੀ ਪੱਛੜੀਆਂ ਸ਼੍ਰੇਣੀਆਂ ਨੂੰ ਆਪਣੀ ਧਾਰਮਿਕ ਪਹਿਚਾਣ ਗੁੰਮ ਹੋਈ ਲੱਗਦੀ ਹੈ ਅਤੇ ਉਹ ਆਪਣੀ ਕੋਈ ਧਾਰਮਿਕ ਪਹਿਚਾਣ ਬਣਾਉਣ ਲਈ ਇਸਾਈ ਮਿਸ਼ਨਰੀਆਂ ਜਾਂ ਹੋਰ ਬਾਬਿਆਂ ਦੇ ਭਰਮ ਜਾਲ ਵਿੱਚ ਫਸ ਜਾਂਦੀਆਂ ਹਨ।

(ਬਾਕੀ ਅਗਲੇ ਸਫੇ 'ਤੇ)

# ਬੱਚਿਆਂ ਵਿੱਚ ਮੋਬਾਈਲ ਦੀ ਵਰਤੋਂ ਅਤੇ ਰਹਿਣ-ਸਹਿਣ ਦੀ ਤਬਦੀਲੀ ਮਾਪਿਆਂ ਲਈ ਚਿੰਤਾ ਦਾ ਵਿਸ਼ਾ



ਡਾ. ਸੰਦੀਪ ਘੰਡ
94782-31000

ਲਾਈਫ ਕੋਚ (ਜੀਵਨ ਜਾਚ) ਆਪਣੇ ਮਸ਼ਵਰਾ (ਕਾਊਸਲਿੰਗ) ਸੈਸ਼ਨ ਵਿੱਚ ਮਾਪਿਆਂ ਨੂੰ ਬੱਚਿਆਂ ਦੀਆਂ ਭਾਵਨਾਵਾਂ ਨੂੰ ਕਿਵੇ ਕਾਬੂ ਵਿੱਚ ਰੱਖਣਾ ਸਮੇਂ ਦਾ ਹਾਣੀ ਬਣਾਉਣ ਹਿੱਤ ਉਹਨਾਂ ਦੇ ਨਿੱਜ ਵਿਕਾਸ ਅਤੇ ਕੈਰੀਅਰ ਬਾਰੇ ਸਹੀ ਅਗਵਾਈ ਦਿੰਦਾ। ਅਸਲ ਵਿੱਚ ਜੋ ਭੂਮਿਕਾ ਕੁਝ ਸਮਾਂ ਪਹਿਲਾਂ ਕਾਊਸਲਰ, ਕੈਰੀਅਰ ਕਾਊਸਲਰ ਅਤੇ ਮਾਨਿਸਕ ਬੀਮਾਰੀਆਂ ਦੇ ਜਾਣਕਾਰ ਨਿਭਾਉਦੇ ਸਨ ਉਹ ਅੱਜ ਦੇ ਸਮੇਂ ਲਾਈਫ ਕੋਚ ਇਹ ਸਾਰੀਆ ਗੱਲਾਂ ਬਾਰੇ ਹੀ ਮਾਪਿਆਂ ਅਤੇ ਬੱਚਿਆਂ ਨੂੰ ਸਲਾਹ ਮਹੁੱਈਆ ਕਰਵਾਉਦਾਂ ਹੈ। ਪ੍ਰੀਵਾਰਾਂ ਨੂੰ ਕਿਵੇ ਮਜਬੂਤ ਰੱਖਿਆ ਜਾ ਸਕਦਾ ਅਤੇ ਬੱਚਿਆਂ ਨੂੰ ਉਹਨਾਂ ਦੀ ਪਹਿਲ ਬਾਰੇ ਜਾਣੂ ਕਰਵਾਉਣਾ ਵੀ ਲਾਈਫ ਕੋਚ ਦੇ ਕਾਰਜ ਖੇਤਰ ਦਾ ਹਿੱਸਾ ਹੈ।

ਮਾਂ-ਬਾਪ ਦਾ ਫਰਜ ਕੇਵਲ ਬੱਚੇ ਦੀ ਹਰ ਜਰੂਰਤ ਪੂਰੀ ਕਰਨਾ ਹੀ ਨਹੀ ਸਗੋਂ ਬੱਚ/ਬੱਚਿਆਂ ਅੰਦਰ ਨਵੀ ਤਕਨੀਕ ਦਾ ਵਿਕਾਸ, ਜੀਵਨ ਜਾਚ ਅਤੇ ਕਿਵੇ ਖੁਸ਼ ਅਤੇ ਸ਼ਾਤ ਰਹਿੰਦੇ ਹੋਏ ਜੀਵਨ ਜਿਉਣਾ ਹੈ। ਇਸ ਤੋਂ ਇਲਾਵਾ ਬੱਚਿਆਂ ਦਾ ਚੰਗਾਂ ਵਿਵਹਾਰ,ਚੰਗੀਆਂ ਆਦਤਾਂ ਅਤੇ ਅੁਨਸਾਸ਼ਨ ਵਿੱਚ ਰਹਿਣ ਦੀ ਜਿੰਮੇਵਾਰੀ ਵੀ ਨਿਭਾਉਣੀ ਮਾਂ-ਬਾਪ ਦਾ ਫਰਜ ਹੈ। ਮਾਂ-ਬਾਪ ਦਾ ਫਰਜ ਬਣਦਾ ਕਿ ਕਿਵੇਂ ਬੱਚੇ ਨੂੰ ਇਹ ਸਿਖਾਉਣਾ ਹੈ ਕਿ ਕਿਵੇਂ ਉਸ ਨੇ ਸਮਾਜ ਵਿੱਚ ਰਹਿੰਦੇ ਹੋਏ ਆਪਣੇ ਬਜੁਰਗਾਂ, ਆਪਣੇ ਭੈਣ-ਭਰਾ ਅਤੇ ਦੋਸਤਾਂ ਮਿੱਤਰਾਂ ਨਾਲ ਰਹਿਣਾ। ਕਿਸ ਤਾਰੀਕੇ ਨਾਲ ਉਸ ਨੇ ਆਪਣੇ ਵੱਡਿਆਂ ਦਾ ਸਤਿਕਾਰ ਕਰਨਾ ਅਤੇ ਉਹਨਾਂ ਨਾਲ ਕਿਵੇਂ ਗੱਲਬਾਤ ਕਰਨੀ ਹੈ। ਪਹਿਲਾਂ ਜਦੋਂ ਅਸੀ ਸਯੁੰਕਤ ਪ੍ਰੀਵਾਰਾਂ ਵਿੱਚ ਰਹਿੰਦੇ ਸੀ ਤਾਂ ਸਾਡੇ ਵੱਡੇ ਸਾਨੂੰ ਇਹਨਾਂ ਗੱਲਾਂ ਬਾਰੇ ਦੱਸਦੇ ਰਹਿੰਦੇ ਸਨ। ਦਾਦੀ ਮਾਂ ਦੀਆਂ ਕਹਾਣੀਆਂ ਵੀ ਉਸ ਦਾ ਇੱਕ ਹਿੱਸਾ ਸੀ। ਸੱਥ ਵਿੱਚ ਬੇਠੈ ਬਜੁਰਗਾਂ ਅਤੇ ਨੋਜਵਾਨਾਂ ਦੀ ਗੱਲਬਾਤ ਅਤੇ ਮਸਤੀ ਵੀ ਇਸੇ ਦਾ ਇੱਕ ਅੰਗ ਸੀ। ਪਰ ਹੁਣ ਇਹ ਗੱਲਾਂ ਵਿਸ਼ੇਸ ਸਿਖਲਾਈ ਨਾਲ ਹੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ।

ਜਿਵੇਂ ਅਸੀਂ ਦੇਖਦੇ ਹਾਂ ਕਿ 1980-1990 ਦੇ ਦਾਹਕੇ ਵਿੱਚ ਜਦੋਂ ਕਿਸੇ ਅਧਿਕਾਰੀ ਜਾਂ ਕਰਮਚਾਰੀ ਦੀ ਭਰਤੀ ਕੀਤੀ ਜਾਦੀ ਸੀ ਤਾਂ ਉਸ ਨੂੰ ਕੋਈ ਖਾਸ ਸਿਖਲਾਈ ਨਹੀ ਦਿੱਤੀ ਜਾਂਦੀ ਸੀ ਜੇਕਰ ਕੋਈ ਸਿਖਲਾਈ ਦਿੱਤੀ ਜਾਦੀ ਵੀ ਸੀ ਉਹ ਵੀ ਕੇਵਲ ਅਧਿਕਾਰੀ ਪੱਧਰ ਤੇ ਪਰ ਹੁਣ ਅਸੀ ਦੇਖਦੇਂ ਹਾਂ ਕਿ ਕਿਸੇ ਵੀ ਸਰਕਾਰੀ ਵਿਭਾਗ ਜਾਂ ਪ੍ਰਾਈਵੇਟ ਵਿਭਾਗ ਜਾਂ ਕੰਪਨੀ ਕਿਸੇ ਵੀ ਵਿਅਕਤੀ ਨੂੰ ਰੱਖਦੀ ਹੈ ਤਾਂ ਉਸ ਨੂੰ ਵਿਸ਼ੇਸ ਸਿਖਲਾਈ ਜਿਸ ਵਿੱਚ ਆਤਮ ਵਿਸ਼ਵਾਸ, ਇਮਾਨਦਾਰੀ ਨਾਲ ਕਿਵੇਂ ਕੰਮ ਕਰਨਾ ਲੀਡਰਸ਼ਿਪ ਕੁਆਲਟੀ ਆਦਿ ਬਾਰੇ ਸਿਖਲਾਈ ਦਿੱਤੀ ਜਾਦੀ ਹੈ ਅਤੇ ਇਸ ਤੋਂ ਇਲਾਵਾ ਸਾਲ ਜਾਂ ਦੋ ਸਾਲ ਬਾਅਦ ਕੋਈ ਨਾ ਕੋਈ ਫਰੈਸ਼ਰ ਕੋਰਸ ਵੀ ਕਰਵਾਇਆ ਜਾਦਾ ਹੈ। ਕਿਉਕਿ ਅਸੀ ਜਾਣਦੇ ਹਾਂ ਕਿ ਲੋਕਾਂ ਦੇ ਰਹਿਣ ਸਹਿਣ ਅਤੇ ਸਮੇਂ ਅੁਨਸਾਰ ਬੜੀ ਤੇਜੀ ਨਾਲ ਤਬਦੀਲੀ ਆ ਰਹੀ ਹੈ। ਇਸ ਲਈ ਸਰਕਾਰ ਚਾਹੁੰਦੀ ਹੈ ਕਿ ਨਵੀ ਤਬਦੀਲੀ ਅੁਨਸਾਰ ਅਧਿਕਾਰੀ/ਕਰਮਚਾਰੀ ਲੋਕਾਂ ਦੇ ਕੰਮ ਕਰਨ ਤਾਂ ਜੋ ਆਮ ਜਨਤਾ ਨੂੰ ਕਿਸੇ ਕਿਸਮ ਦੀ ਤਕਲੀਫ ਨਾ ਹੋਵੇ।

ਸੀਮਤ ਅਤੇ ਛੋਟੇ ਹੋ ਰਹੇ ਪ੍ਰੀਵਾਰਾਂ ਵਿੱਚ ਇਕ ਤਬਦੀਲੀ ਜੋ ਬਹੁਤ ਵੱਡੇ ਪੱਧਰ ਤੇ ਆਈ ਹੈ ਉਹ ਹੈ ਸਾਡੀ ਸੋਚ। ਪਹਿਲਾਂ ਸਾਡੇ ਬੱਚੇ ਜਾਂ ਅਸੀ ਸ਼ਯੁਕੰਤ ਪ੍ਰੀਵਾਰਾਂ ਵਿੱਚ ਰਹਿੰਦੇ ਸੀ ਮਾਂ-ਬਾਪ ਕੋਈ ਜਿਆਦਾ ਪੱੜੇ ਲਿਖੇ ਨਹੀ ਸਨ ਅਤੇ ਬੱਚੇ ਆਪ ਖੁਦ ਜਾਂ ਆਪਣੇ ਅਧਿਆਪਕਾਂ ਜਾਂ ਜੋ ਦੋਸਤ ਮਿੱਤਰ ਕਹਿੰਦੇ ਸਨ ਉਹ ਕਰ ਲੈਂਦੇ ਸਨ। ਸਿੱਖਿਆ ਵਿੱਚ ਵੀ ਕੋਈ ਜਿਆਦਾ ਖੇਤਰ ਨਹੀ ਸਨ। ਪਰ ਅੱਜ ਸਮੇਂ ਨਾਲ ਬਹੁਤ ਵੱਡੀ ਤਬਦੀਲੀ ਆਈ ਹੈ ਸਮੁੱਚਾ ਵਿਸ਼ਵ ਇੱਕ ਹੋ ਗਿਆ ਹੈ। ਬੱਚੇ ਲਈ ਸਿੱਖਿਆ ਦੇ ਕਈ ਖੇਤਰ ਖੁੱਲੇ ਹਨ ਤਾਂ ਉਹਨਾਂ ਲਈ ਚਣੋਤੀਆਂ ਵਿੱਚ ਵੀ ਬਹੁਤ ਵਾਧਾ ਹੋਇਆ। ਇਸ ਲਈ ਬਦਲ ਰਹੇ ਲਾਈਫ ਸਟਾਈਲ ਭਾਵ ਜੀਵਨ ਜਾਚ ਲਈ ਵਿਸ਼ੇਸ ਤਰਾਂ ਦੀ ਸਿਖਲਾਈ ਦੀ ਜਰੂਰਤ ਹੈ। ਜਿਸ ਮਾਨਿਸਕ ਤਣਾਅ ਜਾਂ ਦਿਮਾਗੀ ਬੋਝ ਨੂੰ ਪਾਗਲਾਂ ਨਾਲ ਤੁਲਨਾ ਕੀਤੀ ਜਾਂਦੀ ਸੀ ਉਹ ਅੱਜਕਲ ਆਮ ਹੋ ਗਿਆ ਜਿਸ ਕਾਰਣ ਕਿਵੇ ਬਦਲੇ ਹਲਾਤਾਂ ਵਿੱਚ ਮਾਂ-ਬਾਪ ਨੇ ਆਪਣੀ ਜਿੰਮੇਵਾਰੀ ਨਿਭਾਉਣੀ ਅਤੇ ਬੱਚੇ ਨੂੰ ਇਸ ਚਣੋਤੀ ਭਰਪੂਰ ਸਮੇਂ ਵਿੱਚ ਰਹਿੰਦੇ ਹੋਏ ਆਪਣੇ ਨਿਸ਼ਾਨੇ ਦੀ ਪੂਰਤੀ ਕਰਨੀ ਬਾਰੇ ਜਾਣਕਾਰੀ ਦੀ ਅਹਿਮ ਜਰੂਰਤ ਹੈ।

ਬੱਚਿਆਂ ਵੱਲੋਂ ਰੋਜਾਨਾਂ ਕੀਤੀਆਂ ਜਾ ਰਹੀ ਮੰਗਾਂ ਕਾਰਣ ਮਾਪੇ ਸਾਰਾ ਦਿਨ ਖਿੱਚੇ ਖਿੱਚੇ ਮਹਿਸੂਸ ਕਰਦੇ ਹਨ। ਜਿਥੇ ਉਹ ਆਪ ਵੀ ਮਾਨਸਿਕ ਤਣਾਅ ਵਿੱਚੋਂ ਲੰਘ ਰਹੇ ਹਨ ਉਥੇ ਬੱਚੇ ਵੀ ਆਪਣੀ ਸਮੱਸਿਆ ਕਿਸ ਨਾਲ ਸਾਝੀ ਕਰਨ ਇਸ ਬਾਰੇ ਦੁਚਿੱਤੀ ਵਿੱਚ ਹਨ। ਸਾਡੇ ਰਹਿਣ ਸਹਿਣ ਦੀ ਤਬਦੀਲੀ ਅਤੇ ਛੋਟੇ ਹੋ ਰਹੇ ਪ੍ਰੀਵਾਰਾਂ ਕਾਰਨ ਮਾਪੇ ਤੇ ਬੱਚੇ ਅਲੱਗ-ਥਲੱਗ ਹੋਏ ਮਹਿਸੂਸ ਕਰ ਰਹੇ ਹਨ ਜਿਸ ਕਾਰਣ ਉਹਨਾਂ ਦੇ ਆਪਸੀ ਸਬੰਧਾਂ ਵਿੱਚ ਵੀ ਤਰੇੜ ਆ ਰਹੀ ਹੈ। ਕਈ ਵਾਰ ਤਾਂ ਅਸੀ ਵੱਡਿਆਂ ਦੀ ਸਲਾਹ ਜਾਂ ਆਪਸੀ ਗੱਲਬਾਤ ਨਾਲ ਠੀਕ ਹੋਇਆ ਮਹਿਸੂਸ ਕਰਦੇ ਹਾਂ ਪਰ ਫੇਰ ਦੁਬਾਰਾ ਅਸੀ ਇੱਕ ਦੁਜੇ ਨੂੰ ਕੋਸਣ ਲੱਗਦੇ ਹਾਂ। ਮਾਪਿਆਂ ਨੂੰ ਹਮੇਸ਼ਾ ਇਹ ਸ਼ਿਕਾਇਤ ਰਹਿੰਦੀ ਕਿ ਸਾਡਾ ਬੱਚਾ ਸੰਜੀਦਾ ਹੋਕੇ ਕੰਮ ਨਹੀ ਕਰ ਰਿਹਾ, ਪੜਾਈ ਵੱਲ ਧਿਆਨ ਨਹੀ ਦੇ ਰਿਹਾ ਅਤੇ ਸਾਰਾ ਦਿਨ ਮੋਬਾਈਲ/ਲੈਪਟਾਪ/ਟੀਵੀ ਤੇ ਬੈਠਾ ਰਹਿੰਦਾ ਹੈ ਅਤੇ ਜੇਕਰ ਉਸ ਨੂੰ ਕਿਸੇ ਗੱਲ ਤੋਂ ਰੋਕਿਆ ਜਾਦਾਂ ਤਾਂ ਉਹ ਜਲਦੀ ਗੁੱਸੇ ਵਿੱਚ ਆ ਜਾਦਾਂ।

ਸਯੁਕੰਤ ਪ੍ਰੀਵਾਰਾਂ ਵਿੱਚ ਰੋਕਣ ਅਤੇ ਦੇਖਣ ਵਾਲੇ ਬਹੁਤ ਸਨ ਪਰ ਹੁਣ ਰੋਕਣ ਵਾਲੇ ਦੀ ਘਾਟ ਵੀ ਹਮੇਸ਼ਾ ਰੜ੍ਹਕਦੀ ਰਹਿੰਦੀ। ਪਹਿਲਾਂ ਜੇਕਰ ਮਾਪੇ ਬੱਚੇ ਨੂੰ ਕੁਝ ਕਹਿੰਦੇ ਅਤੇ ਬੱਚਾ ਗੁੱਸੇ ਵਿੱਚ ਆਉਦਾਂ ਤਾਂ ਦਾਦਾ-ਦਾਦੀ, ਚਾਚਾ-ਚਾਚੀ ਜਾਂ ਘਰ ਦੇ ਹੋਰ ਮੈਬਰ ਬੱਚੇ ਨੂੰ ਪਿਆਰ ਨਾਲ ਸਮਝਾ ਲੈਂਦੇ ਸਨ। ਪਰ ਅੱਜ ਮਾਪਿਆਂ ਨੂੰ ਹਮੇਸ਼ਾ ਇਹ ਰਹਿੰਦਾ ਕਿ ਕਿੱਤੇ ਗੁੱਸੇ ਵਿੱਚ ਆ ਕੇ ਬੱਚਾ ਕੁਝ ਕਰ ਨਾ ਲਵੇ ਬੱਚਾ ਖੁਦ ਵੀ ਤਣਾਅ ਵਿੱਚ ਆ ਜਾਦਾਂ ਅਤੇ ਮਾਪਿਆਂ ਨੂੰ ਵੀ ਤਣਾਅ ਵਿੱਚ ਲੇ ਜਾਂਦਾ ਜਿਸ ਨਾਲ ਬੱਚੇ ਵਿੱਚ ਚਿੜਚੜਾਪਣ ਅਤੇ ਜਿੱਦੀਪੁੱਣਾ ਆ ਜਾਦਾਂ। ਇਸ ਲਈ ਸਮੇਂ ਅੁਨਸਾਰ ਆਈ ਤਬਦੀਲੀ ਅੁਨਸਾਰ ਮਾਪਿਆਂ ਨੂੰ ਕਿਸੇ ਪੇਸ਼ਾਵਰ ਕੋਚ/ਵਿਅਕਤੀ ਦੀ ਸਲਾਹ ਲੈਣੀ ਚਾਹੀਦੀ। ਇਹ ਜਰੂਰੀ ਨਹੀ ਕਿ ਜਦੋਂ ਕੋਈ ਹਲਾਤ ਅਜਿਹੇ ਬਣਨ ਤਾਂ ਫੇਰ ਹੀ ਸਲਾਹ ਲੈਣੀ ਹੈ ਸਗੋਂ ਜਿਵੇਂ ਜਿਵੇ ਬੱਚੇ ਦਾ ਵਿਕਾਸ ਹੁੰਦਾ ਉਵੇਂ ਉਵੇਂ ਹੀ ਬੱਚੇ ਨੂੰ ਲਾਈਫ ਕੋਚ ਕੋਲ ਲੇਕੇ ਜਾਣਾ ਚਾਹੀਦਾ ਹੈ।

ਇਹ ਪਹਿਲ ਵੀ ਮਾਂਪਿਆਂ ਦੀ ਹੀ ਬਣਦੀ ਕਿ ਉਹ ਬੱਚੇ ਨੂੰ ਚਣੋਤੀਆਂ ਦਾ ਸਾਹਮਣਾ ਕਰਨ ਦੇ ਕਾਬਲ ਬਣਾਉਣ। ਮਾਂ-ਬਾਪ ਅਤੇ ਬੱਚਿਆਂ ਨੂੰ ਇਹ ਗੱਲ ਸਪੱਸ਼ਟ ਹੋ ਜਾਣੀ ਚਾਹੀਦੀ ਹੈ ਕਿ ਜੇਕਰ ਤੁਸੀ ਕਿਸੇ ਲਾਈਫ ਕੋਚ ਦੀਆਂ ਸੇਵਾਵਾਂ ਲੈਦੇ ਹੋ ਤਾਂ ਇਸ ਦਾ ਮਤਲਬ ਇਹ ਨਹੀ ਲੈਣਾ ਚਾਹੀਦਾ ਕਿ ਬੱਚਾ ਵਿਗੜ ਗਿਆ ਹੈ ਜਾਂ ਮਾਂ-ਬਾਪ ਆਪਣੀ ਜਿੰਮੇਵਾਰੀ ਨਿਭਾ ਨਹੀ ਸਕੇ। ਇਸ ਨੂੰ ਵੀ ਬੱਚੇ ਦੀ ਪੜਾਈ, ਰਹਿਣ-ਸਹਿਣ ਅਤੇ ਖਾਣਪੀਣ ਦਾ ਹਿੱਸਾ ਹੀ ਸਮਝਣਾ ਚਾਹੀਦਾ ਹੈ। ਬੱਚਿਆਂ ਵਿੱਚ ਆਈ ਇਸ ਤਬਦੀਲੀ ਦੇ ਕੁਝ ਨੁਕਤੇ ਜਿਸ ਅੁਨਸਾਰ ਅਸੀ ਕਹਿ ਸਕਦੇ ਹਾਂ ਕਿ ਲਈਫ ਕੋਚ ਦੀ ਜਰੂਰਤ ਹੈ।

1. ਬੱਚਿਆਂ ਦਾ ਮਾਂ-ਬਾਪ ਦੀ ਗੱਲ ਨਾ ਮੰਨਣਾ।
2. ਮਾਂ-ਬਾਪ ਵਿੱਚ ਇਹ ਵਿਸ਼ਵਾਸ ਨਹੀ ਜਾਂ ਉਹਨਾਂ ਨੂੰ ਜਾਣਕਾਰੀ ਨਹੀਂ ਕਿ ਬੱਚੇ ਨਾਲ ਕਿਸ਼ੋਰ ਅਵਸਥਾ, ਜਵਾਨੀ ਵਿੱਚ ਕਿਵੇਂ ਗੱਲਬਾਤ ਕੀਤੀ ਜਾਵੇ।
3. ਤਹਾਨੂੰ ਬੱਚੇ ਦੀ ਰੁਟੀਨ ਵਿੱਚ ਫਰਕ ਦਿਸਦਾ ਹੈ।
4. ਕਈ ਵਾਰ ਬੱਚੇ ਦੇ ਮਾਂ-ਬਾਪ ਦੋਨਾਂ ਵਿੱਚ ਹੁੰਦਾ ਹੈ ਕਿ ਬੱਚਾ ਮੇਰੀ ਗੱਲ ਨੂੰ ਮੰਨੇ। ਮਾਪਿਆਂ ਨੂੰ ਹਰ ਗੱਲ ਰਲਮਿਲ ਕੇ ਬੱਚੇ ਨਾਲ ਸਾਝੀ ਕਰਨੀ ਚਾਹੀਦੀ ਹੈ। ਆਪਸੀ ਹਾਉਮੇਂ ਨੂੰ ਬੱਚਿਆਂ ਦੀ ਦੇਖਭਾਲ ਵਿੱਚ ਨਹੀ ਲੇਕੇ ਆਉਣਾ ਚਾਹੀਦਾ।
5. ਕਈ ਵਾਰ ਮਾਂ-ਬਾਪ ਨੂੰ ਇਹ ਮਹਿਸੂਸ ਹੁੰਦਾ ਕਿ ਬੱਚੇ ਉਹਨਾਂ ਨੂੰ ਬਲੈਮੇਲ ਕਰ ਰਹੇ ਹਨ।
6. ਤੁਹਾਡੇ (ਮਾਂ-ਬਾਪ) ਵੱਲੋਂ ਕੀਤੀ ਕੋਈ ਵੀ ਕੋਸ਼ਿਸ ਜਾਂ ਯੋਜਨਾ/ਨੀਤੀ ਸਫਲ ਨਹੀ ਹੋ ਰਹੀ।
7. ਬੱਚਿਆਂ ਦੀਆਂ ਮੰਗਾਂ ਇੱਕ ਤੋਂ ਬਾਅਦ ਇੱਕ ਵੱਧਦੀ ਜਾਂਦੀਆਂ ਹਨ ਅਤੇ ਮਾਂ-ਬਾਪ ਮਹਿਸੂਸ ਕਰਦੇ ਹਨ ਕਿ ਉਹ ਬੱਚੇ/ਬੱਚਿਆ ਦੀ ਮੰਗ ਨੂੰ ਪੂਰਾ ਕਰਨ ਦੇ ਸਮਰੱਥ ਨਹੀ।
8. ਬੱਚੇ ਦਾ ਜਿਆਦਾ ਸਮਾਂ ਮੋਬਾਈਲ/ਲੈਪਟਾਪ ਤੇ ਲਾਉਦਾਂ ਅਤੇ ਜੇਕਰ ਰੋਕਿਆ ਜਾਂਦਾ ਤਾਂ ਬੱਚਾ ਛੇਤੀ ਗੁੱਸੇ ਵਿੱਚ ਆ ਜਾਂਦਾ।
9. ਮਾਂ-ਬਾਪ ਦੇ ਆਪਸੀ ਸਬੰਧ ਜਾਂ ਕਿਸੇ ਤੀਜੇ ਵਿਅਕਤੀ ਦੀ ਦਖਲ ਅੰਦਾਜੀ ਵੀ ਬੱਚੇ ਤੇ ਪ੍ਰਭਾਵ ਪਾਉਦੀ ਹੈ।

ਇਸ ਤੋਂ ਇਲਾਵਾ ਅਜਿਹੇ ਹੋਰ ਬਹੁਤ ਕਾਰਣ ਹਨ। ਜਿਸ ਕਾਰਣ ਬੱਚੇ ਕਈ ਵਾਰ ਅਜਿਹਾ ਕਦਮ ਚੱਕ ਲੈਂਦੇ ਜਿਸ ਨਾਲ ਪ੍ਰੀਵਾਰ ਟੁੱਟਣ ਦੇ ਕਗਾਰ ਤੇ ਆ ਜਾਦਾਂ ਅਤੇ ਮਾਂ-ਬਾਪ ਇੱਕ ਦੁਜੇ ਨੂੰ ਦੋਸ਼ ਦੇਣ ਲੱਗਦੇ ਹਨ। ਬੱਚੇ ਨੂੰ ਪ੍ਰੀਵਾਰ ਦੇ ਆਰਿਥਕ ਹਲਾਤ ਬਾਰੇ ਜਾਣਕਾਰ ਹੋਣਾ ਚਾਹੀਦਾ ਅਤੇ ਜੇਕਰ ਬੱਚਾ ਮਾਂ-ਬਾਪ ਦੇ ਆਰਿਥਕ ਹਲਾਤਾਂ ਨਾਲੋਂ ਵੱਧ ਦੀ ਮੰਗ ਕਰਦਾ ਤਾਂ ਮਾਂ-ਬਾਪ ਕਰਜਦਾਰ ਹੋਕੇ ਵੀ ਬੱਚੇ ਦੀ ਮੰਗ ਪੂਰੀ ਕਰਨ ਦੀ ਕੋਸ਼ਿਸ ਕਰਦੇ ਹਨ।

ਜੇਕਰ ਮਾਂ-ਬਾਪ ਮੰਗ ਪੂਰੀ ਨਹੀ ਕਰਦੇ ਤਾਂ ਬੱਚੇ ਜਾਇਜ ਨਜਾਇਜ ਤਾਰੀਕੇ ਅਪਨਾਉਦੇਂ ਹਨ ਜਿਵੇ ਜੇਕਰ ਬੱਚਾ ਲੜਕਾ ਹੈ ਤਾਂ ਉਹ ਗਲਤ ਸੁਸਾਇਟੀ ਵਿੱਚ ਜਾਕੇ ਨਸ਼ਾ ਕਰਨਾ ਜਾਂ ਨਸ਼ੇ ਵੇਚਣ ਅਤੇ ਹੋਰ ਮਾੜੀਆਂ ਅਲਾਮਤਾਂ ਵਿੱਚ ਵੀ ਚਲਾ ਜਾਦਾਂ। ਲੜਕੀਆਂ ਵੀ ਆਪਣੀਆਂ ਜਰੂਰਤਾਂ ਲਈ ਗਲਤ ਕਦਮ ਪੱਟ ਲੈਂਦੀਆ ਜਿਸ ਨਾਲ ਪ੍ਰੀਵਾਰ ਦਾ ਨਾਮ ਬਦਨਾਮ ਹੁੰਦਾ ਜਿਸ ਨਾਲ ਬੱਚਿਆ ਨੂੰ ਹੋਰ ਮੁਸ਼ਿਕਲਾਂ ਦਾ ਵੀ ਸਾਹਮਣਾ ਕਰਨਾ ਪੈਂਦਾ।

ਅਜਿਹੇ ਵਿੱਚ ਲਾਈਫ ਕੋਚ ਜਾਂ ਕਾਊਸਲਰ ਸਾਡੇ ਲਈ ਅਤੇ ਸਾਡੇ ਬੱਚਿਆਂ ਲਈ ਇੱਕ ਚੰਗਾ ਮਾਰਗਦਰਸ਼ਕ ਬਣ ਸਕਦਾ। ਬੇਸ਼ਕ ਸਾਡੇ ਦੇਸ਼ ਵਿੱਚ ਇਹ ਨਵਾਂ ਸ਼ਬਦ ਹੈ ਸਾਡੇ ਦੇਸ਼ ਦੇ ਵੱਡੇ ਸ਼ਹਿਰਾਂ ਵਿੱਚ ਤਾਂ ਇਸ ਦੇ ਜਾਣਕਾਰ ਸਨ ਪਰ ਛੋਟੇ ਸ਼ਹਿਰਾਂ ਵਿੱਚ ਨਹੀ। ਪਰ ਜਿਵੇਂ ਜਿਵੇਂ ਇਹ ਸਮੱਸਿਆ ਵੱਧਦੀ ਜਾ ਰਹੀ ਹੈ ਇਸ ਦੀ ਜਰੂਰਤ ਮਹਿਸੂਸ ਹੋ ਰਹੀ ਹੈ। ਇਸੇ ਕਾਰਣ ਮੈਨੂੰ (ਲੇਖਕ) ਨੂੰ ਵੀ ਇਸ ਲਈ ਆਨਲਾਈਨ ਯੂਐਸਏ ਤੋਂ ਸਿਖਲਾਈ ਲੈਣੀ ਪਈ। ਪੰਜਾਬੀ ਵਿੱਚ ਅਜੇ ਤੱਕ ਇਸ ਸਬੰਧੀ ਕੋਈ ਜਾਣਕਾਰੀ ਵੀ ਨਹੀ ਮਿਲਦੀ ਕਿਉਕਿ ਕੈਰੀਅਰ ਕਾਊਸਲਿੰਗ ਬਾਰੇ ਤਾਂ ਲੋਕ ਜਾਣਕਾਰੀ ਰੱਖਦੇ ਪਰ ਇਹ ਉਹਨਾਂ ਲਈ ਨਵਾਂ ਹੈ।

ਅੱਜ ਤੋਂ ਪਹਿਲਾਂ ਸਯੁਕੰਤ ਪ੍ਰੀਵਾਰਾਂ ਵਿੱਚ ਪ੍ਰੀਵਾਰਾਂ ਦੇ ਸੀਨੀਅਰ ਮੈਂਬਰ ਆਪਣੀਆਂ ਗੱਲਾਂ ਅਤੇ ਰੋਹਬ ਨਾਲ ਸਬ ਕੁਝ ਠੀਕ ਕਰ ਲੈਂਦੇ ਸਨ। ਪਰ ਅੱਜ ਸਾਡੇ ਲਾਈਫ ਸਟਾਈਲ ਵਿੱਚ ਆਈ ਤਬਦੀਲੀ, ਸ਼ੋਸਲ ਮੀਡੀਆ ਵਿੱਚ ਨਕਾਰਤਾਮਕ ਗੱਲਾਂ ਦੀ ਭਰਮਾਰ ਅਤੇ ਸਾਡੇ ਸਮਾਜਿਕ, ਧਾਰਿਮਕ ਅਤੇ ਰਾਜਨੀਤਕ ਸਿਸਟਮ ਵਿੱਚ ਨਿਘਾਰ ਨੇ ਬੱਚੇ/ਬੱਚਿਆਂ ਦੀ ਸੋਚ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਮਾਂ-ਬਾਪ ਨੂੰ ਬੱਚੇ/ਬੱਚਿਆਂ ਦਾ ਦੋਸਤ ਬਣ ਕੇ ਵਿਚਰਨਾ ਚਾਹੀਦਾ।

ਪਰ ਜਰੂਰੀ ਹੈ ਕਿ ਸਾਨੂੰ ਭਾਵ ਮਾਂ-ਬਾਪ ਨੂੰ ਖੁਦ ਆਪਣੇ ਵਿੱਚ ਸੁਧਾਰ ਲਿਆਉਣਾ ਚਾਹੀਦਾ ਹੈ। ਜੇਕਰ ਮਾਂ-ਬਾਪ ਹੀ ਆਪ ਸਾਰਾ ਦਿਨ ਮੋਬਾਈਲ ਦੀ ਵਰਤੋਂ ਕਰਦੇ/ਟੀਵੀ ਦੇਖਦੇ ਜਾਂ ਪਿਤਾ ਸ਼ਰਾਬ ਪੀਦਾ ਤਾਂ ਅਤੇ ਮਾਂ ਕਿੱਟੀ ਪਾਰਟੀਆਂ ਵਿੱਚ ਮਸ਼ਰੂਫ ਹੈ ਤਾਂ ਸੁਭਾਵਿਕ ਹੈ ਕਿ ਸਾਡੇ ਬੱਚੇ ਵਿੱਚ ਵੀ ਉਹੀ ਬੁਰਾਈਆਂ ਆਉਣਗੀਆਂ ਅਤੇ ਅਸੀ ਵੀ ਬੱਚੇ ਨੂੰ ਇਹਨਾਂ ਚੀਜਾਂ ਤੋਂ ਰੋਕ ਨਹੀ ਸਕਦੇ।

ਪਰਖ ਕਰਨ ਲਈ ਸਾਨੂੰ ਦੇਖਣਾ ਚਾਹੀਦਾ ਹੈ ਕਿ ਜੇਕਰ ਸਾਡੇ ਘਰ ਦੀ ਅਲਮਾਰੀ ਵਿੱਚ ਕਿਤਾਬਾਂ ਅਤੇ ਪੁਰਾਤਨ ਸਾਖੀਆਂ, ਸ਼ਹੀਦਾਂ ਦੀਆਂ ਜੀਵਨਆਂ ਪਈਆ ਹਨ ਅਤੇ ਕੰਧਾਂ ਤੇ ਮਹਾਂਪੁਰਸ਼ਾਂ। ਬੁੱਧੀਜੀਵੀਆਂ ਜਾਂ ਅਜਾਦੀ ਸੰਗਰਾਮੀਆ ਦੀ ਫੋਟੋਆਂ ਲੱਗੀਆਂ ਹਨ ਤਾਂ ਸਾਨੂੰ ਇਸ ਗੱਲ ਦੀ ਤਸੱਲੀ ਹੋਣੀ ਚਾਹੀਦੀ ਕਿ ਸਾਡੇ ਬੱਚੇ ਅਤੇ ਆਉਣ ਵਾਲੀਆਂ ਪੀੜੀਆਂ ਚੰਗੇ ਸ਼ੰਸਕਾਰਾਂ ਤਣਾਅ ਮੁਕਤ ਅਤੇ ਪ੍ਰੀਵਾਰ ਦਾ ਨਾਮ ਚਮਕਾਉਣ ਵਾਲੀਆਂ ਹੋਣਗੀਆਂ। ਪਰ ਜੇਕਰ ਸਾਡੇ ਘਰ ਦੀਆਂ ਅਲਮਾਰੀਆਂ ਵਿੱਚ ਸ਼ਰਾਬ/ਹਥਿਆਰ ਅਤੇ ਕੰਧਾਂ ਤੇ ਹਥਿਆਰਾਂ ਦੀਆਂ ਤਸਵੀਰਾਂ ਹੋਣ ਗਈਆਂ ਤਾਂ ਨਾਂ ਕੇਵਲ ਅਸੀ ਪ੍ਰੀਵਾਰਾਂ ਨੂੰ ਖਤਮ ਕਰ ਰਹੇ ਬਲਕਿ ਸਮਾਜ ਨੂੰ ਵੀ ਹਨੇਰੇ ਵੱਲ ਧੱਕ ਰਹੇ ਹਾਂ। ਸਾਡੇ ਬੱਚੇ ਸਾਡੀ ਕੋਮ ਸਾਡੇ ਸਮਾਜ ਦਾ ਸਰਮਾਇਆ ਹਨ ਇਹਨਾਂ ਦੀ ਸੰਸ਼ਕਾਰੀ ਸਿੱਖਿਆ ਸਾਡਾ ਸਾਰਿਆਂ ਦਾ ਫਰਜ ਹੈ।



# ਕਬੂਤਰੋਂ ਅੱਖਾਂ ਨਾ ਮੀਟੋ, ਸਾਮਰਾਜ ਨੇ ਸੱਪ ਛੱਡ ਦਿੱਤੇ ਹਨ

**(ਸਫਾ 21 ਦੀ ਬਾਕੀ)**

(ਹ) ਦੇਸ਼ ਵਿੱਚ ਬਣੇ ਧਾਰਮਿਕ ਸਥਾਨਾਂ ਉੱਪਰ ਲਗਭਗ ਉੱਚ ਸ਼੍ਰੇਣੀਆਂ ਦਾ ਕਬਜਾ ਹੈ, ਜਿਸ ਕਾਰਨ ਪੱਛੜੀਆਂ ਸ਼੍ਰੇਣੀਆਂ ਨੂੰ ਆਪਣੀ ਭਾਗੀਦਾਰੀ ਦਾ ਅਹਿਸਾਸ ਨਹੀਂ ਹੁੰਦਾ ਹੈ।

ਕੀ ਇਸਾਈ ਬਣਕੇ ਪੱਛੜੀਆਂ ਸ਼੍ਰੇਣੀਆਂ ਵਿੱਚ ਕੋਈ ਸਮਾਜਿਕ, ਆਰਥਿਕ ਸੁਧਾਰ ਨਜ਼ਰ ਆਉਂਦੇ ਹਨ? ਜੇਕਰ ਵਿੱਦਿਅਕ ਅਤੇ ਆਰਥਿਕ ਪੱਖ ਤੋਂ ਗਹਿਰਾਈ ਨਾ਼ਲ ਘੋਖ ਪੜਤਾਲ ਕੀਤੀ ਜਾਵੇ, ਤਾਂ ਦੋਵਾਂ ਪੱਖਾਂ ਤੋਂ ਇਸਾਈ ਬਣੇ ਪੱਛੜੀਆਂ ਸ਼੍ਰੇਣੀਆਂ ਦੇ ਲੋਕ ਪਹਿਲਾਂ ਨਾ਼ਲੋਂ ਵੀ ਬੁਰੀ ਤਰਾਂ ਪੱਛੜੇ ਹੋਏ ਨਜ਼ਰ ਆਉਂਦੇ ਹਨ। ਝੂਠ ਅਧਾਰਿਤ ਧਾਰਮਿਕ ਸੋਚ ਮਨੁੱਖ ਨੂੰ ਵਿੱਦਿਆ ਤੋਂ ਸੱਖਣਾ ਕਰ ਦਿੰਦੀ ਹੈ, ਨਾ਼ਲ ਹੀ ਜਦੋਂ ਘਰ ਦਾ ਮਾਹੌਲ ਭਾਰਤੀ ਸੰਸਕ੍ਰਿਤੀ, ਇਤਿਹਾਸ ਤੋਂ ਸੱਖਣਾ ਹੋ ਜਾਂਦਾ ਹੈ ਤਾਂ ਬੱਚਿਆਂ ਦੀ ਵਿੱਦਿਅਕ ਸੋਚਣ ਸ਼ਕਤੀ ਤੇ ਨਕਾਰਾਤਮਕ ਪ੍ਰਭਾਵ ਪੈਂਦਾ ਹੈ। ਜਦੋਂ ਨਵੇਂ ਬਣੇ ਪੈਰੋਕਾਰ ਜਾਂ ਭਗਤ ਚੌਵੀ ਘੰਟੇ ਆਪਣੇ ਮਿਸ਼ਨ ਨੂੰ ਵਧਾਉਣ ਵੱਲ ਲੱਗ ਜਾਂਦੇ ਹਨ, ਤਾਂ ਉਹ ਆਰਥਿਕ ਕ੍ਰਿਆਵਾਂ ਤੋਂ ਟੁੱਟ ਜਾਂਦੇ ਹਨ, ਜਿਸ ਕਾਰਨ ਉਹ ਆਰਥਿਕ ਪੱਧਰ ਤੇ ਵੀ ਪੱਛੜ ਜਾਂਦੇ ਹਨ। ਇਹਨਾਂ ਦੇ ਘਰਾਂ ਵਿੱਚ ਵਿਗਿਆਨਿਕ ਸੋਚ ਤਾਂ ਉੱਕਾ ਹੀ ਮਿਟਾ ਦਿੱਤੀ ਜਾਂਦੀ ਹੈ।

ਭਾਰਤ ਦੇਸ਼ ਵਿੱਚ ਧਰਮ ਤਬਦੀਲੀ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ ? ਇੱਕ ਗੱਲ ਨੰਗੀ-ਚਿੱਟੀ ਸਾਫ ਹੈ, ਜੇਕਰ ਦੇਸ਼ ਵਿੱਚ ਵੈਦਿਕ ਸੰਸਕ੍ਰਿਤੀ ਕਾਇਮ ਹੈ, ਤਾਂ ਹੀ ਇੱਥੇ ਲੋਕਤੰਤਰ ਜੀਵਤ ਹੈ, ਵਿੱਦਿਅਕ, ਵਿਗਿਆਨਿਕ ਅਤੇ ਸਾਹਿਤਕ ਵਾਤਾਵਰਣ ਕਾਇਮ ਹੈ। ਅਗਾਹਵਧੂ ਆਰਥਿਕਤਾ ਕਾਇਮ ਹੈ। ਅਸੀਂ ਤਿੰਨ ਦੇਸ਼ ਜਿਹੜੇ ਕਦੇ ਪਹਿਲਾਂ ਭਾਰਤ ਦਾ ਭਾਗ ਸਨ : ਅਫਗਾਨਿਸਤਾਨ, ਪਾਕਿਸਤਾਨ ਅਤੇ ਬੰਗਲਾਦੇਸ਼ ਦੀਆਂ ਹਾਲਤਾਂ ਨੂੰ ਦੇਖ ਸਕਦੇ ਹਾਂ। ਤਿੰਨੇ ਦੇਸ਼ਾਂ ਵਿੱਚ ਲੋਕਤੰਤਰ ਨਹੀਂ ਹੈ, ਇਨ੍ਹਾਂ ਦੇਸ਼ਾਂ ਵਿੱਚ ਇਸਲਾਮਿਕ ਸੱਤਾ ਹੈ, ਤਿੰਨੇ ਦੇਸ਼ ਮਨੁੱਖੀ ਜੀਵਨ ਦੇ ਸਾਰੇ ਪਹਿਲੂਆਂ ਤੋਂ ਅਤਿ ਪਿੱਛੜੇ ਹੋਏ ਹਨ। ਇਸ ਕਰਕੇ ਭਾਰਤ ਦੇਸ਼ ਵਿੱਚ ਧਰਮ ਤਬਦੀਲੀ ਨੂੰ ਹਰ ਹਾਲਤ ਵਿੱਚ ਰੋਕਣਾ ਹੋਵੇਗਾ।

ਧਰਮ ਤਬਦੀਲੀ ਨੂੰ ਰੋਕਣ ਲਈ ਸਰਕਾਰੀ ਤੰਤਰ ਨੂੰ ਕਾਨੂੰਨ ਦਾ ਸਹਾਰਾ ਲੈ ਕੇ ਕਾਰਵਾਈ ਕਰਨੀ ਹੋਵੇਗੀ ਅਤੇ ਭਾਰਤੀ ਸੰਸਕ੍ਰਿਤਿਕ ਧਰਮਾਂ ਨੂੰ ਧਰਮ ਸੁਧਾਰ ਲਹਿਰ ਦੀ ਜ਼ਰੂਰਤ ਹੈ। ਕਾਨੂੰਨ ਕੀ ਕਰ ਸਕਦਾ ਹੈ ? ਕਿਸੇ ਨੂੰ ਲਾਲਚ ਦੇ ਕੇ ਜਾਂ ਵਹਿਮਾਂ ਭਰਮਾਂ ਜਾਂ ਕਰਾਮਾਤਾਂ ਦਾ ਢੋਂਗ ਕਰਕੇ ਧਰਮ ਤਬਦੀਲੀ ਕਰਨਾ ਅਪਰਾਧ ਹੈ।

ਜਿੱਥੋਂ ਤੱਕ ਸੰਸਕ੍ਰਿਤਿਕ ਧਰਮਾਂ ਵਿੱਚ ਧਰਮ ਸੁਧਾਰ ਦੀ ਗੱਲ ਹੈ, ਇਹ ਇਸ ਸਮੱਸਿਆ ਦੇ ਹੱਲ ਲਈ ਅਤਿ ਕਾਰਗਰ ਸਾਬਿਤ ਹੋਵੇਗਾ। ਚੌਹਦਵੀਂ ਸਦੀ ਵਿੱਚ ਚੱਲੀ ਭਗਤੀ ਲਹਿਰ ਵਿੱਚ ਅਨੇਕਾਂ ਭਗਤ ਹੋਏ ਸਨ, ਜਿਹੜੇ ਸਾਰੇ ਭਾਰਤ ਵਿੱਚ ਫੈਲ ਗਏ ਸਨ ਅਤੇ ਮੁਸਲਿਮ ਹਾਕਮਾਂ ਅਤੇ ਸੰਤਾਂ ਵੱਲੋਂ ਕੀਤੀ ਜਾ ਰਹੀ ਧਰਮ ਤਬਦੀਲੀ ਨੂੰ ਬਹੁਤ ਹੀ ਕਾਰਗਰ ਤਰੀਕੇ ਨਾ਼ਲ ਪੱਛੜੀਆਂ ਸ਼੍ਰੇਣੀਆਂ ਦੇ ਵਿੱਚ ਜਾ ਕੇ ਰੋਕਿਆ ਸੀ। ਹੁਣ ਵੀ ਪੱਛੜੀਆਂ ਸ਼੍ਰੇਣੀਆਂ ਦੇ ਵਿਹੜਿਆਂ ਵਿੱਚ ਸ਼ੈਵ ਅਤੇ ਸ਼ਕਤੀ ਮਤ ਨਾ਼ਲ ਸੰਬੰਧਤ ਉਹਨਾ ਦੇ ਆਪਣੇ ਪੁਜਾਰੀ ਵਾਦ ਰਹਿਤ ਧਾਰਮਿਕ ਸਥਾਨ ਬਣਾਉਣ ਤੇ ਜੋਰ ਦੇਣਾ ਹੋਵੇਗਾ।

ਜਾਤਾਂ ਪਾਤਾਂ ਵਿੱਚ ਇੱਕਸਾਰਤਾ (ਬਰਾਬਰਤਾ) ਪੈਦਾ ਕਰਨੀ ਹੋਵੇਗੀ।

ਮੌਜੂਦਾ ਕਰਮਕਾਂਡ ਅਨੁਸਾਰ ਮ੍ਰਿਤ ਵਿਅਕਤੀ ਦੇ ਭੋਗ ਉੱਪਰ ਘੱਟੋ-ਘੱਟ ਪੰਜਾਹ-ਸੱਠ ਹਜਾਰ ਰੁਪਏ ਦਾ ਖਰਚਾ ਹੋ ਜਾਂਦਾ ਹੈ। ਇਸ ਨਾ਼ਲ ਗਰੀਬ ਪਰਿਵਾਰਾਂ ਤੇ ਕਰਜਾ ਚੜ੍ਹ ਜਾਂਦਾ ਹੈ। ਸੰਸਕਾਰ ਕਰਮਕਾਂਡ ਵਿੱਚ ਸ਼ਾਸ਼ਤਰ ਅਨੁਸਾਰ ਤਬਦੀਲੀ ਕਰਕੇ ਮ੍ਰਿਤ ਵਿਅਕਤੀ ਦੇ ਅਗਨੀ ਵਿੱਚ ਮਿਲਨ ਨੂੰ ਹੀ ਅੰਤਿਮ ਸੰਸਕਾਰ ਮੰਨ ਲੈਣਾ ਚਾਹੀਦਾ ਹੈ। ਇਸ ਵਹਿਮ ਭਰਮ ਨੂੰ ਕੱਢ ਦੇਣਾ ਚਾਹੀਦਾ ਹੈ, ਜੇਕਰ ਭੋਗ ਨਾ ਪਾਇਆ ਤਾਂ ਮ੍ਰਿਤ ਵਿਅਕਤੀ ਦਾ ਭੂਤ ਘਰ ਵਿੱਚ ਭਟਕਦਾ ਰਹੇਗਾ। ਕੋਈ ਵੀ ਧਾਰਮਿਕ ਪਰੰਪਰਾ ਉਦੋਂ ਬੇਲੋੜਾ ਕਰਮਕਾਂਡ ਬਣ ਜਾਂਦੀ ਹੈ, ਜਦੋਂ ਉਹ ਪਰੰਪਰਾ ਜਨ ਸਧਾਰਨ ਉੱਪਰ ਵੱਡਾ ਆਰਥਿਕ ਬੋਝ ਪਾਉਂਦੀ ਹੋਵੇ।

# ਵੋਟ-ਬਟੋਰੂ ਛਲਾਵੇ ਭਰਪੂਰ ਬਜਟ-2024



ਗੁਰਮੀਤ ਪਲਾਹੀ
91-98158-02070

ਦੇਸ਼ ਭਾਰਤ ਵਿੱਚ ਬਣਾਏ-ਉਸਾਰੇ ਜਾ ਰਹੇ ਇਸ ਕਿਸਮ ਦੇ ਮਾਹੌਲ ਦਾ ਜ਼ਿੰਮੇਵਾਰ ਕੌਣ ਹੈ, ਜਿਥੇ ਦੇਸ਼ ਦਾ ਬਜ਼ਟ ਬਨਾਉਣ, ਪੇਸ਼ ਕਰਨ ਵੇਲੇ ਵੀ ਕੁਝ ਸੂਬਿਆਂ ਨੂੰ ਨਜ਼ਰ ਅੰਦਾਜ਼ ਕੀਤਾ ਗਿਆ ਹੈ ਤੇ ਕੁਝ ਸੂਬਿਆਂ ਨੂੰ ਗੱਫੇ ਦਿੱਤੇ ਗਏ ਹਨ। ਕੀ ਇਹ ਸੰਘੀ ਸਟੇਟ ਭਾਰਤ ਦੇ ਸੰਘੀ ਢਾਂਚੇ 'ਤੇ ਵੱਡੀ ਸੱਟ ਨਹੀਂ ਹੈ? ਸੂਬੇ ਦਾ ਧਰਤੀ ਹੇਠਲਾ ਪਾਣੀ ਘੱਟ ਰਿਹਾ ਹੈ ਅਤੇ ਸੂਬਾ ਆਰਥਿਕ ਐਮਰਜੈਂਸੀ ਦੇ ਕੰਢੇ ਪੁੱਜ ਚੁੱਕਾ ਹੈ, ਇਹੋ ਜਿਹੇ ਹਾਲਤਾਂ 'ਚ ਇਹ ਸੂਬਾ ਜਿਸਨੇ ਸਦਾ ਦੇਸ਼ ਨੂੰ ਵੱਡਾ ਅੰਨ ਭੰਡਾਰ ਦਿੱਤਾ, ਵਿਸ਼ੇਸ਼ ਪੈਕੇਜ ਦਾ ਹੱਕਦਾਰ ਨਹੀਂ?

ਆਪਣੇ ਆੜੀ ਆਂਧਰਾ-ਬਿਹਾਰ ਨੂੰ ਤਾਂ 73,900 ਕਰੋੜ ਰੁਪਏ ਦੀ ਬਜ਼ਟ ਵਿੱਚ ਖ਼ਾਸ ਵਿਵਸਥਾ ਕੀਤੀ ਗਈ ਹੈ, ਪਰ ਸਰਹੱਦੀ ਸੂਬੇ ਪੰਜਾਬ ਅਤੇ ਬੰਗਾਲ ਦੇ ਹੱਥ ਖਾਲੀ ਹਨ। ਕੇਂਦਰ ਸਰਕਾਰ ਤੋਂ ਵਿਸ਼ੇਸ਼ ਪੈਕਜ ਦੀ ਝਾਕ ਲਗਾਈ ਬੈਠੇ ਪੰਜਾਬ, ਜੋ ਖੇਤੀ ਸੰਕਟ ਹੰਢਾ ਰਿਹਾ ਹੈ, ਨਾਰਕੋ ਅਤਿਵਾਦ ਦਾ ਜਿਥੇ ਪ੍ਰਕੋਪ ਹੈ, ਸਨੱਅਤੀ ਖੇਤਰ ਨੂੰ ਜਿਥੇ ਮੁਸ਼ਕਲਾਂ ਦਰਪੇਸ਼ ਹਨ, ਪੱਲੇ ਕੁਝ ਵੀ ਨਹੀਂ ਪਿਆ। ਪੰਜਾਬ 'ਚ ਖੇਤੀ ਕਰਜ਼ਾ ਅਤੇ ਕਿਸਾਨ ਖੁਦਕੁਸ਼ੀਆਂ ਵੱਡੇ ਮਸਲੇ ਹਨ। ਕਿਸਾਨ ਐਮ।ਐਸ।ਪੀ ਗਰੰਟੀ ਕਾਨੂੰਨ ਮੰਗਦੇ ਹਨ, ਕਿਸਾਨਾਂ ਤੇ ਮਜ਼ਦੂਰਾਂ ਦੀ ਕਰਜ਼ਾ ਮੁਕਤੀ ਚਾਹੁੰਦੇ ਹਨ।

ਦੇਸ਼ ਦੇ ਮੌਜੂਦਾ ਵੋਟ-ਬਟੋਰੂ ਬਜ਼ਟ-2024 ਦਾ ਫ਼ਾਇਦਾ ਕਿਸ ਨੂੰ ਹੋਏਗਾ?

ਕੀ ਆਮ ਲੋਕਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਗਰੀਬੀ ਹੰਢਾ ਰਹੇ ਹਨ। ਮਹਿੰਗਾਈ ਦੀ ਮਾਰ ਝੱਲ ਰਹੇ ਹਨ।

ਕੀ ਨੌਜਵਾਨਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਬੇਰੁਜ਼ਗਾਰੀ ਦੀ ਦਲਦਲ 'ਚ ਫਸੇ ਹੋਏ ਹਨ। ਹੱਥ ਡਿਗਰੀਆਂ ਹਨ, ਪਰ ਰੁਜ਼ਗਾਰ ਨਹੀਂ। ਬੇਬਸੀ 'ਚ ਪ੍ਰਵਾਸ ਦੇ ਰਾਹ ਹਨ।

ਕੀ ਦੇਸ਼ ਦੇ ਮੱਧ ਵਰਗੀ ਲੋਕਾਂ ਨੂੰ ਫ਼ਾਇਦਾ ਹੋਏਗਾ, ਜਿਹੜੇ ਮਹਿੰਗਾਈ 'ਚ ਨਪੀੜੇ ਜਾ ਰਹੇ ਹਨ। ਜਿਹੜੇ ਆਮਦਨ ਕਰ 'ਚ ਛੋਟ ਨਾਲ ਹੀ ਸੰਤੁਸ਼ਟ ਹੋ ਜਾਂਦੇ ਹਨ।

ਜਾਂ ਫਿਰ ਇਸਦਾ ਫ਼ਾਇਦਾ ਸਿਰਫ਼ ਦੇਸ਼ ਦਾ ਕਾਰਪੋਰੇਟ ਸੈਕਟਰ ਲਏਗਾ, ਜਿਸ ਦੀਆਂ ਝੋਲੀਆਂ ਇਸ ਬਜ਼ਟ ਨੇ ਭਰ ਦਿੱਤੀਆਂ ਹਨ ਜਾਂ ਵਿਦੇਸ਼ੀ ਕੰਪਨੀਆਂ ਨੂੰ ਫਾਇਦਾ ਹੋਏਗਾ। ਜਿਹਨਾਂ ਦਾ ਟੈਕਸ ਘਟਾ ਦਿੱਤਾ ਗਿਆ ਹੈ।

ਬਜ਼ਟ ਵਿੱਚ ਅਸਲੀਅਤ ਨਾਲੋਂ ਛਲਾਵਾ ਵੱਧ ਹੈ। ਕਹਿਣ ਨੂੰ ਤਾਂ ਪਹਿਲੀ ਵਾਰ ਰੁਜ਼ਗਾਰ ਪ੍ਰਾਪਤ ਕਰਨ ਵਾਲੇ 50 ਲੱਖ ਨੌਜਵਾਨਾਂ ਨੂੰ ਤਿੰਨ ਕਿਸ਼ਤਾਂ ਵਿੱਚ 15000 ਰੁਪਏ ਪ੍ਰਤੀ ਮਿਲਣਗੇ ਤੇ ਇਹ ਇੱਕ ਲੱਖ ਰੁਪਏ ਦੀ ਮਾਸਿਕ ਨੌਕਰੀ ਵਾਲਿਆਂ ਨੂੰ ਮਿਲਣਗੇ ਪਰ ਦੇਸ਼ ਦੀ ਕੁਲ ਅਸਿਖਿਅਤ ਨੌਜਵਾਨ ਵਸੋਂ, ਜੋ ਕੁੱਲ ਰੁਜ਼ਗਾਰ ਪ੍ਰਾਪਤ ਕਰਨ ਯੋਗ ਆਬਾਦੀ ਦਾ 51.4 ਫ਼ੀਸਦੀ ਹੈ, ਕੀ ਬਣੇਗਾ? ਇਸ ਬਾਰੇ ਬਜ਼ਟ ਚੁੱਪ ਹੈ।

ਬਜ਼ਟ ਵਿੱਚ ਸਿੱਖਿਆ ਨੂੰ ਤਰਜੀਹ ਦੇਣ ਦੀ ਗੱਲ ਕੀਤੀ ਗਈ ਹੈ, ਪਰ ਸਿੱਖਿਆ ਦਾ ਬਜ਼ਟ 9000 ਕਰੋੜ ਘਟਾ ਦਿੱਤਾ ਗਿਆ ਹੈ। ਉਂਜ ਭਾਵੇਂ ਸਿੱਖਿਆ ਪ੍ਰਾਪਤੀ ਦੀ ਦਰ ਯੂਨੀਵਰਸਿਟੀ ਪੱਧਰ ਤੱਕ ਚਾਰ ਗੁਣਾਂ ਵਧੀ ਪਰ ਪਿਛਲੇ ਦਸ ਸਾਲਾਂ ਵਿੱਚ ਬੇਰੁਜ਼ਗਾਰੀ ਦਰ 5.4 ਫ਼ੀਸਦੀ ਤੋਂ ਵਧਕੇ 9.2 ਫ਼ੀਸਦੀ ਹੋ ਗਈ ਹੈ। ਬਜ਼ਟ ਵਿੱਚ ਮੁਢਲੀ ਸਿੱਖਿਆ ਲਈ ਰਕਮ ਥੋੜੀ ਵਧਾਈ ਗਈ ਹੈ, ਪਰ ਉੱਚ ਸਿੱਖਿਆ ਉੱਤੇ ਆਰਾ ਚਲਾ ਦਿੱਤਾ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਦੇਸ਼ ਤੋਂ ਬਾਹਰ ਸਿੱਖਿਆ ਪ੍ਰਾਪਤ ਕਰਨ ਵਾਲਿਆਂ ਲਈ 10 ਲੱਖ ਦਾ ਕਰਜ਼ਾ ਦੇਣ ਦਾ ਪ੍ਰਾਵਾਧਾਨ ਕੀਤਾ ਗਿਆ ਹੈ। ਕੀ ਦੇਸ਼ ਦੀ ਨੌਜਵਾਨਾਂ ਨੂੰ ਸਿਆਣੇ ਬਨਣ ਤੋਂ ਰੋਕਣ ਲਈ ਕੋਈ ਵਿਉਂਤ ਬੁਣੀ ਜਾ ਰਹੀ ਹੈ? ਅੱਜ ਜਦੋਂ ਦੇਸ਼ ਦਾ ਨੌਜਵਾਨ ਹੁਨਰ ਰਹਿਤ ਹੈ, ਰੁਜ਼ਗਾਰ ਰਹਿਤ ਹੈ, ਸਰਕਾਰ ਦੀ ਵੱਧ ਤਵੱਜੋ ਚਾਹੁੰਦਾ ਹੈ।

ਸਿਹਤ ਦਾ ਬਜ਼ਟ 13 ਫ਼ੀਸਦੀ ਵਧਾਕੇ 90,958 ਕਰੋੜ ਕਰ ਦਿੱਤਾ ਗਿਆ, ਆਯੂਸ਼ਮਾਨ ਭਾਰਤ ਬੀਮਾ ਯੋਜਨਾ ਰਾਸ਼ੀ ਵੀ 1।4 ਫ਼ੀਸਦੀ ਵਧੀ ਹੈ, ਪਰ ਕੋਈ ਨਵੀਂ ਸਿਹਤ ਸਕੀਮ ਚਾਲੂ ਨਹੀਂ ਕੀਤੀ ਗਈ। ਆਯੁਸ਼ਮਾਨ ਭਾਰਤ ਸਿਹਤ ਸਕੀਮ ਪਹਿਲਾਂ ਹੀ ਡਾਕਟਰੀ ਮਾਫੀਆ ਦੀ ਸ਼ਿਕਾਰ ਹੈ ਅਤੇ ਲੋਕ ਸਿਹਤ ਪੱਖੋਂ ਪਹਿਲਾਂ ਹੀ ਸੰਤਾਪ ਹੰਢਾ ਰਹੇ ਹਨ।

ਖੇਤੀ ਖੇਤਰ ਨੂੰ ਨਵੀਆਂ ਸੌਗਾਤਾਂ ਦੇਣ ਦੀ ਗੱਲ ਕੀਤੀ ਗਈ ਹੈ, ਦੋ ਸਾਲਾਂ 'ਚ ਇੱਕ ਕਰੋੜ ਕਿਸਾਨਾਂ ਨੂੰ ਕੁਦਰਤੀ ਖੇਤੀ ਲਈ ਉਤਸ਼ਾਹਤ ਕਰਨਾ ਮਿਥਿਆ ਗਿਆ ਹੈ। ਪਰ ਕਿਸਾਨਾਂ ਦੇ ਭਲੇ ਵਾਲੀਆਂ ਅਤੇ ਉਹਨਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਗਿਆ। ਡਾ: ਸਵਾਮੀਨਾਥਨ ਦੀ ਰਿਪੋਰਟ ਬਾਰੇ ਚੁੱਪੀ ਰੜਕਦੀ ਹੈ ਤੇ ਖੇਤੀ ਬਜ਼ਟ 'ਤੇ ਕਿਸਾਨ ਆਗੂ ਰਾਕੇਸ਼ ਟਕੇਤ ਦੇ ਸ਼ਬਦਾਂ 'ਚ "ਬਜ਼ਟ ਨਾਲ ਕਿਸਾਨਾਂ ਨੂੰ ਖੇਤੀ ਦਾ ਸਮਾਜ ਵੇਚਣ ਵਾਲਿਆਂ ਨੂੰ ਫਾਇਦਾ ਹੋਵੇਗਾ", ਅਸਲ ਸੱਚਾਈ ਪ੍ਰਗਟ ਕਰਦਾ ਹੈ।

ਦੇਸ਼ ਦੀ ਆਬਾਦੀ 140 ਕਰੋੜ ਤੋਂ ਪਾਰ ਕਰ ਚੁੱਕੀ ਹੈ। ਖੇਡਾਂ 'ਚ ਦੇਸ਼ ਦੀਆਂ ਪ੍ਰਾਪਤੀਆਂ ਵੱਡੀਆਂ ਹੋਣੀਆਂ ਲੋੜੀਂਦੀਆਂ ਹਨ, ਪਰ ਇਸ ਵਰੇ ਖੇਡਾਂ ਦਾ ਬਜ਼ਟ 45 ਕਰੋੜ ਵਧਾਇਆ ਗਿਆ ਹੈ। ਜਦਕਿ ਉਲੰਪਿਕ ਸਿਰ ਉੱਤੇ ਹੈ ਅਤੇ ਖੇਡਾਂ 'ਚ ਦੇਸ਼ ਪਹਿਲਾਂ ਹੀ ਫਾਡੀ ਹੈ। ਐਡੀ ਵੱਡੀ ਆਬਾਦੀ ਦੇ ਖਿਡਾਰੀ ਮਸਾਂ ਦਰਜਨਾਂ ਭਰ ਮੈਡਲ ਲੈਣ 'ਚ ਕਾਮਯਾਬ ਰਹਿੰਦੇ ਹਨ।

ਲੋਕ ਸਭਾ ਵਿੱਚ ਮੌਜੂਦਾ ਸਰਕਾਰ ਦੇ ਹੱਕ ਵਿੱਚ ਚੰਗੇ ਨਤੀਜੇ ਨਹੀਂ ਆਏ ਸਨ, ਕਿਉਂਕਿ ਸਰਕਾਰ ਨੇ ਆਮ ਲੋਕਾਂ ਦੀ ਪਰਵਾਹ ਨਹੀਂ ਸੀ ਕੀਤੀ, ਨਿੱਜੀਕਰਨ ਕਰਦਿਆਂ, ਕਾਰਪੋਰੇਟਾਂ ਨੂੰ ਵੱਧ ਫ਼ਾਇਦਾ ਦਿੱਤਾ ਸੀ। ਕਹਿਣ ਨੂੰ ਤਾਂ ਭਾਵੇਂ ਦੇਸ਼ ਨੂੰ ਵਿਕਸਤ ਬਨਾਉਣ ਲਈ ਬੁਨਿਆਦੀ ਢਾਂਚਾ ਸੁਧਾਰਣ ਦੀ ਗੱਲ ਸਰਕਾਰ ਕਰਦੀ ਰਹੀ ਹੈ। ਪਰ ਇਸ ਨਾਲ ਆਮ ਲੋਕਾਂ ਨੂੰ ਕੋਈ ਫ਼ਾਇਦਾ ਨਹੀਂ ਹੋਇਆ। ਅਮੀਰ ਗਰੀਬ ਦਾ ਪਾੜਾ ਵਧਿਆ ਤੇ ਹੁਣ ਵੀ ਇਹੋ ਨੀਤੀ ਜਾਰੀ ਹੈ।

ਬਜ਼ਟ-2024 ਵਿੱਚ ਕ੍ਰਾਂਤੀਕਾਰੀ ਉਪਾਵਾਂ ਦੀ ਕਮੀ ਦਿਸਦੀ ਹੈ। ਆਮਦਨ ਕਰ ਕਾਨੂੰਨ ਦੀ ਸਮੀਖਿਆ ਦਾ ਬਜ਼ਟ ਵਿੱਚ ਵਾਅਦਾ ਹੈ। ਸ਼ਹਿਰੀਕਰਨ ਦੀ ਤੇਜ਼ ਰਫ਼ਤਾਰ ਕਰਨ ਦੀਆਂ ਗੱਲਾਂ ਵੀ ਕੀਤੀਆਂ ਗਈਆਂ ਹਨ ਪਰ ਦੇਸ਼ ਦੀ ਅਬਾਦੀ ਜੋ ਅਗਲੇ ਪੰਜ-ਛੇ ਸਾਲਾਂ 'ਚ 40 ਫ਼ੀਸਦੀ ਤੱਕ ਹੋ ਜਾਵੇਗੀ ਉਸਦੇ ਵਿਕਾਸ ਵੱਲ ਧਿਆਨ ਨਹੀਂ ਦਿੱਤਾ ਹੈ।

ਪੇਂਡੂ ਵਿਕਾਸ ਯੋਜਨਾਵਾਂ ਦੇ ਮਾਮਲੇ 'ਚ ਸਰਕਾਰੀ ਬਜ਼ਟ ਦੀ ਬੇਰੁਖ਼ੀ ਸਾਹਮਣੇ ਦਿਖਦੀ ਹੈ। ਭਾਵੇਂ ਕਿ ਕਿਹਾ ਗਿਆ ਹੈ ਕਿ ਸਰਕਾਰ ਵੱਡੀਆਂ 20 ਯੋਜਨਾਵਾਂ ਉੱਤੇ 10.76 ਲੱਖ ਕਰੋੜ ਖ਼ਰਚੇਗੀ ਜਿਸ ਵਿੱਚ ਗਰੀਬ ਕਲਿਆਣ ਅੰਨ ਯੋਜਨਾ ਲਈ 2.05 ਲੱਖ ਕਰੋੜ ਰੱਖੇ ਗਏ ਹਨ। ਪਰ ਕੀ ਇਹ ਨੌਜਵਾਨਾਂ ਜਾਂ ਦੇਸ਼ ਦੇ ਆਮ ਆਦਮੀ ਦੀ ਜ਼ਿੰਦਗੀ ਦਾ ਪੱਧਰ ਉੱਚਾ ਕਰਨ ਯੋਗ ਹਨ? ਅਜ਼ਾਦੀ ਦੇ ਵੱਡੇ ਦਹਾਕੇ ਗੁਜ਼ਾਰਨ ਬਾਅਦ ਅੱਜ ਵੀ ਅਸੀਂ ਮੁੱਢਲੀਆਂ ਸਹੂਲਤਾਂ ਦੇਣ ਦੇ ਪੜਾਅ 'ਚ ਹੀ ਘੁੰਮ ਰਹੇ ਹਾਂ।

ਬਜ਼ਟ ਤੋਂ ਮੁਲਾਜ਼ਮ ਪ੍ਰੇਸ਼ਾਨ ਹੈ। ਮਜ਼ਦੂਰ, ਕਿਸਾਨ ਤਬਕੇ ਨੂੰ ਕੋਈ ਰਾਹਤ ਨਹੀਂ ਮਿਲੀ, ਕੋਈ ਉਮੀਦ ਵੀ ਨਹੀਂ ਜਾਗੀ। ਖੇਤੀ/ਕਿਸਾਨਾਂ ਲਈ ਬਜ਼ਟ 3.15 ਫੀਸਦੀ ਹੈ, ਜਦਕਿ ਕਿਸਾਨ ਦੇਸ਼ ਦੀ ਅਬਾਦੀ ਦਾ 50 ਫੀਸਦੀ ਹਿੱਸਾ ਹਨ। ਕੀ ਮੁੱਠੀ ਭਰ ਇਹੋ ਜਿਹਾ ਰੁਜ਼ਗਾਰ ਨੌਜਵਾਨਾਂ ਨੂੰ ਕੋਈ ਰਾਹਤ ਦੇ ਸਕੇਗਾ? ਸਬ ਕਾ ਸਾਥ, ਸਬ ਕਾ ਸਾਥ ਨਿਭਾਉਣ ਦਾ ਵਾਇਦਾ ਕਰਨ ਵਾਲੀ ਸਰਕਾਰ ਵੱਲੋਂ ਫੌੜੀਆਂ ਵਾਲੀ ਮੋਦੀ ਸਰਕਾਰ ਨੇ ਆਪਣੀਆਂ ਫੋੜੀਆਂ ਨੂੰ ਮਜ਼ਬੂਤ ਕਰਨ 'ਤੇ ਜ਼ੋਰ ਦਿੱਤਾ ਹੈ। ਸਾਥ ਕਾ ਸਾਥ ਛੱਡ ਕੇ ਮੋਦੀ ਸਰਕਾਰ ਨੇ ਆਪਣੀ ਨਾਕਾਮੀ ਦਾ ਸਬੂਤ ਦਿੱਤਾ ਹੈ। ਔਰਤਾਂ, ਗਰੀਬਾਂ ਲਈ ਬਜ਼ਟ ਦੀ ਚੁੱਪੀ। ਖਾਦਾਂ 'ਤੇ ਸਬਸਿਡੀ 'ਚ ਕਟੌਤੀ ਬਦਲਾ ਖੋਰੀ ਵਾਲਾ ਚਿਹਰਾ ਦਿਖਾਉਂਦੀ ਨਜ਼ਰ ਆ ਰਹੀ ਹੈ।

ਮੋਦੀ ਸਰਕਾਰ ਆਪਣੇ ਬਜ਼ਟ ਨੂੰ ਰੁਜ਼ਗਾਰ ਮੁਖੀ ਹੋਣ ਦਾ ਦਾਅਵਾ ਕਰਦੀ ਹੈ। ਬਜ਼ਟ ਵਿਚ ਅਨੇਕਾਂ ਵਾਰ ਰੁਜ਼ਗਾਰ ਸ਼ਬਦ ਦਾ ਜ਼ਿਕਰ ਹੈ। ਪਰ ਇਹ ਸਿਰਫ਼ ਫੋਕਾ ਖਿਆਲ ਹੈ। ਸਰਕਾਰੀ ਨੌਕਰੀਆਂ ਤਾਂ ਪਹਿਲਾਂ ਹੀ ਗਾਇਬ ਹਨ। ਕੰਪਨੀਆਂ ਦਾ ਢਿੱਡ ਭਰਨ ਲਈ ਅਪ੍ਰੈਂਟਿਸਸ਼ਿਪ ਦੇ ਨਾਮ ਉੱਤੇ ਭਾਰੀ ਰਕਮਾਂ ਉਹਨਾਂ ਨੂੰ ਦੇ ਕੇ ਨੌਜਵਾਨਾਂ ਨੂੰ ਫੁਸਲਾਉਣ ਦਾ ਇਹ ਯਤਨ ਸਾਬਤ ਹੋਏਗਾ।

ਗੱਠਜੋੜ ਦੀਆਂ ਮਜ਼ਬੂਰੀਆਂ ਦੀ ਛਾਪ ਵਾਲਾ ਇਸ ਬਜ਼ਟ ਦੀ ਟੇਕ ਕਹਿਣ ਨੂੰ ਤਾਂ ਖੇਤੀਬਾੜੀ ਉੱਤੇ ਰੱਖੀ ਗਈ ਹੈ, ਪਰ ਇਸ ਵਾਸਤੇ ਵੱਡੀਆਂ ਚੁਣੌਤੀਆਂ ਸਰਕਾਰ ਸਾਹਮਣੇ ਰਹਿਣਗੀਆਂ। ਆਮ ਤੌਰ 'ਤੇ ਬਜ਼ਟ ਨਵੀਆਂ ਸੇਧਾਂ ਦੀ ਪਟਾਰੀ ਹੁੰਦਾ ਹੈ। (ਦੇਸ਼ ਸਾਹਮਣੇ ਵੱਡੀ ਚੁਣੌਤੀ ਰੁਜ਼ਗਾਰ ਦੀ ਹੈ। ਨਾ ਬਰਾਬਰੀ ਦੀ ਹੈ।) ਨਾਗਰਿਕ ਦੀਆਂ ਮੁਖ ਸਮੱਸਿਆਵਾਂ ਬਜ਼ਟ ਦਾ ਕੇਂਦਰੀ ਧੁਰਾ ਹੋਣਾ ਹੁੰਦਾ ਹੈ। ਪਰ ਜਿਸ ਢੰਗ ਨਾਲ ਓਪਰੇ ਜਿਹੇ 18ਵੀਂ ਲੋਕ ਸਭਾ ਵਿਚ ਬਜ਼ਟ ਪੇਸ਼ ਕੀਤਾ ਗਿਆ, ਉਹ ਨਿਰਾਸ਼ਾਜਨਕ ਕਿਹਾ ਜਾ ਸਕਦਾ ਹੈ ਕਿਉਂਕਿ ਇਹ ਦੇਸ਼ ਦੀ ਮੁੱਖ ਸਮੱਸਿਆਵਾਂ ਤੋਂ ਕਿਨਾਰਾ ਕਰਨ ਵਾਲਾ ਹੈ।

ਕੁਝ ਤੱਥ ਵੇਖੋ ਪਰਖੋ। ਪੇਂਡੂ ਵਿਕਾਸ ਬਜ਼ਟ ਵਾਧਾ 3.93 ਫੀਸਦੀ ਹੀ ਹੈ। ਪੇਂਡੂ ਰੁਜ਼ਗਾਰ ਲਈ 8000 ਕਰੋੜ ਹਨ। ਵਿਕਾਸ ਅਤੇ ਖੋਜ ਖਰਚਿਆਂ ਲਈ ਵਾਧਾ 0।8 ਫੀਸਦੀ ਹੈ। ਕਾਰਪੋਰੇਟ ਟੈਕਸ 40 ਫੀਸਦੀ ਤੋਂ 35 ਫੀਸਦੀ ਕਰ ਦਿੱਤਾ ਗਿਆ ਹੈ। ਸਿਹਤ ਸੇਵਾਵਾਂ ਲਈ ਕੋਈ ਨਵਾਂ ਪ੍ਰਬੰਧ ਨਹੀਂ। ਸਿਹਤ ਬਜ਼ਟ ਵੀ ਘਟਿਆ ਹੈ।

ਪੂਰੀ ਘੋਖ ਉਪਰੰਤ ਇਹ ਬਜ਼ਟ ਪਿਛਲੇ ਬਜ਼ਟਾਂ ਵਾਂਗਰ ਸਿਰਫ਼ ਅੰਕੜਿਆਂ ਦੀ ਖੇਡ ਹੈ। ਭਾਵੇਂ ਤਰਜੀਹਾਂ ਦਾ ਵਿਖਿਆਨ ਬਜ਼ਟ ਵਿਚ ਹੈ। ਪਰ ਛਲਾਵਾ ਭਰਪੂਰ ਇਹ ਬਜ਼ਟ ਲੋਕਾਂ ਦੀਆਂ ਅੱਖਾਂ 'ਚ ਘੱਟਾ ਪਾਉਣ ਵਰਗਾ ਹੈ। ਇਹ ਇਸ ਤੱਥ ਤੋਂ ਸਾਬਤ ਹੁੰਦਾ ਹੈ ਕਿ ਜਿਹੜਾ ਵਿਸ਼ੇਸ਼ ਪੈਕੇਜ ਆਂਧਰਾ ਤੇ ਬਿਹਾਰ ਲਈ ਦਿੱਤਾ ਗਿਆ ਹੈ ਉਹ ਵਿਦੇਸ਼ੀ ਏਜੰਸੀਆਂ ਦੇ ਕਰਜ਼ੇ ਦਿਵਾਉਣ ਤੱਕ ਸੀਮਤ ਹੈ।

# ਪਰਿਵਾਰ 'ਤੇ ਨਿਰਭਰ ਕਰਦੀਆਂ ਹਨ ਬੁਢਾਪੇ ਦੀਆਂ ਕਦਰਾਂ ਕੀਮਤਾਂ

ਬੁਢਾਪਾ ਕਿਸੇ ਵੀ ਵਰਗ ਦਾ ਹੋਵੇ ਬੁਢਾਪਾ ਤਾਂ ਬੁਢਾਪਾ ਹੀ ਹੈ। ਕੇਵਲ ਸਹੂਲਤਾਂ ਦਾ ਫ਼ਰਕ ਹੁੰਦਾ ਹੈ, ਭੌਤਿਕ ਤੌਰ 'ਤੇ ਫ਼ਰਕ ਹੈ ਲੇਕਿਨ ਸਰੀਰਕ ਤੌਰ ਦੀਆਂ ਮਜ਼ਬੂਰੀਆਂ, ਮੁਸ਼ਕਿਲਾਂ, ਕਮੀਆਂ ਸਭ ਬਰਾਬਰ ਹੁੰਦੀਆਂ ਹਨ। ਬੱਚੇ ਅਮੀਰ ਦੇ ਹੋਣ ਜਾਂ ਗ਼ਰੀਬ ਦੇ ਬੁਢਾਪਾ ਸਭ ਰੋਲਦੇ ਹਨ। ਕੁਝ ਕੁ ਉਦਾਹਰਣਾਂ ਛੱਡ ਕੇ। ਅੱਜ-ਕੱਲ੍ਹ ਦੇ ਬੱਚੇ ਜੋ ਬਹੁਤ ਸੁਵਿਧਾਵਾਦੀ ਹਨ, ਉਥੇ ਮਾਤਾ-ਪਿਤਾ ਦੇ ਬੁਢਾਪੇ ਦੇ ਸਮੇਂ ਸਾਥ ਨਹੀਂ ਦਿੰਦੇ। ਸਾਡੇ ਦੇਸ਼ ਵਿਚ ਬੁਢਾਪਾ ਨਾ ਮਾਤਰ ਲੋਕਾਂ ਦੇ ਲਈ ਹੀ ਸੁਵਿਧਾਜਨਕ ਹੈ ਜਦਕਿ ਗ਼ਰੀਬ ਲੋਕਾਂ ਦਾ ਬੁਢਾਪਾ ਅਤਿਅੰਤ ਨਿਰਾਸ਼ਾਜਨਕ ਹੁੰਦਾ ਹੈ। ਸਮੇਂ 'ਤੇ ਦਵਾਈ ਨਾ ਮਿਲਣਾ, ਸਮੇਂ 'ਤੇ ਭੋਜਨ ਨਾ ਮਿਲਣਾ, ਸਹੀ ਖ਼ੁਰਾਕ ਨਾ ਮਿਲਣਾ, ਸਹੀ ਸੌਣ ਦੀ ਜਗ੍ਹਾ ਨਾ ਮਿਲਣਾ ਆਦਿ ਦੇ ਕਾਰਨ ਬੁਢਾਪਾ ਕਈ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ ਅਤੇ ਉਮਰ ਤੋਂ ਪਹਿਲਾਂ ਹੀ ਜਵਾਬ ਦੇ ਦਿੰਦਾ ਹੈ।

ਬੁਢਾਪੇ ਵਿਚ ਸਹੀ ਸਹੂਲਤਾਂ ਨਾ ਮਿਲਣ ਦੇ ਕਾਰਨ ਨਿਰਧਨ ਬੁਢਾਪਾ ਨਹੀਂ ਝੇਲ ਸਕਦਾ, ਜਿਸਦੀ ਵਜ੍ਹਾ ਨਾਲ ਉਨ੍ਹਾਂ ਦੀ ਮੌਤ ਜਲਦੀ ਹੋ ਜਾਂਦੀ ਹੈ। ਲੱਖਾਂ ਹੀ ਨਿਰਧਨ ਬੁਢਾਪੇ ਦਾ ਇਲਾਜ ਨਾ ਹੋਣ ਦੀ ਵਜ੍ਹਾ ਕਰਕੇ ਜਲਦੀ ਮਰ ਜਾਂਦੇ ਹਨ। ਬੱਚੇ ਉਨ੍ਹਾਂ ਦਾ ਖ਼ਰਚ ਬਰਦਾਸ਼ਤ ਨਹੀਂ ਕਰ ਸਕਦੇ।

ਮੱਧ ਵਰਗ ਦਾ ਬੁਢਾਪਾ 75 ਪ੍ਰਤੀਸ਼ਤ ਦੇ ਕਰੀਬ ਕਰਜ਼ੇ ਵਿਚ ਦੱਬਿਆ ਹੁੰਦਾ ਹੈ। ਮਕਾਨ ਦੇ ਲਈ ਕਰਜ਼ਾ, ਵਿਆਹ-ਸ਼ਾਦੀ ਲਈ ਕਰਜ਼ਾ, ਬੱਚਿਆਂ ਦੀ ਪੜ੍ਹਾਈ ਦੇ ਲਈ ਕਰਜ਼ਾ, ਵਿਦੇਸ਼ ਭੇਜਣ ਲਈ ਕਰਜ਼ਾ ਆਦਿ ਕਈ ਕਰਜ਼ ਮੱਧ ਵਰਗ ਦੇ ਲੋਕਾਂ ਨੂੰ ਦੇਖਾ-ਦੇਖੀ ਲੈਣੇ ਪੈਂਦੇ ਹਨ। ਜਿਸ ਨਾਲ ਕ੍ਰਿਸ਼ ਅਤੇ ਅਕ੍ਰਿਸ਼ ਤਣਾਅ ਵਧ ਜਾਂਦਾ ਹੈ।

ਸਮੇਂ ਦੀ ਤੇਜ਼ ਰਫ਼ਤਾਰ ਨਾਲ ਬਦਲਦਾ ਬਾਜ਼ਾਰੀਕਰਨ (ਭੂੰ ਮੰਡਲੀ ਕਰਨ) ਆਦਿ ਬਹੁਤ ਕੁਝ ਬੁਢਾਪੇ ਦੇ ਲਈ ਘਾਤਕ ਸਿੱਧ ਹੋ ਰਿਹਾ ਹੈ। ਪੱਛਮ ਦੇ ਕਲਚਰ ਨੂੰ ਜ਼ਿਆਦਾ ਅਪਣਾਇਆ ਜਾ ਰਿਹਾ ਹੈ। ਕੱਚੀ ਉਮਰ ਦੀ ਕੱਚੀ ਸੋਚ ਜਲਦੀ ਗੁੰਮਰਾਹ ਹੋ ਜਾਂਦੀ ਹੈ। ਬੱਚੇ ਮਾਤਾ-ਪਿਤਾ ਦੀ ਪਰਵਾਹ ਕੀਤੇ ਬਗੈਰ ਹੀ ਏਧਰ-ਉਧਰ ਤੋਂ ਸਭ ਕੁਝ ਵੇਖ ਰਹੇ ਹਨ। ਮਾਪਿਆਂ ਦਾ ਤੇਜ਼ ਰਕਤਚਾਪ, ਹਾਰਟ ਅਟੈਕ, ਸ਼ੂਗਰ ਆਦਿ ਬਿਮਾਰੀਆਂ ਦਾ ਕਾਰਨ 75 ਪ੍ਰਤੀਸ਼ਤ ਬੇਕਾਬੂ ਬੱਚੇ ਹੀ ਹਨ। ਇਹ ਬੇਕਾਬੂ ਲਾਪਰਵਾਹ ਬੱਚੇ ਮਾਪਿਆਂ ਨੂੰ ਠੋਕਰਾਂ ਮਾਰਦੇ ਹੀ ਮਾਰਦੇ ਹਨ।

ਅਮੀਰ ਬੁਢਾਪਾ ਸੁਵਿਧਾ ਪੂਰਵਕ ਤਾਂ ਹੁੰਦਾ ਹੈ ਪਰ ਹੁੰਦਾ ਤਾਂ ਆਖ਼ਿਰ ਬੁਢਾਪਾ ਹੀ ਹੈ। ਬੁਢਾਪੇ ਵਾਲੇ ਸਾਰੇ ਦੁਖਾਂਤ ਅਮੀਰਾਂ ਵਿਚ ਵੀ ਹੁੰਦੇ ਹਨ। ਸਿਰਫ਼ ਫ਼ਰਕ ਬਸ ਏਨਾ ਹੈ ਕਿ ਅਮੀਰ ਬੁਢਾਪੇ ਵਿਚ ਬਿਮਾਰੀਆਂ ਦਾ ਇਲਾਜ ਚੰਗੇ ਢੰਗ ਨਾਲ ਕਰਵਾ ਸਕਦੇ ਹਨ।

ਅਮੀਰ ਬੁਢਾਪੇ ਵਿਚ ਵੀ ਸਰੀਰਕ ਤੌਰ 'ਤੇ ਬੱਚੇ ਘੱਟ ਹੀ ਸਾਥ ਦਿੰਦੇ ਹਨ। ਸਾਰੇ ਪਾਸੇ ਹਨੇਰਾ ਹੀ ਨਈਂ ਕਿਤੇ ਕਿਤੇ ਦੂਰ ਟਾਂਵਾਂ ਟਾਂਵਾਂ ਸੁਵਿਧਾ, ਪਿਆਰ-ਮੁਹੱਬਤ ਦਾ ਦੀਵਾ ਤਾਂ ਜਗਦਾ ਹੀ ਹੈ। ਜਿਨ੍ਹਾਂ ਬਜ਼ੁਰਗਾਂ ਕੋਲ ਧਨ-ਦੌਲਤ ਹੈ ਜਾਂ ਦੋਵੇਂ ਦੰਪਤੀ ਕਮਾਂਦੇ ਹਨ, ਉਹ ਤਾਂ ਬੁਢਾਪੇ ਵਿਚ ਵੀ ਬੱਚਿਆਂ ਦੀ ਪਰਵਾਹ ਨਹੀਂ ਕਰਦੇ ਕਿਉਂਕਿ ਉਨ੍ਹਾਂ ਦੇ ਕੋਲ ਸੁੱਖ-ਸੁਵਿਧਾ ਦੇ ਲਈ ਪੈਨਸ਼ਨ ਆਦਿ ਦੀ ਸਹੂਲਤ ਹੁੰਦੀ ਹੈ।



ਬਲਵਿੰਦਰ 'ਬਾਲਮ'
91-98156-25409

ਬਜ਼ੁਰਗ ਪੋਤਰੇ-ਪੋਤਰੀਆਂ, ਨੂੰਹ ਬੇਟੀ ਦੀ ਮਿਜਾਜ਼ ਨੂੰ, ਮਜ਼ਬੂਰ ਨੂੰ ਵੀ ਸਮਝਦੇ ਹਨ। ਨੌਕਰੀ ਪੇਸ਼ੇ ਦੀ ਮਜ਼ਬੂਰੀ, ਛੋਟੇ ਬੱਚਿਆਂ ਦੀ ਮਜ਼ਬੂਰੀ ਆਦਿ। ਕਈ ਬਜ਼ੁਰਗ ਕੇਵਲ ਆਪਣੀਆਂ ਆਦਤਾਂ ਦੀ ਹੀ ਡਫਲੀ ਵਜਾਈ ਜਾਂਦੇ ਹਨ ਉਹ ਹੋਰ ਕਿਸੇ ਦੀ ਸੁਣਦੇ ਹੀ ਨਹੀਂ। ਉਹ ਆਪਣਾ ਮਨੋਰੰਜਨ ਆਦਿ ਅਤੇ ਬਾਹਰੀ-ਸੁਸਾਇਟੀ ਤੋਂ ਬਾਜ਼ ਨਹੀਂ ਆਉਂਦੇ। ਘਰ ਦੇ ਪੈਸੇ ਦੀ ਚੋਰੀ-ਚੋਰੀ ਬਾਹਰੀ ਅੱਯਾਸ਼ੀ ਦੇ ਲਈ ਪ੍ਰਯੋਗ ਕਰਨ ਲਈ ਨਹੀਂ ਕਤਰਾਂਦੇ। ਬਾਜ਼ ਨਹੀਂ ਆਉਂਦੇ। ਬਾਹਰੀ ਕ੍ਰਿਆਵਾਂ ਉੱਪਰ ਧਨ ਬਰਬਾਦ ਕਰਕੇ ਆਪਣਾ ਸਮਾਂ ਬਤੀਤ ਕਰਦੇ ਹਨ, ਜਿਸਦੀ ਵਜ੍ਹਾ ਨਾਲ ਪਰਿਵਾਰ ਵਿਚ ਤਕਰਾਰ ਖੜ੍ਹੀ ਹੋ ਜਾਂਦੀ ਹੈ ਤੇ ਨੂੰਹ-ਬੇਟੀਆ, ਧੀਆਂ ਪੁੱਤਰਾਂ ਵਿਚ ਆਪਣੀ ਇੱਜ਼ਤ ਗਵਾਅ ਲੈਂਦੇ ਹਨ। ਫਿਰ ਵੀ ਦੇਖਿਆ ਜਾਏ ਤਾਂ ਬਜ਼ੁਰਗਾਂ ਦੇ ਇਲਾਵਾ ਘਰਾਂ ਦੀ ਕੋਈ ਕਦਰ ਨਹੀਂ ਹੁੰਦੀ। ਜਿਨ੍ਹਾਂ ਘਰਾਂ ਵਿਚ ਬਜ਼ੁਰਗ ਨਹੀਂ ਓਨਾ ਤੋਂ ਪੁੱਛ ਕੇ ਵੇਖੋ।

ਬਜ਼ੁਰਗਾਂ ਦੀ ਬੋਹੜ ਵਰਗੀ ਠੰਡੀ ਛਾਂ ਦੀ ਕੀ ਕੀਮਤ ਹੁੰਦੀ ਹੈ। ਬਜ਼ੁਰਗਾਂ ਦੇ ਇਲਾਵਾ ਘਰ ਅਧੂਰੇ ਹਨ, ਸਭ ਰਿਸ਼ਤੇ ਨਾਤੇ ਅਧੂਰੇ। ਬਜ਼ੁਰਗਾਂ ਦੇ ਨਾਲ ਸਮਝੌਤਾ ਕਰਕੇ ਘਰਾਂ ਦੀ ਜ਼ਿੰਦਗੀ ਨੂੰ ਚਲਾਉਣਾ ਹੀ ਸਮਝਦਾਰੀ ਅਤੇ ਦੂਰਦਰਸ਼ਿਤਾ ਦੀ ਗੱਲ ਹੈ। ਬਜ਼ੁਰਗਾਂ ਦੀਆਂ ਆਦਤਾਂ ਚੰਗੀਆਂ ਹਨ ਜਾਂ ਮਾੜੀਆਂ, ਉਨ੍ਹਾਂ ਨੂੰ ਹਰ ਹਾਲ ਵਿਚ ਅਪਣਾਉਣਾ ਹੀ ਪਵੇਗਾ ਨਹੀਂ ਤਾ ਸਮਾਜ ਬੱਚਿਆਂ ਨੂੰ ਹੀ ਬੁਰਾ ਕਵੇਗਾ। ਪੱਕਿਆ ਹੋਇਆ ਫ਼ਲ ਕਦੀ ਵੀ ਕੱਚਾ ਨਹੀਂ ਹੋ ਸਕਦਾ। ਢਲਦਾ ਸੂਰਜ ਕਦੀ ਪਿੱਛੇ ਨਹੀਂ ਜਾ ਸਕਦਾ।

ਬਜ਼ੁਰਗ ਤਾਂ ਸੁਗੰਧਿਤ ਗੁਲਾਬ ਹਨ ਜਿਨ੍ਹਾਂ ਦੀਆਂ ਪੰਖੜੀਆਂ (ਪੱਤੀਆਂ) ਸ਼ਾਖ਼ (ਟਹਿਣੀਆਂ) ਉੱਪਰ ਪੱਕ ਚੁੱਕੀਆਂ ਹਨ। ਇਹਨਾਂ ਦਾ ਸਹੀ ਪ੍ਰਯੋਗ ਗੁਲਕੰਦ ਬਣਾ ਕੇ ਹੀ ਕੀਤਾ ਜਾ ਸਕਦਾ ਹੈ। ਬਜ਼ੁਰਗਾਂ ਨਾਲ ਕਿਸੇ ਸੀਮਾ ਤੱਕ ਸਹਿਮਤ ਹੋ ਜਾਣਾ ਚਾਹੀਦਾ ਏ ਤਾਂਕਿ ਗੁਲਕੰਦ ਦਾ ਮਜ਼ਾ ਬਣਿਆ ਰਵੇ।

ਜ਼ਿੰਦਗੀ ਇਕ ਖੇਡ ਹੈ, ਕੋਈ ਜਿੱਤ ਰਿਹਾ ਹੈ ਕੋਈ ਹਾਰ ਰਿਹਾ ਏ। ਕਈ ਲੋਕ ਹਾਰ ਕੇ ਵੀ ਜ਼ਿੰਦਗੀ ਵਿਚ ਖ਼ੂਬਸੂਰਤੀਆਂ ਪੈਦਾ ਕਰ ਲੈਂਦੇ ਹਨ। ਕਈ ਲੋਕ ਜਿੱਤ ਕੇ ਵੀ ਜ਼ਿੰਦਗੀ ਤੋਂ ਸੰਤੁਸ਼ਟ ਨਹੀਂ ਹੁੰਦੇ।

ਮੇਰਾ ਇਕ ਦੋਸਤ ਅਖ਼ਬਾਰ ਵੇਚਣ ਦਾ ਕੰਮ ਕਰਦਾ ਹੈ। ਉਸਦਾ ਪਿਤਾ ਸਖ਼ਤ ਸੁਭਾਅ ਦਾ ਸੀ। ਇਮਾਨਦਾਰ ਅਤੇ ਮਿਹਨਤੀ ਸੀ ਪਰ ਬੋਲਚਾਲ ਦਾ ਥੋੜ੍ਹਾ ਟੇਢਾ ਸੀ। ਕੱਬਾ, ਮੂੰਹ ਫੁੱਟ, ਮੂੰ ਜ਼ੋਰ ਪਰ ਦਿਲ ਦਾ ਸੱਚਾ ਸੀ ਨੇਕ ਸੀ। ਜੋ ਮੂੰਹ ਵਿਚ ਆਏ ਬਕ ਦਿੰਦਾ। ਆਂਢ-ਗੁਆਂਢ ਕੁਝ ਨਈਂ ਸੀ ਵੇਖਦਾ। ਪਰ ਬੰਦਾ ਬਹੁਤ ਸੱਚਾ ਸੁੱਚਾ ਸੀ। ਗ਼ਰੀਬੀ ਵਿਚ ਉਸਨੇ ਪਰਿਵਾਰ ਮੈਂਟ ਕੀਤਾ। ਦੋਸਤ ਦਾ ਪਿਤਾ ਸਵੇਰੇ ਸਵੇਰੇ ਹੀ ਅਖ਼ਬਾਰਾਂ ਦੀ ਦੁਕਾਨ ਉਤੇ ਹੀ ਉਸਨੂੰ ਗਾਲੀਆਂ ਬਦਕਾ ਸੀ। ਉਨ੍ਹਾਂ ਦੀ ਤਕਰਾਰ ਵਿਚ ਮੈਂ ਵੀ ਮਸ਼ਵਰੇ ਦੇ ਤੌਰ 'ਤੇ ਸ਼ਾਮਿਲ ਹੋ ਜਾਂਦਾ ਪਿਤਾ ਨੂੰ ਦੋਸਤ ਵੀ ਕੁਝ ਬੋਲ ਦਿੰਦਾ। ਬਾਪ ਬੇਟੇ ਦੀ ਤੂੰ ਤੂੰ ਮੈਂ ਮੈਂ ਵੀ ਹੋ ਜਾਂਦੀ।

ਇਕ ਦਿਨ ਮੈਂ ਆਪਣੇ ਦੋਸਤ ਨੂੰ ਸਮਝਾਉਣ ਲੱਗਾ, "ਵੇਖ ਯਾਰ, ਤੇਰੇ ਪਿਤਾ ਜੀ ਬਹੁਤ ਇਮਾਨਦਾਰ ਹਨ ਅਤੇ ਮਿਹਨਤੀ ਵਿਅਕਤੀ ਹਨ। ਤੁਸੀਂ ਉਨ੍ਹਾਂ ਦੇ ਅੱਗੇ ਨਾ ਬੋਲਿਆ ਕਰੋ।"

ਦੋਸਤ ਨੇ ਕਿਹਾ, "ਕੀ ਕਰਾਂ ਫਿਰ ਇਨ੍ਹਾਂ ਦਾ ਘਰ ਬਾਰ ਇਹੋ ਹੀ ਹਾਲ ਹੈ। ਦੁਖੀ ਕਰ ਦਿੱਤਾ ਸਾਨੂੰ, ਬੋਲਦਾ ਬਹੁਤ ਏ।"

ਮੈਂ ਦੋਸਤ ਨੂੰ ਨਿਮਰਤਾ ਨਾਲ ਕਿਹਾ, "ਬਜ਼ੁਰਗਾਂ ਦੀਆਂ ਆਦਤਾਂ ਬੱਚਿਆਂ ਵਰਗੀਆਂ ਹੋ ਜਾਂਦੀਆਂ ਹਨ। ਉਨ੍ਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਈਂ। ਵੇਖ ਯਾਰ ਇਹ ਬਜ਼ੁਰਗ ਲੋਕ ਇਸ ਦੁਨੀਆਂ ਤੋਂ ਚਲੇ ਗਏ ਤਾਂ ਫਿਰ ਲੱਭਿਆਂ ਵੀ ਨਹੀਂ ਲੱਭਣੇ। ਲੱਖਾਂ ਆਵਾਜ਼ਾਂ ਮਾਰਨ 'ਤੇ ਵੀ ਨਈਂ ਲੱਭਣਗੇ। ਤੂੰ ਇਨ੍ਹਾਂ ਦਾ ਗੁੱਸਾ ਨਾ ਕਰਿਆ ਕਰ ਯਾਰ।"

ਸਭ ਨੂੰ ਪਤਾ ਹੈ ਕਿ ਤੇਰੇ ਪਿਤਾ ਤੈਨੂੰ ਸਮਝਾ ਰਹੇ ਹਨ, ਗਾਲੀਆਂ ਦੇ ਰਹੇ ਹਨ। ਜਦ ਇਹ ਬਜ਼ੁਰਗ। ਜਦੋਂ ਇਹ ਬਜ਼ੁਰਗ ਇਸ ਦੁਨੀਆਂ ਤੋਂ ਦੂਰ ਚਲੇ ਗਏ ਤਾਂ ਅਰਥੀ ਦੇ ਨਾਲ ਲੱਗ ਕੇ ਉਚੀ-ਉਚੀ ਰੋਣ ਦਾ ਕੀ ਫਾਇਦਾ? ਪਾਪਾ ਜੀ ਤੁਸੀਂ ਸਾਨੂੰ ਛੱਡ ਕੇ ਚਲੇ ਗਏ। ਤਦ ਅਰਥੀ ਨਾਲ ਰੋਣ ਦਾ ਕੀ ਫਾਇਦਾ?

ਜੀਉਂਦੇ ਜੀ ਉਨ੍ਹਾਂ ਦੀ ਗੱਲ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਲੋਕ ਕਹਿਣਗੇ, "ਉਹ ਹੀ ਪੁੱਤਰ ਹੈ ਜੋ ਬਾਪ ਦੇ ਅੱਗੇ ਬਰਾਬਰ ਹੋ ਕੇ ਬੋਲਦਾ ਸੀ।

ਅੱਜ ਉਹ ਮਰ ਗਿਆ ਤਾਂ ਸੁਬਕ-ਸੁਬਕ ਕੇ ਰੋ ਰਿਹਾ ਹੈ। ਝੂਠਾ ਰੋ ਰਿਹਾ ਹੈ। ਜੀਉਂਦੇ ਜੀ ਤਾ ਉਸਦੇ ਬੋਲ-ਕੁਬੋਲ ਸਵੀਕਾਰ ਨਹੀਂ ਕਰਦੇ ਰਹੇ, ਅੱਜ ਰੋਣ ਕਿਸ ਗੱਲ ਦਾ ਆ ਗਿਆ।

ਮੇਰੇ ਦੋਸਤ ਲੱਖ ਆਵਾਜ਼ਾਂ ਮਾਰਨ ਨਾਲ ਵੀ ਨਹੀਂ ਬੋਲਣਗੇ ਬਜ਼ੁਰਗ, ਜਿੰਨੀ ਉਮਰ ਹੋਵੇਗੀ ਇਨ੍ਹਾਂ ਬਜ਼ੁਰਗਾਂ ਦੀ ਜ਼ਿਆਦਾ ਤੋਂ ਜ਼ਿਆਦਾ ਦਸ ਸਾਲ ਹੋਰ ਹੋਵੇਗੀ, ਕਿਉਂਕਿ ਉਸਦੇ ਪਿਤਾ ਦੀ ਉਮਰ ਉਸ ਸਮੇਂ 70 ਸਾਲ ਦੇ ਕਰੀਬ ਸੀ।

ਉਸ ਦੋਸਤ ਨੇ ਮੇਰੀ ਗੱਲ ਮੰਨ ਲਈ ਅਤੇ ਆਪਣੀ ਪਤਨੀ ਨੂੰ ਕਿਹਾ, "ਭਾਗਵਾਨੇ ਸੁਣ ਭਲੀਏ ਲੋਕੇ ਸੁਣ, ਬਜ਼ੁਰਗਾਂ ਦੀ ਕਿਸੇ ਵੀ ਗੱਲ ਦਾ ਗੁੱਸਾ ਨਾ ਕਰਨਾ। ਇਨ੍ਹਾਂ ਨੂੰ ਖਿਡੌਣੇ ਦੀ ਤਰ੍ਹਾਂ ਸਮਝਣਾ। ਇਨ੍ਹਾਂ ਨੇ ਕਿਹੜਾ ਹਜ਼ਾਰ ਸਾਲ ਜੀਣਾ ਏ ਹੋਰ। ਜੋ ਮਰਜ਼ੀ ਕਹਿਣ ਸੱਤ ਬਦਨ ਕਹਿ ਕੇ ਸਮਾਂ ਕੱਢੀ ਚੱਲ। ਰਿਸ਼ਤੇਦਾਰਾਂ ਨੂੰ ਆਂਢ-ਗੁਆਂਢ ਇਨ੍ਹਾਂ ਦੇ ਸੁਭਾਅ ਦਾ ਪਤਾ ਹੈ।"

ਏਨੀ ਗੱਲ ਨਾਲ ਬਜ਼ੁਰਗ ਵੀ ਖ਼ੁਸ਼ ਅਤੇ ਬੱਚੇ ਵੀ। ਕੁਝ ਮਹੀਨਿਆਂ ਦੇ ਬਾਅਦ ਦੋਸਤ ਦਾ ਪਿਤਾ ਹਾਰਟ ਅਟੈਕ ਦੇ ਕਾਰਨ ਪ੍ਰਭੂ ਚਰਨਾਂ ਵਿਚ ਪਿਆਰਾ ਹੋ ਗਿਆ। ਰਿਸ਼ਤੇਦਾਰਾਂ ਨੇ, ਲੋਕਾਂ ਨੇ ਸਭ ਨੇ ਨੂੰਹ-ਪੁੱਤਰ ਦੀ ਬਹੁਤ ਤਾਰੀਫ਼ ਕੀਤੀ, "ਭਈ ਇਹ ਬਾਪ ਦੇ ਅੱਗੇ ਨਹੀਂ ਸਨ ਬੋਲਦੇ, ਇਨ੍ਹਾਂ ਦਾ ਬਾਪ ਬੜਾ ਕੱਬਾ ਵਿਅਕਤੀ ਸੀ।"

ਹੁਣ ਜਦ ਵੀ ਮੈਂ ਉਸ ਦੋਸਤ ਦੇ ਕੋਲ ਜਾਂਦਾ ਹਾਂ ਤਾਂ ਉਹ ਆਪਣੇ ਬਾਪ ਨੂੰ ਯਾਦ ਕਰਕੇ ਰੋਂਦਾ ਹੈ। ਉਸ ਨੂੰ ਪਤਾ ਚੱਲ ਗਿਆ ਕਿ ਕਾਰੋਬਾਰ ਕਿੱਦਾਂ ਚੱਲਦਾ ਹੈ? ਹੁਣ ਉਸਨੂੰ ਪਾਪਾ ਨਹੀਂ ਮਿਲਣਗੇ, ਲੱਖ ਆਵਾਜ਼ਾਂ ਮਾਰੇ।ਦ

ੋਸਤੋ ਘਰ ਵਿਚ ਵੱਡਿਆਂ ਦੇ ਕਹੇ ਸ਼ਬਦਾਂ ਦਾ ਬੁਰਾ ਨਾ ਮਨਾਓ। ਸ਼ਬਦ ਰਿਸ਼ਤੇ ਨਾਲੋਂ ਵੱਡੇ ਨਹੀਂ ਹੁੰਦੇ। ਤਕਰਾਰ ਅਤੇ ਸ਼ਬਦ ਸਮੇਂ ਨਾਲ ਉਗਦੇ ਹਨ ਅਤੇ ਮਰ ਜਾਂਦੇ ਹਨ, ਹਵਾ ਵਿਚ ਗਾਇਬ ਹੋ ਜਾਂਦੇ ਹਨ ਪਰ ਰਿਸ਼ਤੇ ਨਹੀਂ ਮਰਦੇ। ਰਿਸ਼ਤਿਆਂ ਉਪੱਰ ਸ਼ਬਦਾਂ ਨੂੰ ਭਾਰੂ ਨਾ ਹੋਣ ਦਿਓ। ਰਿਸ਼ਤਿਆਂ ਵਿਚ ਸ਼ਬਦਾਂ ਨੂੰ ਅਰਥ ਦੇਵੋ।

ਬਜ਼ੁਰਗ ਅਤੇ ਬੱਚੇ ਜੰਨਤ ਦਾ ਇਕ ਹਿੱਸਾ ਹਨ। ਜੰਨਤ ਕਿਤੇ ਉੱਪਰ ਨਹੀਂ ਹੈ, ਇੱਥੇ ਹੀ ਹੈ, ਤੁਹਾਡੇ ਪਰਿਵਾਰ ਵਿਚ, ਸਮਝੌਤੇ ਦੀ ਨੀਂਹ ਉਪਰ, ਜ਼ਿੰਦਗੀ ਦੇ ਖ਼ੂਬਸੂਰਤ ਸੁੰਦਰ ਭਵਨ ਬਣਾਓ, ਤਾ ਜ਼ਿੰਦਗੀ ਸਵਰਗ ਹੈ। ਬੁਢਾਪਾ ਇਕ ਮੰਦਿਰ ਦੀ ਦਹਿਲੀਜ਼ ਹੈ। ਨਤਮਸਤਕ ਹੋ ਜਾਓ।

# ਸਲਾਹਕਾਰ ਦੀ ਮਹੱਤਤਾ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਇੱਕ ਸਲਾਹਕਾਰ ਇੱਕ ਵਿਅਕਤੀ ਹੁੰਦਾ ਹੈ ਜੋ ਹਮੇਸ਼ਾ ਤੁਹਾਡੇ ਕੀਮਤੀ ਅਨੁਭਵ ਅਤੇ ਆਸ਼ਾਵਾਦੀ ਵਿਸ਼ਵਾਸਾਂ ਨਾਲ ਤੁਹਾਡੀ ਅਗਵਾਈ ਕਰਦਾ ਹੈ। ਸਲਾਹਕਾਰ ਹਮੇਸ਼ਾ ਤੁਹਾਡੇ ਨਾਲ ਖੜ੍ਹਾ ਹੁੰਦਾ ਹੈ ਅਤੇ ਤੁਹਾਡੀ ਅਗਵਾਈ ਕਰਦਾ ਹੈ ਕਿਉਂਕਿ ਉਸ ਕੋਲ ਮੁਹਾਰਤ ਦੇ ਕੁਝ ਖੇਤਰ ਹਨ ਜਿਨ੍ਹਾਂ ਦੇ ਆਧਾਰ 'ਤੇ ਉਹ ਤੁਹਾਡੀ ਚੰਗੀ ਰਾਏ ਨਾਲ ਸੇਵਾ ਕਰਦਾ ਹੈ। ਸਲਾਹਕਾਰ ਉਸ ਵਿਅਕਤੀ ਦਾ ਮਾਰਗਦਰਸ਼ਨ ਕਰਨ ਲਈ ਆਪਣਾ ਸਮਾਂ ਅਤੇ ਮੁਹਾਰਤ ਖਰਚਦਾ ਹੈ ਜਿਸ ਨੂੰ ਉਨ੍ਹਾਂ ਦੀ ਮਦਦ ਜਾਂ ਸਲਾਹ ਦੀ ਲੋੜ ਹੁੰਦੀ ਹੈ। ਕਰੀਅਰ ਅਤੇ ਨਿੱਜੀ ਵਿਕਾਸ ਦੇ ਉਦੇਸ਼ ਨਾਲ ਸਲਾਹਕਾਰ ਅਤੇ ਸਲਾਹਕਾਰ ਵਿਚਕਾਰ ਸਬੰਧ ਨੂੰ ਸਲਾਹਕਾਰ ਕਿਹਾ ਜਾਂਦਾ ਹੈ। ਇਹ ਇੱਕ ਰਸਮੀ ਰਿਸ਼ਤਾ ਹੋ ਸਕਦਾ ਹੈ ਜਾਂ ਗੈਰ ਰਸਮੀ ਰਿਸ਼ਤਾ ਸਲਾਹਕਾਰ ਅਤੇ ਸਲਾਹਕਾਰ ਵਿਚਕਾਰ ਸਬੰਧਾਂ 'ਤੇ ਨਿਰਭਰ ਕਰਦਾ ਹੈ। ਇੱਕ ਸਲਾਹਕਾਰ ਕੋਈ ਵੀ ਵਿਅਕਤੀ ਹੋ ਸਕਦਾ ਹੈ ਜੋ ਤੁਹਾਡਾ ਅਧਿਆਪਕ, ਕੋਚ, ਟਿਊਟਰ, ਮਾਤਾ-ਪਿਤਾ, ਦੋਸਤ, ਰਿਸ਼ਤੇਦਾਰ ਹੋ ਸਕਦਾ ਹੈ ਜਿਸ ਕੋਲ ਕੁਝ ਖਾਸ ਤਜਰਬਾ ਹੈ ਅਤੇ ਤੁਹਾਨੂੰ ਸਹੀ ਤਰੀਕੇ ਨਾਲ ਮਾਰਗਦਰਸ਼ਨ ਕਰਨ ਦੇ ਯੋਗ ਹੈ। ਸਲਾਹਕਾਰ ਤਜਰਬੇਕਾਰ ਵਿਅਕਤੀ ਹੁੰਦੇ ਹਨ ਜੋ ਆਪਣੀ ਬਿਹਤਰੀ ਲਈ ਘੱਟ ਤਜਰਬੇਕਾਰ ਲੋਕਾਂ ਨਾਲ ਆਪਣੇ ਕੀਮਤੀ ਵਿਚਾਰ ਅਤੇ ਸਿੱਖਣ ਨੂੰ ਸਾਂਝਾ ਕਰਨ ਲਈ ਤਿਆਰ ਹੁੰਦੇ ਹਨ। ਇਹ ਪੂਰਾ ਸਲਾਹਕਾਰ ਸੰਕਲਪ ਬਹੁਤ ਸਾਰੇ ਵਿਅਕਤੀਆਂ ਲਈ ਬਹੁਤ ਕੀਮਤੀ ਹੈ ਜਿਨ੍ਹਾਂ ਨੂੰ ਅਸਲ ਵਿੱਚ ਵਧਣ ਲਈ ਪ੍ਰੇਰਨਾਵਾਂ ਅਤੇ ਪ੍ਰੇਰਣਾਵਾਂ ਦੀ ਜ਼ਰੂਰਤ ਹੈ। ਕਿਸੇ ਵਿਅਕਤੀ ਦੀ ਸਫਲਤਾ ਵਿੱਚ ਮਾਰਗਦਰਸ਼ਨ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ ਕਿਉਂਕਿ ਕੋਈ ਵੀ ਦੂਜਿਆਂ ਦੀ ਮਦਦ ਜਾਂ ਕੀਮਤੀ ਸਲਾਹ ਤੋਂ ਬਿਨਾਂ ਇੱਕ ਉੱਤਮ ਸਥਾਨ ਪ੍ਰਾਪਤ ਨਹੀਂ ਕਰ ਸਕਦਾ ਹੈ। ਸਾਡੇ ਕੋਲ ਸਾਡੀਆਂ ਸਾਰੀਆਂ ਸਮੱਸਿਆਵਾਂ ਅਤੇ ਮੁਸ਼ਕਲਾਂ ਦਾ ਕੋਈ ਸੰਭਾਵੀ ਹੱਲ ਨਹੀਂ ਹੈ ਜੋ ਅਸੀਂ ਆਪਣੀ ਨਿੱਜੀ ਜ਼ਿੰਦਗੀ ਅਤੇ ਪੇਸ਼ੇਵਰ ਜੀਵਨ ਵਿੱਚ ਸਾਹਮਣਾ ਕਰਦੇ ਹਾਂ, ਸਾਨੂੰ ਕੂਟਨੀਤਕ ਬਣਾਉਣ ਲਈ ਬਾਹਰੀ ਸਮਰਥਨ ਦੀ ਲੋੜ ਹੈ। ਸਾਡੇ ਜੀਵਨ ਵਿੱਚ ਸਲਾਹਕਾਰ ਦੀ ਮਹੱਤਤਾ ਸਲਾਹਕਾਰ ਸਾਡੇ ਜੀਵਨ ਵਿੱਚ ਵੱਖ-ਵੱਖ ਭੂਮਿਕਾਵਾਂ ਨਿਭਾਉਂਦਾ ਹੈ ਅਤੇ ਵੱਖ-ਵੱਖ ਸਥਿਤੀਆਂ ਵਿੱਚ ਸਾਡਾ ਸਮਰਥਨ ਕਰਦਾ ਹੈ। ਸਾਡੇ ਜੀਵਨ ਵਿੱਚ ਇੱਕ ਚੰਗੇ ਸਲਾਹਕਾਰ ਹੋਣ ਦੇ ਬਹੁਤ ਸਾਰੇ ਫਾਇਦੇ ਹਨ। ਇੱਕ ਚੰਗੇ ਸਲਾਹਕਾਰ ਹੋਣ ਦੇ ਕੁਝ ਮੁੱਖ ਲਾਭਾਂ ਬਾਰੇ ਆਉਣ ਵਾਲੇ ਬਿੰਦੂਆਂ ਵਿੱਚ ਚਰਚਾ ਕੀਤੀ ਗਈ ਹੈ। ਸਹਾਇਤਾ: ਇਹ ਸਲਾਹਕਾਰਾਂ ਦੀਆਂ ਮੁੱਖ ਭੂਮਿਕਾਵਾਂ ਵਿੱਚੋਂ ਇੱਕ ਹੈ। ਉਹ ਸਾਡੇ ਮਾੜੇ ਸਮੇਂ ਅਤੇ ਮਾੜੇ ਮੂਡ ਵਿੱਚ ਸਾਡਾ ਸਾਥ ਦਿੰਦੇ ਹਨ। ਉਹ ਸਾਨੂੰ ਪ੍ਰੇਰਿਤ ਕਰਨਗੇ ਜਦੋਂ ਅਸੀਂ ਆਪਣੀ ਜ਼ਿੰਦਗੀ ਵਿੱਚ ਅਸਫਲਤਾ ਦਾ ਸਾਮ੍ਹਣਾ ਕਰਦੇ ਹਾਂ ਅਤੇ ਅਸਫਲਤਾ ਨੂੰ ਦੂਰ ਕਰਨ ਅਤੇ ਜੀਵਨ ਵਿੱਚ ਅੱਗੇ ਚੰਗਾ ਕਰਨ ਲਈ ਸਾਡੇ ਰਾਹ ਦੀ ਅਗਵਾਈ ਕਰਦੇ ਹਾਂ। ਉਹ ਤੁਹਾਡੀਆਂ ਸਮੱਸਿਆਵਾਂ ਸੁਣਦੇ ਹਨ ਅਤੇ ਤੁਹਾਨੂੰ ਤੁਹਾਡੀ ਜ਼ਿੰਦਗੀ ਦਾ ਸਭ ਤੋਂ ਚਮਕਦਾਰ ਪੱਖ ਦਿਖਾਉਂਦੇ ਹਨ ਭਾਵੇਂ ਤੁਸੀਂ ਬੁਰੇ ਸਮੇਂ ਵਿੱਚ ਹੋ। ਜ਼ਿਆਦਾਤਰ, ਨੌਜਵਾਨਾਂ ਨੂੰ ਬਹੁਤ ਸਾਰੀਆਂ ਅਸਫਲਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜਦੋਂ ਉਹ ਆਪਣਾ ਕੈਰੀਅਰ ਬਣਾ ਰਹੇ ਹੁੰਦੇ ਹਨ, ਉਸ ਸਮੇਂ ਇੱਕ ਚੰਗੇ ਮਾਰਗਦਰਸ਼ਕ ਦਾ ਹੋਣਾ ਬਹੁਤ ਮਹੱਤਵਪੂਰਨ ਹੁੰਦਾ ਹੈ ਕਿਉਂਕਿ ਉਸ ਸਮੇਂ ਨੌਜਵਾਨਾਂ ਨੂੰ ਆਪਣੀ ਅਸਫਲਤਾ ਤੋਂ ਬਾਹਰ ਨਿਕਲਣ ਅਤੇ ਜੀਵਨ ਵਿੱਚ ਅੱਗੇ ਪ੍ਰਾਪਤ ਕਰਨ ਲਈ ਆਪਣੇ ਆਪ ਨੂੰ ਤਿਆਰ ਕਰਨ ਲਈ ਸਹੀ ਪ੍ਰੇਰਣਾ ਦੀ ਲੋੜ ਹੁੰਦੀ ਹੈ। ਜਿਵੇਂ ਕਿ ਅਸਫਲਤਾ ਉਸ ਸਮੇਂ ਮਨ ਦੀ ਨਿਰਾਸ਼ਾਜਨਕ ਸਥਿਤੀ ਵੱਲ ਲੈ ਜਾਂਦੀ ਹੈ, ਕੀਮਤੀ ਅਨੁਭਵ ਵਾਲਾ ਵਿਅਕਤੀ ਤੁਹਾਨੂੰ ਸਹੀ ਰਾਹ ਲੈ ਸਕਦਾ ਹੈ ਕਿਉਂਕਿ ਉਹ ਪਹਿਲਾਂ ਹੀ ਆਪਣੇ ਅਤੀਤ ਵਿੱਚ ਉਸੇ ਸਥਿਤੀ ਦਾ ਸਾਹਮਣਾ ਕਰ ਚੁੱਕੇ ਹਨ ਅਤੇ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਸ ਸਮੇਂ ਕੀ ਕਰਨਾ ਹੈ। ਉਹਨਾਂ ਦੇ ਵਿਚਾਰ ਅਤੇ ਵਿਚਾਰ ਤੁਹਾਡੀ ਜ਼ਿੰਦਗੀ ਦਾ ਇੱਛਤ ਉਦੇਸ਼ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰਦੇ ਹਨ। ਤਜਰਬਾ: ਤੁਹਾਡੀ ਪਿੱਠ 'ਤੇ ਇੱਕ ਚੰਗੇ ਸਲਾਹਕਾਰ ਹੋਣ ਦਾ ਇੱਕ ਹੋਰ ਗੁਣ ਕੀਮਤੀ ਅਨੁਭਵ ਪ੍ਰਾਪਤ ਕਰਨਾ ਹੈ ਜੋ ਤੁਸੀਂ ਕਿਤਾਬਾਂ ਵਿੱਚ ਨਹੀਂ ਲੱਭ ਸਕਦੇ। ਜਿਵੇਂ ਕਿ ਸਲਾਹਕਾਰ ਪਹਿਲਾਂ ਹੀ ਆਪਣੇ ਕੰਮ ਦੇ ਖੇਤਰ ਵਿੱਚ ਮੁਹਾਰਤ ਰੱਖਦੇ ਹਨ, ਉਹ ਹਰ ਰੁਕਾਵਟ ਨੂੰ ਜਾਣਦੇ ਹਨ ਅਤੇ ਨਾਲ ਹੀ ਇਹਨਾਂ ਰੁਕਾਵਟਾਂ ਨਾਲ ਨਜਿੱਠਣ ਦੀ ਜੁਗਤ ਵੀ ਜਾਣਦੇ ਹਨ। ਤੁਸੀਂ ਉਨ੍ਹਾਂ ਤੋਂ ਆਪਣੇ ਕੈਰੀਅਰ ਜਾਂ ਨਿੱਜੀ ਜੀਵਨ ਨੂੰ ਬਣਾਉਣ ਵੇਲੇ ਆਉਣ ਵਾਲੀਆਂ ਸਮੱਸਿਆਵਾਂ ਬਾਰੇ ਵਿਚਾਰ ਲੈ ਸਕਦੇ ਹੋ। ਜਿਵੇਂ ਕਿ ਤਜਰਬਾ ਬਹੁਤ ਮਹਿੰਗੀ ਚੀਜ਼ ਹੈ, ਜੀਵਨ ਦਾ ਅਨੁਭਵ ਪ੍ਰਾਪਤ ਕਰਨ ਲਈ ਮਨੁੱਖ ਆਪਣੀ ਸਾਰੀ ਉਮਰ ਖਰਚ ਕਰ ਦਿੰਦਾ ਹੈ; ਤੁਸੀਂ ਹਰ ਨਵੇਂ ਦਿਨ ਨਵੇਂ ਮੁੱਦਿਆਂ ਅਤੇ ਚੀਜ਼ਾਂ ਦਾ ਸਾਹਮਣਾ ਕਰ ਸਕਦੇ ਹੋ। ਇਸ ਲਈ ਅਨੁਭਵ ਦਾ ਕੋਈ ਬਦਲ ਨਹੀਂ ਹੈ। ਉਨ੍ਹਾਂ ਦੇ ਜੀਵਨ ਦੇ ਤਜ਼ਰਬੇ ਤੋਂ, ਤੁਸੀਂ ਨਵੀਆਂ ਚੀਜ਼ਾਂ ਸਿੱਖ ਸਕਦੇ ਹੋ ਜਿਨ੍ਹਾਂ ਦਾ ਤੁਸੀਂ ਅਜੇ ਸਾਹਮਣਾ ਨਹੀਂ ਕੀਤਾ ਹੈ ਅਤੇ ਹਰ ਸਥਿਤੀ ਲਈ ਤਿਆਰ ਹੋ ਸਕਦੇ ਹੋ। ਤੁਹਾਨੂੰ ਵਧਦੇ ਰਹਿਣ ਲਈ ਸਿੱਖਦੇ ਰਹਿਣਾ ਪਵੇਗਾ ਅਤੇ ਇਹ ਤਾਂ ਹੀ ਸੰਭਵ ਹੈ ਜੇਕਰ ਤੁਹਾਡੇ ਜੀਵਨ ਵਿੱਚ ਸਹੀ ਅਧਿਆਪਕ ਹੋਵੇ, ਜੋ ਤੁਹਾਨੂੰ ਜੀਵਨ ਦੇ ਹਰ ਮੋੜ 'ਤੇ ਸਿਖਾਏ ਅਤੇ ਤੁਹਾਡੀ ਅਗਵਾਈ ਕਰੇਗਾ। ਤੁਸੀਂ ਦੂਜਿਆਂ ਦੇ ਤਜ਼ਰਬਿਆਂ ਨੂੰ ਸੁਣ ਕੇ ਅਤੇ ਸਿੱਖਣ ਦੁਆਰਾ ਆਪਣੇ ਆਪ ਨੂੰ ਗਲਤੀਆਂ ਕਰਨ ਤੋਂ ਬਚਾ ਸਕਦੇ ਹੋ ਜਿਵੇਂ ਕਿ ਉਹਨਾਂ ਨੇ ਕੀਤਾ ਹੈਇਹ ਗਲਤੀਆਂ ਉਨ੍ਹਾਂ ਦੀ ਜ਼ਿੰਦਗੀ ਵਿੱਚ ਪਹਿਲਾਂ ਹੀ ਹਨ। ਸਲਾਹਕਾਰ ਨੇ ਜੀਵਨ ਦੇ ਮਾਰਗ ਨੂੰ ਕਵਰ ਕੀਤਾ ਜਿਸ 'ਤੇ ਮੈਂਟੀ ਵਰਤਮਾਨ ਵਿੱਚ ਯਾਤਰਾ ਕਰ ਰਿਹਾ ਹੈ, ਇਸਲਈ ਸਲਾਹਕਾਰ ਤੁਹਾਡਾ ਪੂਰਾ ਸਮਾਂ ਮਾਰਗਦਰਸ਼ਨ ਕਰ ਸਕਦਾ ਹੈ ਜਦੋਂ ਤੱਕ ਤੁਸੀਂ ਆਪਣਾ ਟੀਚਾ ਪ੍ਰਾਪਤ ਨਹੀਂ ਕਰ ਲੈਂਦੇ। ਦ੍ਰਿਸ਼ਟੀਕੋਣ: ਚੀਜ਼ਾਂ ਅਤੇ ਸਥਿਤੀਆਂ ਨੂੰ ਦੇਖਣ ਦਾ ਤੁਹਾਡਾ ਨਜ਼ਰੀਆ ਹਰ ਵਿਅਕਤੀ ਤੋਂ ਵੱਖਰਾ ਹੁੰਦਾ ਹੈ। ਧਾਰਨਾ ਅਤੇ ਹਕੀਕਤ ਵਿੱਚ ਬਹੁਤ ਅੰਤਰ ਹੈ। ਤੁਸੀਂ ਅਸਲੀਅਤ ਤੋਂ ਵੱਖਰੀਆਂ ਚੀਜ਼ਾਂ ਦੇਖ ਸਕਦੇ ਹੋ। ਹਰ ਕੋਈ ਇੱਕੋ ਜਿਹੀਆਂ ਸਥਿਤੀਆਂ ਪ੍ਰਤੀ ਵੱਖੋ-ਵੱਖਰੀ ਪ੍ਰਤੀਕਿਰਿਆ ਕਰਦਾ ਹੈ। ਇਸ ਲਈ, ਤੁਸੀਂ ਆਪਣੇ ਸਲਾਹਕਾਰ ਨਾਲ ਸਥਿਤੀ ਬਾਰੇ ਚਰਚਾ ਕਰ ਸਕਦੇ ਹੋ ਅਤੇ ਉਹ ਤੁਹਾਨੂੰ ਉਸ ਸਥਿਤੀ ਪ੍ਰਤੀ ਆਪਣੇ ਨਜ਼ਰੀਏ ਅਤੇ ਪ੍ਰਤੀਕ੍ਰਿਆ ਬਾਰੇ ਦੱਸੇਗਾ। ਇਸ ਲਈ ਤੁਸੀਂ ਉਸ ਤੋਂ ਬਾਅਦ ਕੋਈ ਚੋਣ ਕਰ ਸਕਦੇ ਹੋ। ਤੁਹਾਡੇ ਕੋਲ ਇੱਕੋ ਸਮੱਸਿਆ ਲਈ ਘੱਟੋ-ਘੱਟ ਦੋ ਵੱਖ-ਵੱਖ ਕਿਸਮਾਂ ਦੀਆਂ ਪ੍ਰਤੀਕ੍ਰਿਆਵਾਂ ਹਨ; ਤੁਸੀਂ ਆਸਾਨੀ ਨਾਲ ਸਭ ਤੋਂ ਵਧੀਆ ਦੀ ਚੋਣ ਕਰ ਸਕਦੇ ਹੋ। ਕਮਜ਼ੋਰੀਆਂ: ਇੱਕ ਸੱਚਾ ਸਲਾਹਕਾਰ ਹਮੇਸ਼ਾ ਤੁਹਾਡੇ ਪ੍ਰਤੀਬਿੰਬ ਨੂੰ ਪ੍ਰਗਟ ਕਰੇਗਾ। ਉਹ ਤੁਹਾਨੂੰ ਝੂਠ ਬੋਲਣ ਦੀ ਬਜਾਏ ਸੱਚ ਦੱਸਦਾ ਹੈ ਕਿ ਤੁਸੀਂ ਆਪਣੀ ਮੰਜ਼ਿਲ ਪ੍ਰਾਪਤ ਕਰ ਲਈ ਹੈ। ਉਹ ਯਕੀਨੀ ਤੌਰ 'ਤੇ ਤੁਹਾਡੀਆਂ ਕਮਜ਼ੋਰੀਆਂ ਅਤੇ ਸ਼ਕਤੀਆਂ ਨੂੰ ਜਾਣਦਾ ਹੈ। ਅਤੇ ਹਮੇਸ਼ਾ ਤੁਹਾਡੀਆਂ ਮਾੜੀਆਂ ਚੀਜ਼ਾਂ ਤੋਂ ਛੁਟਕਾਰਾ ਪਾਉਣ ਅਤੇ ਤੁਹਾਡੇ ਕਮਜ਼ੋਰ ਹਿੱਸੇ ਨੂੰ ਕੱਟਣ ਵਿੱਚ ਤੁਹਾਡੀ ਮਦਦ ਕਰਦਾ ਹੈ। ਅਜਿਹਾ ਅਕਸਰ ਹੁੰਦਾ ਹੈ ਕਿ ਅਸੀਂ ਆਪਣੀਆਂ ਗਲਤੀਆਂ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ ਪਰ ਜੇਕਰ ਕੋਈ ਅਜਿਹਾ ਵਿਅਕਤੀ ਮੌਜੂਦ ਹੈ ਜੋ ਸਾਨੂੰ ਸਮਝਦਾ ਹੈ ਅਤੇ ਸਾਨੂੰ ਸਾਡੀਆਂ ਗਲਤੀਆਂ ਦਾ ਅਹਿਸਾਸ ਹੁੰਦਾ ਹੈ। ਫਿਰ ਯਕੀਨੀ ਤੌਰ 'ਤੇ ਅਸੀਂ ਆਪਣੀਆਂ ਕਮੀਆਂ 'ਤੇ ਕੰਮ ਕਰਾਂਗੇ ਅਤੇ ਆਪਣੇ ਆਪ ਨੂੰ ਬਿਹਤਰ ਬਣਾਵਾਂਗੇ। ਇਸ ਵਿੱਚ ਇੱਕ ਚੰਗਾ ਸਲਾਹਕਾਰ ਹਮੇਸ਼ਾ ਸਾਡੀ ਮਦਦ ਕਰਦਾ ਹੈ ਅਤੇ ਸਾਡੀ ਅਗਵਾਈ ਕਰਦਾ ਹੈ ਜਿਸ ਦੁਆਰਾ ਅਸੀਂ ਆਪਣੀਆਂ ਕਮੀਆਂ ਨੂੰ ਦੂਰ ਕਰ ਸਕਦੇ ਹਾਂ ਅਤੇ ਸਾਨੂੰ ਆਦਰਸ਼ ਬਣਾ ਸਕਦੇ ਹਾਂ। ਕਿਸੇ ਨੂੰ ਉਸ ਦੀਆਂ ਗਲਤੀਆਂ ਅਤੇ ਖਾਮੀਆਂ ਬਾਰੇ ਅਹਿਸਾਸ ਕਰਵਾਉਣਾ ਸਭ ਤੋਂ ਔਖਾ ਹਿੱਸਾ ਹੋ ਸਕਦਾ ਹੈ ਪਰ ਇੱਕ ਚੰਗਾ ਅਧਿਆਪਕ ਜਾਣਦਾ ਹੈ ਕਿ ਇਸਨੂੰ ਕਿਵੇਂ ਕਰਨਾ ਹੈ ਅਤੇ ਇਸਨੂੰ ਸਹੀ ਢੰਗ ਨਾਲ ਕਿਵੇਂ ਕਰਨਾ ਹੈ। ਇੱਕ ਸਲਾਹਕਾਰ ਇਸ ਪ੍ਰਕਿਰਿਆ ਵਿੱਚ ਇੱਕ ਸਲਾਹਕਾਰ ਦੇ ਨਾਲ-ਨਾਲ ਇੱਕ ਦੋਸਤ, ਇੱਕ ਦੋਸਤ ਜੋ ਤੁਹਾਡੀਆਂ ਕਮੀਆਂ ਨੂੰ ਜਾਣਦਾ ਹੈ ਅਤੇ ਇੱਕ ਸਲਾਹਕਾਰ ਜੋ ਇਸਨੂੰ ਠੀਕ ਕਰਨ ਵਿੱਚ ਤੁਹਾਡੀ ਮਦਦ ਕਰਦਾ ਹੈ, ਦੋਹਰੀ ਭੂਮਿਕਾ ਨਿਭਾਏਗਾ। ਉਹ ਤੁਹਾਨੂੰ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਤੁਹਾਡੀਆਂ ਪਿਛਲੀਆਂ ਗਲਤੀਆਂ ਨੂੰ ਸਵੀਕਾਰ ਕਰਦੇ ਹਨ ਅਤੇ ਤੁਹਾਡੇ ਆਉਣ ਵਾਲੇ ਸਮੇਂ ਵਿੱਚ ਤੁਹਾਨੂੰ ਇੱਕ ਚੰਗਾ ਅਤੇ ਸਫਲ ਵਿਅਕਤੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। ਆਪਣੇ ਆਰਾਮ ਖੇਤਰ ਨੂੰ ਤੋੜੋ: ਇੱਕ ਚੰਗਾ ਸਲਾਹਕਾਰ ਹਮੇਸ਼ਾ ਤੁਹਾਨੂੰ ਤੁਹਾਡੇ ਆਰਾਮ ਦੇ ਪੱਧਰ ਤੋਂ ਬਾਹਰ ਕਰ ਦਿੰਦਾ ਹੈ। ਤੁਹਾਡੇ ਆਰਾਮ ਖੇਤਰ ਵਿੱਚ ਤੁਹਾਡੇ ਆਲੇ ਦੁਆਲੇ ਹਮੇਸ਼ਾ ਕੁਝ ਲੋਕ ਮੌਜੂਦ ਹੋਣਗੇ, ਪਰ ਇੱਕ ਵਫ਼ਾਦਾਰ ਸਲਾਹਕਾਰ ਹਮੇਸ਼ਾ ਤੁਹਾਨੂੰ ਸੁਧਾਰ ਕਰਨ ਅਤੇ ਤੁਹਾਡੇ ਆਰਾਮ ਨੂੰ ਤੋੜਨ ਲਈ ਉਤਸ਼ਾਹਿਤ ਕਰਦਾ ਰਹਿੰਦਾ ਹੈ ਤਾਂ ਜੋ ਤੁਸੀਂ ਨਵੇਂ ਅਨੁਭਵ ਪ੍ਰਾਪਤ ਕਰ ਸਕੋ। ਇੱਕ ਭਰੋਸੇਮੰਦ ਸਲਾਹਕਾਰ ਹਮੇਸ਼ਾ ਤੁਹਾਨੂੰ ਨਵੇਂ ਦਿਸ਼ਾ-ਨਿਰਦੇਸ਼ ਅਤੇ ਵਿਕਲਪ ਦਿੰਦਾ



ਹੈ, ਜਦੋਂ ਤੁਸੀਂ ਆਪਣੇ ਆਪ ਨੂੰ ਆਪਣੇ ਆਰਾਮ ਖੇਤਰ ਤੋਂ ਬਾਹਰ ਕੱਢਦੇ ਹੋ ਤਾਂ ਵੀ ਤੁਹਾਡਾ ਸਮਰਥਨ ਕਰਦਾ ਹੈ। ਇਸ ਨਵੇਂ ਗਠਨ ਲਈ, ਸਲਾਹਕਾਰ ਅਤੇ ਸਲਾਹਕਾਰ ਵਿਚਕਾਰ ਵਿਸ਼ਵਾਸ ਅਤੇ ਵਚਨਬੱਧਤਾ ਬਹੁਤ ਮਹੱਤਵਪੂਰਨ ਹੈ। ਇੱਕ ਸਲਾਹਕਾਰ ਹਮੇਸ਼ਾ ਤੁਹਾਨੂੰ ਤੁਹਾਡੀ ਸਫਲਤਾ ਦੇ ਮਾਰਗ 'ਤੇ ਇੱਕ ਕਿੱਕ ਸ਼ੁਰੂ ਕਰਦਾ ਹੈ ਅਤੇ ਤੁਹਾਨੂੰ ਉਹ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ ਜੋ ਤੁਸੀਂ ਆਪਣੀ ਜ਼ਿੰਦਗੀ ਵਿੱਚ ਪੂਰਾ ਕਰਨਾ ਚਾਹੁੰਦੇ ਹੋ। ਸ਼ੁਰੂਆਤ ਕਰਨਾ ਤੁਹਾਡੇ ਲੋੜੀਂਦੇ ਟੀਚਿਆਂ ਨੂੰ ਪੂਰਾ ਕਰਨ ਦਾ ਸਭ ਤੋਂ ਔਖਾ ਹਿੱਸਾ ਹੈ। ਸਾਡੇ ਸਾਰਿਆਂ ਦੇ ਜੀਵਨ ਵਿੱਚ ਨਿਸ਼ਚਤ ਤੌਰ 'ਤੇ ਟੀਚੇ ਅਤੇ ਉਦੇਸ਼ ਹਨ ਪਰ ਅਸੀਂ ਉਨ੍ਹਾਂ ਨੂੰ ਉਦੋਂ ਤੱਕ ਪ੍ਰਾਪਤ ਨਹੀਂ ਕਰ ਸਕਦੇ ਜਦੋਂ ਤੱਕ ਅਸੀਂ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਸਖਤ ਮਿਹਨਤ ਨਹੀਂ ਕਰਦੇ। ਆਤਮ-ਵਿਸ਼ਵਾਸ ਪੈਦਾ ਕਰੋ: ਤੁਹਾਡੇ ਜੀਵਨ ਵਿੱਚ ਮਹਾਨ ਸਲਾਹਕਾਰ ਹੋਣ ਦੇ ਨਤੀਜੇ ਵਜੋਂ ਵਿਸ਼ਵਾਸ ਦਾ ਪੱਧਰ ਉੱਚਾ ਹੁੰਦਾ ਹੈ। ਜਦੋਂ ਅਸੀਂ ਜਾਣਦੇ ਹਾਂ ਕਿ ਕੋਈ ਸਾਡੀ ਪਿੱਠ ਦੇਖ ਰਿਹਾ ਹੈ ਅਤੇ ਸਾਡੇ ਬੁਰੇ ਸਮੇਂ ਵਿੱਚ ਸਾਡੀ ਮਦਦ ਕਰਦਾ ਹੈ ਤਾਂ ਅਸੀਂ ਬਹੁਤ ਆਤਮਵਿਸ਼ਵਾਸ ਮਹਿਸੂਸ ਕਰਦੇ ਹਾਂ ਅਤੇ ਉਤਸ਼ਾਹ ਨਾਲ ਆਪਣਾ ਕੰਮ ਕਰਦੇ ਹਾਂ। ਸਲਾਹਕਾਰ ਸਾਨੂੰ ਇਸ ਤਰ੍ਹਾਂ ਉਤਸ਼ਾਹਿਤ ਕਰਦੇ ਹਨ ਕਿ ਅਸੀਂ ਮਹਿਸੂਸ ਕਰਦੇ ਹਾਂ ਕਿ ਅਸੀਂ ਕੰਮ ਕਰ ਸਕਦੇ ਹਾਂ ਅਤੇ ਸਾਡਾ ਆਤਮ-ਵਿਸ਼ਵਾਸ ਆਪਣੇ ਆਪ ਵਧਦਾ ਹੈ। ਸਲਾਹਕਾਰ ਸਾਡੀਆਂ ਕਾਬਲੀਅਤਾਂ ਨੂੰ ਦੇਖ ਸਕਦੇ ਹਨ ਜੋ ਅਸੀਂ ਆਪਣੇ ਆਪ ਵਿੱਚ ਨਹੀਂ ਦੇਖ ਸਕਦੇ ਕਿਉਂਕਿ ਅਸੀਂ ਅਕਸਰ ਆਪਣੇ ਆਪ ਨੂੰ ਅਤੇ ਸਾਡੇ ਕੋਲ ਮੌਜੂਦ ਕਾਬਲੀਅਤਾਂ ਨੂੰ ਘੱਟ ਸਮਝਦੇ ਹਾਂ। ਪਰ ਸਲਾਹਕਾਰ ਸਾਨੂੰ ਉਨ੍ਹਾਂ ਹੁਨਰਾਂ ਬਾਰੇ ਜਾਣੂ ਕਰਵਾਉਂਦੇ ਹਨ ਜੋ ਸਾਡੇ ਵਿੱਚ ਮੌਜੂਦ ਹਨ ਅਤੇ ਅਸੀਂ ਆਪਣੇ ਆਪ ਬਾਰੇ ਵਿਸ਼ਵਾਸ ਮਹਿਸੂਸ ਕਰਨਾ ਸ਼ੁਰੂ ਕਰ ਦਿੰਦੇ ਹਾਂ। ਵਿਸ਼ਵਾਸ ਮੁੱਖ ਚੀਜ਼ਾਂ ਵਿੱਚੋਂ ਇੱਕ ਹੈ ਜੋ ਸਾਨੂੰ ਕੁਝ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ ਜੋ ਅਸੀਂ ਚਾਹੁੰਦੇ ਹਾਂ। ਵਿਸ਼ਵਾਸ ਸਾਡੀ ਇੱਛਾ ਸ਼ਕਤੀ ਨੂੰ ਮਜ਼ਬੂਤ ਕਰਦਾ ਹੈ ਅਤੇ ਸਾਨੂੰ ਆਪਣੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਸਖ਼ਤ ਮਿਹਨਤ ਕਰਨ ਲਈ ਮਜਬੂਰ ਕਰਦਾ ਹੈ। ਜੇ ਤੁਸੀਂ ਸੋਚਦੇ ਹੋ ਕਿ ਤੁਸੀਂ ਆਪਣੇ ਟੀਚਿਆਂ ਅਤੇ ਟੀਚਿਆਂ ਨੂੰ ਪ੍ਰਾਪਤ ਕਰਨ ਲਈ ਅੱਗੇ ਵਧਣਾ ਚਾਹੁੰਦੇ ਹੋ, ਤਾਂ ਤੁਹਾਨੂੰ ਕੁਝ ਚੰਗੇ ਸਲਾਹਕਾਰ ਲੱਭਣੇ ਚਾਹੀਦੇ ਹਨ ਤਾਂ ਜੋ ਤੁਸੀਂ ਉਹ ਪ੍ਰਾਪਤ ਕਰ ਸਕੋ ਜੋ ਤੁਸੀਂਤੁਸੀਂ ਚਾਹੁੰਦੇ ਹੋ। ਸਲਾਹਕਾਰ ਅਨਮੋਲ ਹੀਰਿਆਂ ਵਾਂਗ ਹੁੰਦੇ ਹਨ ਜੋ ਹਮੇਸ਼ਾ ਸਾਨੂੰ ਬਿਨਾਂ ਕਿਸੇ ਲਾਲਚ ਦੇ ਚਮਕਦੇ ਰਹਿੰਦੇ ਹਨ। ਉਹ ਉਹ ਵਿਅਕਤੀ ਹਨ ਜੋ ਹਮੇਸ਼ਾ ਤੁਹਾਡੇ ਵਿਚਾਰਾਂ ਨੂੰ ਤੇਜ਼ ਕਰਦੇ ਹਨ, ਤੁਹਾਡੇ ਖਾਲੀ ਸਮੇਂ ਵਿੱਚ ਵੀ ਸਿੱਖਦੇ ਹਨ, ਮਨੋਰੰਜਨ ਵੀ ਕਰਦੇ ਹਨ ਅਤੇ ਆਪਣੇ ਕੀਮਤੀ ਤਜ਼ਰਬਿਆਂ ਨਾਲ ਸਿੱਖਣ ਦਿੰਦੇ ਹਨ। ਤੁਹਾਡੇ ਕੋਲ ਕਈ ਹੁਨਰ ਹੋ ਸਕਦੇ ਹਨ ਪਰ ਇਹਨਾਂ ਹੁਨਰਾਂ ਨੂੰ ਆਪਣੀ ਨਿੱਜੀ ਅਤੇ ਪੇਸ਼ੇਵਰ ਜ਼ਿੰਦਗੀ ਵਿੱਚ ਵਰਤਣ ਲਈ ਤੁਹਾਨੂੰ ਇੱਕ ਗਾਈਡ ਦੀ ਲੋੜ ਹੈ ਜੋ ਇਹ ਦੱਸੇ ਕਿ ਆਪਣੇ ਆਪ ਦੀ ਬਿਹਤਰ ਵਰਤੋਂ ਕਿਵੇਂ ਕਰਨੀ ਹੈ। ਉੱਪਰ ਦੱਸੇ ਕਾਰਨਾਂ ਤੋਂ, ਅਸੀਂ ਜਾਣਦੇ ਹਾਂ ਕਿ ਸਲਾਹਕਾਰ ਵੱਖ-ਵੱਖ ਕਾਰਨਾਂ ਕਰਕੇ ਅਨਮੋਲ ਹੁੰਦੇ ਹਨ ਅਤੇ ਉਹ ਹਰ ਕਿਸੇ ਦੇ ਜੀਵਨ ਵਿੱਚ ਮੁੱਖ ਭੂਮਿਕਾ ਨਿਭਾਉਂਦੇ ਹਨ। ਉਹ ਇੱਕ ਉੱਚ ਸ਼੍ਰੇਣੀ ਦੇ ਪਕਵਾਨ ਦੇ ਗੁਪਤ ਸਾਮੱਗਰੀ ਵਾਂਗ ਹਨ। ਆਪਣੇ ਚੰਗੇ ਸਮੇਂ ਵਿੱਚ ਆਪਣੇ ਸਲਾਹਕਾਰਾਂ ਨੂੰ ਨਾ ਭੁੱਲੋ ਕਿਉਂਕਿ ਉਹ ਤੁਹਾਡੇ ਮਾੜੇ ਸਮੇਂ ਵਿੱਚ ਤੁਹਾਡੇ ਨਾਲ ਹੁੰਦੇ ਹਨ। ਉਹ ਤੁਹਾਨੂੰ ਸਫਲਤਾ ਦਾ ਨਕਸ਼ਾ ਪ੍ਰਦਾਨ ਕਰਦੇ ਹਨ ਅਤੇ ਸਫਲਤਾ ਦੇ ਰਾਹ ਵਿੱਚ ਤੁਹਾਡੀ ਅਗਵਾਈ ਵੀ ਕਰਦੇ ਹਨ। ਉਹ ਤੁਹਾਨੂੰ ਜ਼ਰੂਰੀ ਸਾਧਨ ਪ੍ਰਦਾਨ ਕਰਦੇ ਹਨ ਜੋ ਸਫਲਤਾ ਵੱਲ ਯਾਤਰਾ ਲਈ ਲੋੜੀਂਦੇ ਹਨ। ਤੁਹਾਡੇ ਸਲਾਹਕਾਰਾਂ ਦੁਆਰਾ ਤੁਹਾਨੂੰ ਪ੍ਰਦਾਨ ਕੀਤੀ ਗਈ ਸਾਰੀ ਪ੍ਰੇਰਣਾ ਅਤੇ ਪ੍ਰੇਰਨਾ ਇੱਕ ਆਦਰਸ਼ ਵਿਅਕਤੀ ਬਣਾਉਣ ਵਿੱਚ ਨਤੀਜਾ ਦਿੰਦੀ ਹੈ। ਇਸ ਲਈ, ਹਮੇਸ਼ਾ ਆਪਣੇ ਸਲਾਹਕਾਰਾਂ ਦੇ ਨਾਲ ਰਹੋ ਅਤੇ ਉਹਨਾਂ ਦੇ ਦੇਣਦਾਰ ਬਣੋ ਕਿਉਂਕਿ ਉਹ ਤੁਹਾਡੇ ਸਫਲ ਜੀਵਨ ਦੇ ਨਿਰਮਾਤਾ ਹਨ।

# ਨੈਸ਼ਨਲ ਡਿਜੀਟਲ ਯੂਨੀਵਰਸਿਟੀ ਇਸ ਸਾਲ ਹੋਂਦ ਵਿੱਚ ਆ ਜਾਵੇਗੀ

ਨੈਸ਼ਨਲ ਡਿਜੀਟਲ ਯੂਨੀਵਰਸਿਟੀ ਦਾ ਇੰਤਜ਼ਾਰ ਹੁਣ ਖਤਮ ਹੋਵੇਗਾ। ਇਹ ਇਸ ਸਾਲ ਦੇ ਅੰਤ ਤੱਕ ਹੋਂਦ ਵਿੱਚ ਆ ਜਾਵੇਗਾ। ਕੇਂਦਰ ਸਰਕਾਰ ਨੇ ਬਜਟ ਵਿੱਚ ਇਸ ਦੇ ਗਠਨ ਲਈ 100 ਕਰੋੜ ਰੁਪਏ ਦਾ ਵਿਸ਼ੇਸ਼ ਪ੍ਰਬੰਧ ਕੀਤਾ ਹੈ। ਇਹ ਯੂਨੀਵਰਸਿਟੀ ਨਾਲ ਸਬੰਧਤ ਬੁਨਿਆਦੀ ਢਾਂਚੇ ਅਤੇ ਅਧਿਐਨ ਸਮੱਗਰੀ ਆਦਿ ਨੂੰ ਇਕੱਠਾ ਕਰਨ 'ਤੇ ਖਰਚ ਕੀਤਾ ਜਾਵੇਗਾ। ਕੇਂਦਰ ਸਰਕਾਰ ਦੁਆਰਾ 2022 ਵਿੱਚ ਨੈਸ਼ਨਲ ਡਿਜੀਟਲ ਯੂਨੀਵਰਸਿਟੀ ਦੇ ਗਠਨ ਦਾ ਐਲਾਨ ਕੀਤਾ ਗਿਆ ਸੀ। 2023-24 ਵਿੱਚ, ਸਰਕਾਰ ਨੇ ਆਪਣੇ ਬਜਟ ਵਿੱਚ ਇਸ ਦੇ ਗਠਨ ਲਈ ਸਿਰਫ 4 ਕਰੋੜ ਰੁਪਏ ਅਲਾਟ ਕੀਤੇ ਸਨ। ਇਹਇਸ ਦੌਰਾਨ ਨੈਸ਼ਨਲ ਡਿਜੀਟਲ ਯੂਨੀਵਰਸਿਟੀ ਦੇ ਗਠਨ ਸਬੰਧੀ ਤਿਆਰੀਆਂ ਲਗਭਗ ਮੁਕੰਮਲ ਹੋ ਚੁੱਕੀਆਂ ਹਨ। ਨਾਲ ਹੀ ਇਸ ਦਾ ਢਾਂਚਾ ਵੀ ਤਿਆਰ ਕਰ ਲਿਆ ਗਿਆ ਹੈ। ਇਸ ਵਿੱਚ ਕੇਂਦਰੀ ਯੂਨੀਵਰਸਿਟੀ ਸਮੇਤ ਦੇਸ਼ ਦੀਆਂ ਸਾਰੀਆਂ ਉੱਚ ਸਿੱਖਿਆ ਸੰਸਥਾਵਾਂ ਨਾਲ ਸਬੰਧਤ ਕੋਰਸ ਕਰਵਾਏ ਜਾਣਗੇ। ਸਿੱਖਿਆ ਮੰਤਰਾਲੇ ਨਾਲ ਸਬੰਧਤ ਸੂਤਰਾਂ ਅਨੁਸਾਰ ਇਸ ਦੀ ਕਾਰਵਾਈ ਲਈ ਉੱਚ ਪੱਧਰੀ ਕਮੇਟੀ ਵੀ ਬਣਾਈ ਗਈ ਹੈ। ਚੇਅਰਮੈਨ, ਵਾਈਸ-ਚਾਂਸਲਰ, ਉਚੇਰੀ ਸਿੱਖਿਆ ਸਕੱਤਰ ਸਮੇਤ ਕਾਰਜਕਾਰੀ ਸਕੱਤਰ, ਕੇਂਦਰੀ ਅਤੇ ਰਾਜ ਯੂਨੀਵਰਸਿਟੀਆਂ ਦੇ ਦੋ-ਦੋ ਵਾਈਸ-ਚਾਂਸਲਰ ਅਤੇ ਦੋ ਹੋਰ ਸਿੱਖਿਆ ਸ਼ਾਸਤਰੀਆਂ ਦੀ ਨਿਯੁਕਤੀ ਦਾ ਪ੍ਰਸਤਾਵ ਹੈ।, ਮੰਨਿਆ ਜਾ ਰਿਹਾ ਹੈ ਕਿ ਬਜਟ 'ਚ ਨਵੀਂ ਵੰਡ ਤੋਂ ਬਾਅਦ ਹੁਣ ਇਸ ਦੇ ਗਠਨ 'ਚ ਤੇਜ਼ੀ ਆਵੇਗੀ। ਪ੍ਰਸ਼ਾਸਨਿਕ ਇਮਾਰਤ ਦੀ ਤਿਆਰੀ ਸਮੇਤ ਤਕਨੀਕੀ ਸਹੂਲਤਾਂ ਜਲਦੀ ਹੀ ਜੁਟਾਈਆਂ ਜਾਣਗੀਆਂ। ਡਿਜੀਟਲ ਯੂਨੀਵਰਸਿਟੀ ਬਣਨ ਲਈ ਵੱਡੇ ਕੈਂਪਸ ਦੀ ਲੋੜ ਨਹੀਂ ਪਵੇਗੀ। **-ਵਿਜੈ ਗਰਗ**

# ਯੋਗਤਾਵਾਂ ਦੇ ਮੁਲਾਂਕਣ 'ਤੇ ਧਿਆਨ ਕੇਂਦਰਿਤ ਕਰਨ ਲਈ 9-12ਵੀਂ ਜਮਾਤਾਂ ਲਈ ਐਨ.ਸੀ.ਈ.ਆਰ.ਟੀ ਦੁਆਰਾ ਸੰਪੂਰਨ ਪ੍ਰਗਤੀ ਕਾਰਡ

**ਵਿਜੈ ਗਰਗ**

ਨੈਸ਼ਨਲ ਕਾਉਂਸਿਲ ਫਾਰ ਐਜੂਕੇਸ਼ਨ ਐਂਡ ਰਿਸਰਚ ਟਰੇਨਿੰਗ (ਐਨ.ਸੀ.ਈ.ਆਰ.ਟੀ.) ਦੇ ਅਧੀਨ ਸਥਾਪਿਤ ਰਾਸ਼ਟਰੀ ਮੁਲਾਂਕਣ ਕੇਂਦਰ ਪਾਰਖ, ਨੇ ਹਾਲ ਹੀ ਵਿੱਚ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ (ਜਮਾਤਾਂ *IX-XII*) ਲਈ ਇੱਕ ਹੋਲਿਸਟਿਕ ਪ੍ਰੋਗਰੈਸ ਕਾਰਡ ਜਾਰੀ ਕੀਤਾ ਹੈ। ਸਕੂਲੀ ਵਿਦਿਆਰਥੀਆਂ ਵਿੱਚ ਯੋਗਤਾਵਾਂ ਨੂੰ ਇਕਸਾਰ ਕਰਨ ਅਤੇ ਵਿਕਸਿਤ ਕਰਨ ਦੇ ਉਦੇਸ਼ ਨਾਲ ਐਚਪੀਸੀ ਨੂੰ ਵਿਦਿਆਰਥੀਆਂ ਵਿੱਚ ਸਵੈ-ਪ੍ਰਤੀਬਿੰਬ, ਖੋਜ ਹੁਨਰ, ਦਾਖਲਾ ਪ੍ਰੀਖਿਆ ਦੀ ਤਿਆਰੀ, ਅਤੇ ਸਮਾਂ ਪ੍ਰਬੰਧਨ ਦਾ ਮੁਲਾਂਕਣ ਕਰਨ ਵਾਲੇ ਚਾਰ ਭਾਗਾਂ ਵਿੱਚ ਵੰਡਿਆ ਗਿਆ ਹੈ, ਜੋ ਵਿਦਿਆਰਥੀਆਂ ਦੁਆਰਾ ਸਵੈ-ਮੁਲਾਂਕਣ ਤੋਂ ਬਾਅਦ ਭਰਿਆ ਜਾਵੇਗਾ। ਅਧਿਆਪਕ ਅਤੇ ਸਲਾਹਕਾਰ ਐਚਪੀਸੀ ਨੂੰ ਅੰਤਿਮ ਰੂਪ ਦਿੰਦੇ ਸਮੇਂ ਯੋਗਤਾਵਾਂ ਦਾ ਮੁਲਾਂਕਣ ਕਰਨਗੇ ਅਤੇ ਫੀਡਬੈਕ ਪ੍ਰਦਾਨ ਕਰਨਗੇ। ਐਨ।ਸੀ।ਈ।ਆਰ।ਟੀ ਨੇ ਐਚਪੀਸੀ ਨੂੰ ਰਾਸ਼ਟਰੀ ਸਿੱਖਿਆ ਨੀਤੀ ਦੇ ਫਰੇਮਵਰਕ ਨੈਸ਼ਨਲ ਕਰੀਕੁਲਮ ਫਰੇਮਵਰਕ ਫਾਰ ਸਕੂਲ ਐਜੂਕੇਸ਼ਨ ਦੇ ਨਾਲ ਸਮਕਾਲੀ ਬਣਾਇਆ ਹੈ। ਫਰੇਮਵਰਕ ਦਾ ਉਦੇਸ਼ ਬਹੁ-ਅਨੁਸ਼ਾਸਨੀ ਸਿੱਖਿਆ ਨੂੰ ਪੇਸ਼ ਕਰਨਾ, ਰਚਨਾਤਮਕ ਸਿੱਖਿਆ ਸ਼ਾਸਤਰਾਂ ਨੂੰ ਉਤਸ਼ਾਹਿਤ ਕਰਨਾ, ਅਤੇ ਪਰੰਪਰਾਗਤ ਪੈੱਨ-ਅਤੇ-ਪੇਪਰ ਪ੍ਰੀਖਿਆਵਾਂ ਤੋਂ ਪਰੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਦਾ ਪਾਲਣ ਪੋਸ਼ਣ ਕਰਨਾ ਹੈ। ਐਨ।ਸੀ।ਈ।ਆਰ।ਟੀ ਸ਼ਖਸੀਅਤ ਦੇ ਨਿਰਮਾਣ 'ਤੇ ਧਿਆਨ ਕੇਂਦ੍ਰਤ ਕਰਕੇ, ਅੰਦਰੂਨੀ ਹੁਨਰਾਂ ਨੂੰ ਵਿਕਸਤ ਕਰਨ ਅਤੇ ਲੰਬੇ ਸਮੇਂ ਦੇ ਕੈਰੀਅਰ ਦੇ ਟੀਚਿਆਂ ਨੂੰ ਬਣਾਉਣ ਵਿੱਚ ਮਦਦ ਕਰਕੇ ਇਸਨੂੰ ਰਵਾਇਤੀ ਰਿਪੋਰਟ ਕਾਰਡ ਨਾਲ ਜੋੜਨ ਲਈ ਵੀ ਆਸਵੰਦ ਹੈ।

"ਐਚਪੀਸੀ ਵਿੱਚ ਸੈਕੰਡਰੀ ਪੜਾਅ ਵਿਦਿਆਰਥੀਆਂ ਨੂੰ ਇੱਕ ਨਿਸ਼ਾਨਾ ਤਰੀਕੇ ਨਾਲ ਕਰੀਅਰ ਦੀ ਚੋਣ ਕਰਨ ਵਿੱਚ ਮਦਦ ਕਰਨ 'ਤੇ ਕੇਂਦ੍ਰਤ ਕਰਦਾ ਹੈ। ਪ੍ਰਗਤੀ ਕਾਰਡ ਵਿਦਿਆਰਥੀਆਂ ਦੀਆਂ ਰੁਚੀਆਂ ਦਾ ਮੁਲਾਂਕਣ ਕਰਦਾ ਹੈ ਤਾਂ ਜੋ ਉਹਨਾਂ ਨੂੰ ਉਹਨਾਂ ਦੀ ਕੰਮ ਦੀ ਸੰਭਾਵਨਾ ਨਾਲ ਜੋੜਿਆ ਜਾ ਸਕੇ। ਕਾਰਡ ਵਿੱਚ ਇਹ ਸਵਾਲ ਸ਼ਾਮਲ ਹੁੰਦੇ ਹਨ ਕਿ ਵਿਦਿਆਰਥੀ ਇੱਕ, ਦੋ ਜਾਂ ਦਸ ਸਾਲਾਂ ਵਿੱਚ ਆਪਣੇ ਆਪ ਦੀ ਕਲਪਨਾ ਕਿਵੇਂ ਕਰਦੇ ਹਨ, ਨਾਲ ਹੀ ਉਹਨਾਂ ਦੀ ਤਰੱਕੀ, ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ, ਅਤੇ ਇੱਕ ਨਿਸ਼ਚਿਤ ਟੀਚਾ ਪ੍ਰਾਪਤ ਕਰਨ ਲਈ ਲੋੜੀਂਦੇ ਹੁਨਰਾਂ ਬਾਰੇ ਪੁੱਛਗਿੱਛ ਕਰਦੇ ਹਨ। ਅਧਿਆਪਕ ਅਤੇ ਸਲਾਹਕਾਰ ਵਿਦਿਆਰਥੀਆਂ ਨੂੰ ਆਪਣੇ ਕਰੀਅਰ ਦੇ ਟੀਚਿਆਂ ਦਾ ਬਿਹਤਰ ਮੁਲਾਂਕਣ ਕਰਨ ਵਿੱਚ ਮਦਦ ਕਰਨ ਲਈ ਇਹਨਾਂ ਭਾਗਾਂ ਨੂੰ ਪੂਰਾ ਕਰਨ ਵਿੱਚ ਸਹਾਇਤਾ ਕਰਨਗੇ, "ਪ੍ਰੋ. ਇੰਦਰਾਣੀ ਭਾਦੁੜੀ, ਸੀਈਓ ਪਾਰਖ ਅਤੇ ਮੁਖੀ, ਵਿਦਿਅਕ ਸਰਵੇਖਣ ਡਿਵੀਜ਼ਨ, ਐਨ.ਸੀ.ਈ.ਆਰ.ਟੀ , ਨੇ ਕਿਹਾ। ਐਨ.ਸੀ.ਈ.ਆਰ.ਟੀ ਨੇ ਐਚਪੀਸੀ ਨੂੰ ਲਾਗੂ ਕਰਨ ਲਈ ਖੇਤਰੀ ਵਰਕਸ਼ਾਪਾਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ। "ਅਸੀਂ ਸੈਕੰਡਰੀ ਪੱਧਰ 'ਤੇ ਤਰੱਕੀ ਕਾਰਡ ਨੂੰ ਲਾਗੂ ਕਰਨ ਲਈ ਵੱਖ-ਵੱਖ ਰਾਜ ਬੋਰਡਾਂ ਅਤੇ ਐਸ ਸੀ ਆਰ ਟੀ ਨਾਲ ਗੱਲਬਾਤ ਕਰ ਰਹੇ ਹਾਂ। ਹਰੇਕ ਰਾਜ ਵਿੱਚ ਲਾਗੂ ਕਰਨਾ ਵੱਖ-ਵੱਖ ਹੁੰਦਾ ਹੈ, ਕਿਉਂਕਿ ਹਿਮਾਚਲ ਪ੍ਰਦੇਸ਼, ਹਰਿਆਣਾ, ਬਿਹਾਰ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਨੇ ਪਹਿਲਾਂ ਹੀ ਪ੍ਰਕਿਰਿਆ ਸ਼ੁਰੂ ਕਰਨ ਅਤੇ ਅਧਿਆਪਕ ਦੀ ਮਦਦ ਲਈ ਵਰਕਸ਼ਾਪਾਂ ਆਯੋਜਿਤ ਕਰਨ ਵਿੱਚ ਦਿਲਚਸਪੀ ਦਿਖਾਈ ਹੈ। ਅਕਾਦਮਿਕ ਦਬਾਅ ਨੂੰ ਸੰਬੋਧਿਤ ਕਰਨਾ ਬੋਰਡ ਇਮਤਿਹਾਨਾਂ ਵਿੱਚ ਵਿਦਿਆਰਥੀਆਂ ਉੱਤੇ ਅਕਾਦਮਿਕ ਦਬਾਅ ਨੂੰ ਘਟਾਉਣ ਅਤੇ ਇੱਕ ਹੋਰ ਸੰਪੂਰਨ ਸਿੱਖਣ ਪ੍ਰਕਿਰਿਆ ਨੂੰ ਉਤਸ਼ਾਹਿਤ ਕਰਨ ਲਈ, ਪਾਰਖ ਨੇ ਐਚਪੀਸੀ ਨੂੰ ਬੋਰਡ ਦੇ ਨਤੀਜਿਆਂ ਵਿੱਚ ਏਕੀਕ੍ਰਿਤ ਕਰਨ ਦੀ ਵੀ ਯੋਜਨਾ ਬਣਾਈ ਹੈ।

"ਅਸੀਂ ਬੋਰਡ ਦੇ ਨਤੀਜਿਆਂ ਦੀ ਬਰਾਬਰੀ 'ਤੇ ਵੀ ਕੰਮ ਕਰ ਰਹੇ ਹਾਂ, ਜਿਸਦਾ ਮਤਲਬ ਹੈ ਕਿ ਅਸੀਂ ਐਚਪੀਸੀ ਨੂੰ ਬੋਰਡ ਦੇ ਨਤੀਜਿਆਂ ਨਾਲ ਮਿਲਾਉਣ ਦੀ ਯੋਜਨਾ ਬਣਾ ਰਹੇ ਹਾਂ। ਇਹ ਵਿਦਿਆਰਥੀਆਂ 'ਤੇ ਅਕਾਦਮਿਕ ਤਣਾਅ ਨੂੰ ਘਟਾਉਣ ਵਿੱਚ ਮਦਦ ਕਰੇਗਾ ਅਤੇ ਪ੍ਰੀਖਿਆ ਦੇ ਫੋਬੀਆ ਨੂੰ ਵੀ ਸੰਬੋਧਿਤ ਕਰੇਗਾ ਜੋ ਵਿਦਿਆਰਥੀਆਂ ਦਾ ਸਾਹਮਣਾ ਕਰਦੇ ਹਨ, ਖਾਸ ਤੌਰ 'ਤੇ 10ਵੀਂ ਅਤੇ 12ਵੀਂ ਜਮਾਤ ਵਿੱਚ, "ਭਾਦੁਰੀ ਕਹਿੰਦਾ ਹੈ, ਪਾਰਖ ਨੇ ਸਿੱਖਿਆ ਮੰਤਰਾਲੇ ਨੂੰ ਬੋਰਡ ਵਿੱਚ ਸਮਾਨਤਾ ਪ੍ਰਕਿਰਿਆ ਦੇ ਵੇਰਵੇ ਸੌਂਪੇ ਹਨ। ਪ੍ਰੀਖਿਆਵਾਂ ਐਚਪੀਸੀ ਨੂੰ ਸਫਲਤਾਪੂਰਵਕ ਲਾਗੂ ਕਰਨ ਲਈ ਅਧਿਆਪਕਾਂ ਲਈ ਸਿਖਲਾਈ ਸੈਸ਼ਨ ਵੀ ਆਯੋਜਿਤ ਕੀਤੇ ਜਾਣਗੇ। ਐਨ।ਸੀ।ਈ।ਆਰ।ਟੀ ਸਿਖਲਾਈ ਸੈਸ਼ਨਾਂ ਦਾ ਆਯੋਜਨ ਕਰਨ ਲਈ ਹਰੇਕ ਵਿਦਿਅਕ ਬਲਾਕ ਤੋਂ 'ਮਾਸਟਰ ਟ੍ਰੇਨਰ' ਨਿਯੁਕਤ ਕਰੇਗਾ।

# ਮਦਨ ਵੀਰਾ ਦੀਆਂ ਕੁਝ ਕਵਿਤਾਵਾਂ



ਮਦਨ ਵੀਰਾ

## ਧਰਤੀ ਦੀ ਲੋੜ

ਜਦੋਂ ਧਰਤੀ ਪੁੱਤਰ
ਗੁੱਡ ਰਿਹਾ ਹੈ ਫ਼ਸਲ
ਬੁੱਤਘਾੜਾ ਘੜ-ਤਰਾਸ਼ ਰਿਹਾ ਹੈ
ਪੱਥਰ'ਚੋਂ ਮੋਹ ਦੀ ਮੂਰਤ
ਦੰਦ-ਬੋੜੀ ਬੱਚੀ
ਕੈਨਵਸ'ਤੇ ਵਾਹ ਰਹੀ ਹੈ
ਸਾਵੀ ਧਰਤੀ ਦੇ ਨਕਸ਼
ਬਰੂਦ ਦੇ ਤਾਜਰ ਵੀ
ਪਰਖ ਰਹੇ ਨੇ
ਹਥਿਆਰਾਂ ਦੀ ਨੋਕ-ਪਲਕ
ਤੇ ਹਾਂ - ਕਵੀ ਵੀ ਵਿਹਲਾ ਨਹੀਂ ਹੈ
ਉਹ ਦੇ ਰਿਹਾ ਹੈ - ਸ਼ਬਦਾਂ ਨੂੰ ਪਾਣ
ਪਰਖ ਰਿਹਾ ਹੈ - ਭਾਵਾਂ ਦੀ ਧਾਰ
ਅੱਖਰਾਂ'ਚ ਲਪੇਟਣੀ ਹੈ ਉਸਨੇ
ਖਾਰੀ ਹੋ ਰਹੀ ਮਿੱਟੀ ਦੀ ਹਰਿਆਵਲ
ਸਹੇਜਣੀ ਹੈ ਧੁੱਪ ਦੀ ਆਖਰੀ ਕਾਤਰ
ਤੇ ਸੰਭਾਲਣੀ ਹੈ
ਜੰਗਲੀ ਜੁਗਨੂੰ ਦੀ ਟਿਮਟਿਮਾਉਂਦੀ ਲੋਅ
ਉਸ ਹਰਫ਼ਾਂ'ਚ ਉਣਨੇ ਨੇ
ਕਾਮਗਰਾਂ ਦੇ ਕਾਸ਼ਨੀ ਸੁਪਨੇ
ਚੇਤਿਆਂ'ਚ ਉਤਾਰਨੀ ਹੈ
ਮੈਲ਼ੀ ਹੋ ਰਹੀ ਧਰਤੀ ਦੀ
ਨਿਰਮਲ ਮੂਰਤ
ਖੁਣਨੀ ਹੈ
ਉਮੀਦ ਦੀ ਲਵੀ ਕਰੂੰਬਲ ੩੩੩
ਬਰੂਦ ਦੀ ਲਾਟ ਦਾ
- ਕਾਮੇ ਕੋਲ
- ਬੁੱਤਘਾੜੇ ਕੋਲ
- ਦੰਦ-ਬੋੜੀ ਬਾਲੜੀ ਕੋਲ
- ਕਵੀ ਕੋਲ
ਸ਼ਾਇਦ ਇਹ ਹੀ ਤੋੜ ਹੈ
ਘਸਮੈਲੀ ਹੋ ਰਹੀ ਧਰਤੀ
ਤੇ ਧੁਆਂਖੇ ਜਾ ਰਹੇ ਅੰਬਰ ਨੂੰ
ਇਹਦੀ ਲੋੜ ਹੈ।

## ਸ਼ੱਕਰ ਦਾ ਸ਼ਰਬਤ

ਗੁਰੂ ਬਾਬੇ ਦਾ ਪ੍ਰਕਾਸ਼ ਪੁਰਬ ਹੈ
ਤੇ ਦਰਬਾਰ 'ਚ ਸ਼ਰਧਾ ਭਿੱਜੀਆਂ
ਰਸ-ਨੂਰ 'ਚ ਡੁੱਬੀਆਂ ਸੰਗਤਾਂ
ਹੁਲਾਰੇ 'ਚ ਨੇ
ਜੋਸ਼-ਜੈਕਾਰੇ 'ਚ ਨੇ
ਪਾਠੀ ਅਰਜਣ ਸਿੰਘ
ਭਾਈ ਮਰਦਾਨੇ ਦੀ ਸਾਖੀ ਸੁਣਾ ਰਿਹਾ ਹੈ
ਕੌੜੇ ਰੀਠਿਆਂ 'ਚ
ਅੰਮ੍ਰਿਤ ਦੀ ਰਸਨਾ ਦਰਸਾ ਰਿਹਾ ਹੈ
ਕਥਾ ਨਾਲ ਬਿਰਤੀ ਜੋੜਦਿਆਂ
ਜਰਬ-ਜੋੜ ਤੋਂ ਮੂੰਹ ਮੋੜਦਿਆਂ
ਚੇਤਿਆਂ 'ਚ ਆ ਟਪਕਦਾ ਹੈ
ਛਾਗੇ ਸਰਪੰਚ ਦਾ ਕਾਮਾ
ਭਾਨੇ ਹੱਥੋਂ ਇਸੇ ਪਾਠੀ ਨੇ
ਛਬੀਲ ਵਾਲੇ ਦਿਨ
ਜਲ ਵਾਲਾ ਜੱਗ ਖੋਇਆ ਸੀ
ਸ਼ੱਕਰ ਦਾ ਸ਼ਰਬਤ
ਕੌੜਤੁੰਮੇ ਦਾ ਰਸ ਹੋਇਆ ਸੀ..
ਭਾਈ ਮਰਦਾਨਾ ਰੀਠੇ ਛਕ ਰਿਹਾ ਹੈ
ਭਾਨੇ ਦਾ ਅੰਦਰ ਬਾਹਰ ਅਜੇ ਵੀ ਤਪ ਰਿਹਾ ਹੈ।

## ਪਿੰਡ

ਅੰਬਰ ਹੁਣ ਵੀ ਪਿੰਡ ਉੱਤੇ
ਤਾਰਿਆਂ ਦਾ ਚੰਦੋਆ ਉਸੇ ਤਰ੍ਹਾਂ ਤਾਣਦਾ ਹੈ
ਪਰ ਤਾਰਿਆਂ ਦੀ ਲੋਅ
ਰੇਹਾਂ ਤੇ ਸਪਰੇਹਾਂ ਦੀ ਹਮਕ ਨੇ
ਪਲੀਤ ਕਰ ਦਿੱਤੀ ਹੈ
ਡੱਬ-ਖੜੱਬੀ ਹੋ ਰਹੀ ਹੈ
ਪਿੰਡ ਦੀ ਸਾਵੀ ਚਾਦਰ
ਤੇ ਬੱਚੇ ਗੂੜੇ ਰੰਗਾਂ ਦੀ ਤਲਾਸ਼ 'ਚ
ਦਰ-ਬ-ਦਰ ਖਾਕ ਛਾਣ ਰਹੇ ਹਨ।
ਪਿੰਡ ਹੁਣ ਉਸ ਰਾਜ ਕੁਮਾਰ ਦੀ
ਬਾਤ ਨਹੀਂ ਪਾਉਂਦਾ
ਕਥਾ ਨਹੀਂ ਛੇੜਦਾ
ਜਿਹੜਾ ਹੋਣੀਆਂ ਨਾਲ ਮੱਥਾ ਲਾਉਂਦਾ ਸੀ
'ਵੱਡੇ' ਖਿਡਾਰੀਆਂ ਤੇ ਸ਼ਿਕਾਰੀਆਂ ਨੂੰ
ਪੜ੍ਹਨੇ ਪਾਉਂਦਾ ਸੀ
ਪਿੰਡ ਤਾਂ ਬੱਸ ਹੁਣ ਆਲ੍ਹਣਾ ਬਚਾਉਂਦਾ ਹੈ
ਬੋਟਾਂ ਨੂੰ 'ਸੰਭਲਕੇ' ਰਹਿਣ ਦੇ
ਗੁਰ ਸਿਖਾਉਂਦਾ ਹੈ।
ਪਿੰਡ ਹੁਣ ਕਥਾ 'ਚ ਆਈ
ਉਸ ਚੌਥੀ ਕੂਟ ਵਰਗਾ ਹੈ
ਜਿੱਥੇ ਨਾਇਕ ਨੇ ਕਦਮ ਕਦਮ
ਉਲਝਣਾ ਤੇ ਅਸਤਣਾ ਹੈ
ਪਰ ਪਿੰਡ ਨੇ ਕਥਾ ਨਾਇਕ ਵਾਂਗ
ਫਤਹਿ ਦਾ ਪਰਚਮ
ਕਦੇ ਲਹਿਰਾ ਨਹੀਂ ਸਕਣਾ
ਭੋਂਅ ਭਾਂਡਾ ਗਵਾ ਕੇ ਵੀ
ਕੁਝ ਬਚਾ ਨਹੀਂ ਸਕਣਾ।
ਪਿੰਡ ਨਮੋਸ਼ੀ 'ਚ ਮੂੰਹ ਲਕਾਉਂਦਾ ਹੈ
ਸਿਰ ਝੁਕਾ ਕੇ - ਪਾਸਾ ਵੱਟ ਕੇ
ਦਾੜੀ 'ਚ ਅੱਥਰੂ ਛੁਪਾਉਂਦਾ ਹੈ
ਹੁਬਕੀ ਹੁਬਕੀ ਰਿਸ ਰਿਹਾ ਹੈ
ਪਿਸ ਰਿਹਾ ਹੈ
ਨਸ਼ੇੜੀ ਪੁੱਤ ਤੂੜੀ ਦੇ ਕੁੱਪ 'ਚੋਂ
ਪੁੜੀ ਟੋਲ੍ਹਦਾ-ਭਾਲਦਾ
ਖੁਦ ਗਵਾਚ ਗਿਆ ਹੈ
ਖੇਤ ਤੋਂ ਮੁੜਿਆ ਬਿਹਾਰੀ ਕਾਮਾ
ਪੁਲਿਸ ਦੀ ਪੜਤਾਲ ਬਾਰੇ ਦੱਸਦਾ ਹੈ
ਲੋਕ ਕਥਾ ਦਾ ਡਰਾਉਣਾ ਦੈਂਤ
ਖੋਲ੍ਹ ਕੇ ਪੂਰਾ ਜਬਾੜਾ
ਭਿੜੇ ਹੋਏ ਦਰਾਂ ਦੇ ਬਾਹਰ
ਹੱਸਦਾ ਹੈ।
ਪਿੰਡ ਦਾ ਮੱਥਾ ਠਣਕਿਆ ਹੈ
ਸਰਘੀ ਵੇਲੇ
ਬਾਣੀ ਪੜਨ ਵਾਲਾ ਭਾਈ
'ਵਿਹੜੇ' ਦੇ ਬਾਈਕਾਟ ਦਾ
ਫਤਵਾ ਪੜ੍ਹ ਰਿਹਾ ਹੈ
----
ਸਰਬੱਤ ਦਾ ਭਲਾ ਮੰਗਣ ਵਾਲੇ
ਗੁਰੂ ਘਰ ਦੇ ਅਰਦਾਸੀਏ ਸਿੰਘ ਦੀ ਥਾਂ
ਇਹ ਕਿਸਦੀ ਅਵਾਜ਼ ਆਈ ਹੈ
ਬਾਬੇ ਨਾਨਕ ਦੇ ਦਰਬਾਰ 'ਚ
ਅੱਜ ਕਿਹੜਾ ਭਾਈ ਹੈ
ਐਨ.ਆਰ.ਆਈ. ਵਲੋਂ ਬਣਾਏ
ਪਿੰਡ ਦੇ ਵੱਡੇ ਗੇਟ ਦੀ ਓਟ 'ਚ
ਪੂਰਬੀਏ ਪਰਵਾਸੀ ਦੀ ਦੁਕਾਨ ਹੈ
ਵੱਖਰੀ ਜਿਹੀ ਰਹਿਤਲ
ਤੇ ਓਪਰੀ ਜਿਹੀ ਜੁਬਾਨ ਹੈ
ਉਹ ਆਪਣੇ ਭੇਤੀ ਨੂੰ
ਹੌਲੀ ਜਿਹੀ ਦੱਸਦਾ ਹੈ
ਉਸਰਦਾਰ ਤੋ ਅਮਰੀਕਾ ਸੇ ਕਬ ਪਰਤੇ
ਬੀਬੀ ਜੀ ਭੀ ਨਹੀਂ ਜਾਨਤੀ
ਪਰ ਮੇਰੀ ਹਰ ਬਾਤ ਮਾਨਤੀ ਹੈ"
ਉਸਦੀਆਂ ਅੱਖਾਂ 'ਚ
ਤਾਜੇ ਫੁੱਲਾਂ ਦੀ ਆਬ
ਤੇ ਸਾਉਲੇ ਚਿਹਰੇ 'ਤੇ ਖੇੜਾ ਹੈ
ਹਰੇ ਇਨਕਲਾਬ ਤੋਂ ਬਾਅਦ ਦਾ ਦੌਰ ਹੈ
ਵਿਕਾਸ ਦਾ ਨਵਾਂ ਗੇੜਾ ਹੈ
ਮਾਤਮੀ ਸਫ ਵਾਂਗ ਵਿਛਿਆ ਪਿਆ ਪਿੰਡ
ਸੂਰਜ ਦੀ ਧੁੱਪ 'ਚ ਧੋਅ ਲੈਂਦਾ ਹੈ
ਆਪਣੀ ਹਾਰ ਦੀ ਨਿਮੋਸ਼ੀ
ਚਿੱਤਕਬਰੇ ਟੋਟੇ ਨਾਲ
ਸਾਫ ਕਰ ਲੈਂਦਾ ਹੈ ਆਪਣੀ ਕਾਇਆ
ਪੁਰੇ ਦੀ ਹਵਾ 'ਚ
ਧੂੜ ਤੇ ਧੁੰਦ ਵਾਂਗ ਉਡਦੀ ਰਹਿੰਦੀ ਹੈ
ਰਸਾਇਣ ਦੀ ਗੰਧ
ਤੇ ਸਵੇਰ ਅਜੇ ਵੀ
'ਮਰੀਕੀਆਂ ਦੇ ਕਿੱਕਰ 'ਚ ਫਸੀ
ਕਿਤੇ ਦੂਰ ਫੜਫੜਾ ਰਹੀ ਹੈ

## ਕਰਮਾ-ਨਕਰਮਾ

ਵਿਦਵਤਾ ਦੇ ਧੁਰ ਤੋਂ ਵਰੋਸਾਏ
ਵਿਸ਼ਵ ਗੁਰੂ ਬਣ ਰਹੇ
ਭਾਰਤ ਦੇ ਜਾਏ
ਮਹਾਂ ਗਿਆਨੀਓ
ਵਿਗਿਆਨੀਓ
ਖੁਸ਼ੀ ਹੈ
ਖੁਸ਼ੀ ਹੈ ਕਿ ਤੁਸੀਂ ਧਰਤੀ ਦਾ ਬੋਝ ਘਟਾਉਣ ਲਈ
ਸਭਿਅਕ ਲੋਕਾਂ ਨੂੰ
ਗੰਦ ਕੂੜੇ ਤੋਂ ਬਚਾਉਣ ਲਈ
ਚੰਦ'ਤੇ ਬਸਤੀ ਵਸਾਉਣ ਦੀ ਕਾਹਲ'ਚ ਹੋ
ਪ੍ਰਦੂਸ਼ਣ ਮੁਕਤ ਇੱਕ ਹੋਰ ਭਾਰਤ ਦੀ
ਭਾਲ'ਚ ਹੋ
ਮਾਣ ਹੈ ਕਿ ਤੁਸੀਂ ਲੱਭ ਰਹੇ ਹੋ
ਮੰਗਲ ਗ੍ਰਹਿ'ਤੇ ਪਾਣੀ ਦਾ ਖੁਰਾ
ਮਿਣ ਰਹੇ ਹੋ ਧੜਕਣ ਦੀ ਗਤੀ
ਟੋਲ੍ਹ ਰਹੇ ਹੋ ਜੀਵਨ ਦਾ ਧੁਰਾ
ਪੂਜਾ ਸਥਾਨ ਤੋਂ ਵਿਗਿਆਨ ਭਵਨ ਤੱਕ
ਹੋ ਰਹੇ ਨੇ ਵਿਖਿਆਨ
'ਜੈ ਚਮਤਕਾਰ'
ਜੈ ਵਿਗਿਆਨ
ਤੁਸੀਂ ਫਤਹਿ ਕਰ ਲੈਣਾ ਹੈ ਨੀਲਾ ਅੰਬਰ
ਲਗਾ ਦੇਣੀ ਹੈ ਬ੍ਰਹਿਮੰਡ ਨੂੰ ਪੌੜੀ
ਤੁਹਾਡੇ ਲਈ ਹੈ ਇਹ ਗ੍ਰਹਿ ਬਹੁਤ ਛੋਟਾ
ਤੁਹਾਡੇ ਲਈ ਹੈ ਇਹ ਦੁਨੀਆ ਬਹੁਤ ਸੌੜੀ
ਡਾਢਿਓ ਪਰ ਕਰਮੇ - ਨਕਰਮੇ ਦੀ ਵੀ
ਸੁਣ ਲਓ ਬੌੜੀ
ਕਰਮਾ ਜੋ ਨਗਰ ਨਿਗਮ
ਹੁਸ਼ਿਆਰਪੁਰ ਦਾ ਮਿਹਤਰ ਹੈ
ਦੋ ਭਰਾਵਾਂ ਤੇ ਪਲੇਠੇ ਪੁੱਤ ਦੀ
ਬਲੀ ਤੋਂ ਬਾਅਦ ਵੀ
ਆਪਣੇ ਧਮਦੇ'ਚ ਹੋਰਾਂ ਤੋਂ ਬਿਹਤਰ ਹੈ
ਮੌਤ ਨੂੰ ਝਕਾਨੀ ਦੇ ਕੇ
ਸੀਵਰੇਜ ਦੇ ਬੰਦ ਗਟਰ ਖੋਲ੍ਹਦਾ ਹੈ।
ਅਧੀਆ ਚੜ੍ਹਾ ਕੇ ਬੰਮ ਬੰਮ ਬੋਲਦਾ ਹੈ
ਗੁਣੀ ਗਿਆਨੀਓ
ਜੈ ਵਿਗਿਆਨੀਓ
ਅੱਜ ਉਹ ਫਰਿਆਦੀ ਹੈ
ਪੁੱਛਦਾ ਕਿ - ਮੌਤ ਦੀ ਲਾਟ ਵਰਗੀ
ਗਟਰ ਦੀ ਗੈਸ ਦਾ
ਸਾਡੇ ਲਈ ਕੀ ਤੋੜ ਹੈ ?
ਭੁੱਖ, ਦੁੱਖ ਤੇ ਮੌਤ ਦਾ
ਸਾਡੇ ਕੁਨਬੇ ਲਈ ਕੀ ਜੋੜ ?
ਕਰਮਾ ਕਹਿੰਦਾ ਹੈ
- ਤੁਸੀਂ ਤਲੀ'ਤੇ ਸਰੋਂ ਜਮਾਉਂਦੇ ਹੋ
ਸੋਚਾਂ ਨੂੰ ਖੰਭ ਲਾਉਂਦੇ ਹੋ
ਇੱਧਰ ਵੀ ਆਓ
ਇੱਕ ਝਾਤੀ ਤਾਂ ਪਾਓ
ਦੇਖੋ ਵਜ਼ੀਰੇ ਆਜ਼ਮ ਝਾੜੂ ਲੈ ਕੇ
ਆਪ ਆਇਆ ਹੈ
ਗਾਂਧੀ ਦੀ ਗਵਾਚੀ ਨਜ਼ਰ ਵਾਲੀ
ਐਨਕ 'ਤੇ
ਸਫ਼ਾਈ ਅਭਿਆਨ ਦਾ ਸਟਿੱਕਰ ਲਾਇਆ ਹੈ
ਸ਼ਾਇਦ ਏਸੇ ਲਈ
ਚਿੜੀਆਂ ਦੀ ਮੌਤ'ਤੇ ਹੱਸ ਰਹੇ
ਦੇਸ਼ ਦੇ ਪ੍ਰਧਾਨ ਸੇਵਕ ਤੇ ਹੋਰ ਸੇਵਕਾਂ ਨੂੰ
ਲੋਕਾਂ ਦਾ ਚਿਹਰਾ ਨਜ਼ਰ ਨਹੀਂ ਆਇਆ ਹੈ
ਡਾਢਿਓ
ਨਗਰ ਨਿਗਮ ਦੇ ਗਟਰਾਂ'ਤੇ ਮੰਡਲਾ ਰਿਹਾ
ਮੌਤ ਦਾ ਸਾਇਆ ਹੈ
ਕਰਮਾ ਤਾਂ ਭਾਵੇਂ ਮੌਤ ਨੂੰ ਝਕਾਨੀ ਦੇ ਕੇ
ਪਰਤ ਆਇਆ ਹੈ
ਪਰ ਉਸ ਦੇ ਬਾਪ ਵਿਹੂਣੇ ਪੋਤੇ ਤੋਂ
ਕਿਤਾਬ ਖੋਹ ਕੇ ਰੱਮ ਦਾ ਅਧੀਆ
ਕਿਸ ਨੇ ਫੜਾਇਆ ਹੈ?

## ਚਾਚੀ ਜੀਤ ਕੌਰ

ਇੱਕ ਡੰਗ ਆਟੇ ਦੇ ਮੁੱਲ ਦੇ
ਫੂਕ ਦਿੱਤੇ ਇਸ ਕਮੂਤ ਨੇ
ਦਸ ਦਸ ਦੇ ਤਿੰਨ ਨੋਟ
ਹਿੱਲ ਗਿਆ ਹੈ
ਇਸ ਬੰਦੇ ਦਾ ਡਮਾਕ
ਧੱਕੇ ਖਾਣੇ ਦੀ ਨੀਤ ਦੇ ਵਿੱਚ
ਆ ਗਿਆ ਹੈ ਫੇਰ ਖੋਟ
ਮੁੜ ਕੁਆਰੇ ਇਸ਼ਕ ਮੁਸ਼ਕ ਦੀ
ਜਾਗ ਪਈ ਹੈ ਹਿਰਸ ਫੇਰ
ਟੁੱਟ - ਪੈਣੇ ਦਾ ਚਿਹਨ ਚੱਕਰ
ਬਦਲਿਆ ਹੈ।
ਚੱਕ ਹੋਏ ਨੇ ਪੈਰ ਇਸਦੇ
ਬੁੱਢ ਵਰੇਸੇ - ਫੇਟੀ ਪੈਣਾ
ਧੋਲ - ਦਾੜਾ ਬਹਿ ਸਵੇਰੇ ਰੰਗਦਾ ਹੈ
ਮੂੰਹ ਕਾਲਾ ਕਰਕੇ ਇਹ ਚੌਰਾ
ਨਾ ਰੀਣ ਭੋਰਾ ਸੰਗਦਾ ਹੈ
ਟਿਟਕਦੀ ਹਾਂ
ਵਿਲਕਦੀ ਹਾਂ
ਰੋਜ਼ ਕਰਦੀ ਹਾਂ ਸਿਆਪਾ
ਇਹ ਨੱਥੇ ਮਜ਼ਬੀ ਦਾ ਤੁਖ਼ਮ
ਸਮਝੇ ਆਪਣੇ ਆਪ ਨੂੰ
ਲੰਬੜਾਂ ਦਾ ਕਾਕਾ
ਘਰ ਦੇ ਵਿੱਚ ਭੰਗ ਭੁੱਜੇ
ਕਈ ਦਿਨਾਂ ਤੋਂ ਸਾਰਾ ਟੱਬਰ
ਕੱਟ ਰਿਹਾ ਫਾਕੇ 'ਤੇ ਫਾਕਾ
ਪਰ ਬੇਸ਼ਰਮ ਨੂੰ ਨਾ ਸ਼ਰਮ ਝਾਕਾ
ਗੜੀ ਪੈਣਾ ਆਖਦਾ ਹੈ
ਉਵੇਖਕੇ ਮੇਰੀ ਬੱਗੀ ਦਾੜੀ
ਹਰ ਕੋਈ ਜਾਵੇ ਪਛਾੜੀ
ਕਿਸੇ ਨੂੰ ਨਾ ਮੂਲ ਭਾਵਾਂ
ਪਿੰਡ ਨਾ ਹੀ ਸ਼ਹਿਰ ਵਿੱਚ ਮਿਲਦੀ ਦਿਹਾੜੀ.."
ਜੀਤ ਕੌਰ ਆਪਣੀ ਕੱਢ ਕੇ ਭੜਾਸ
ਹੈ ਭਾਵੇਂ ਅਜੇ ਵੀ ਉਹ ਬੇ-ਆਸ
ਤੇ ਨਿਰਾਸ਼
ਅਜੇ ਵੀ ਉਸਦਾ ਮੂੰਹ ਕੁਸੈਲਾ
ਪਰ ਠੱਲ ਗਿਆ ਹੈ ਵੇਗ ਉਸਦਾ
ਹੋ ਗਿਆ ਗੁੱਸਾ ਵੀ ਢੇਲਾ।

## ਲੋਹੇ ਦੀ ਚਿੱਪਰ

ਲੋਹੇ ਦੀ ਇੱਕ ਚਿੱਪਰ
ਤੇਰੇ ਕੋਲ ਸੀ
ਇੱਕ ਚਿੱਪਰ ਮੇਰੇ ਕੋਲ
ਤੂੰ ਬਣਾ ਲਿਆ ਉਸਦਾ ਹਥਿਆਰ
ਬਣ ਗਿਆ ਮੇਰਾ ਰਾਖਾ
ਰਾਖੇ ਤੋਂ ਰਹਿਬਰ..
ਮੈਂ ਬਣਾ ਲਿਆ ਹਲ ਦਾ ਫਾਲ
ਵਾਹ ਲਈ ਪੈਲੀ
ਬੀਜ ਲਈ ਫ਼ਸਲ
ਤੇਰੇ ਹਥਿਆਰ ਜਿੱਥੇ ਵੀ ਲਿਸ਼ਕੇ
ਜਿੱਥੇ ਵੀ ਚਮਕੇ
ਥਾਂ ਤੇਰੀ ਹੋ ਗਈ
ਮੈਂ ਜਿੱਥੇ ਵੀ ਸਿਆੜ ਕੱਢੇ
ਬੀਜ ਪਾਇਆ
ਹਰਿਆਵਲ ਫੁੱਟ ਪਈ
ਧਰਤੀ ਹਰੀ ਭਰੀ ਹੋ ਗਈ
ਹੁਣ ਤੇਰੇ ਬਰੂਦ ਦੀ ਮੁਸ਼ਕ ਨਾਲ
ਹਥਿਆਰਾਂ ਦੀ ਲਿਸ਼ਕ ਨਾਲ
ਮੱਧਮ ਪੈ ਗਈ ਹੈ ਖੇਤਾਂ ਦੀ ਹਰਿਆਵਲ
ਪੂਣ ਕੱਤਦੀਆਂ ਦੋਧੀਆ ਛੱਲੀਆਂ 'ਚੋਂ
ਸੁੱਕ ਰਿਹਾ ਹੈ ਰਸ
ਤਾਂ ਮੇਰੇ ਹਲ ਦਾ ਘਸਿਆ ਫਾਲ
ਨਾ ਸੰਦ ਬਣ ਰਿਹਾ ਹੈ
ਨਾ ਢਾਲ ...
ਹੁਣ ਮੈਨੂੰ ਫਿਰ ਤਲਾਸ਼ ਹੈ
ਲੋਹੇ ਦੀ ਚਿੱਪਰ ਦੀ
ਮੈਂ ਹਲ ਦਾ ਫਾਲ ਬਦਲਣਾ ਹੈ
ਦੋਧੀਆ ਛੱਲੀਆਂ ਦੀ ਰਾਖੀ ਲਈ
ਸੰਦ ਘੜਨਾ ਹੈ
ਤੂੰ ਮੇਰਾ ਰਾਖਾ ਨਹੀਂ
ਰਹਿਬਰ ਨਹੀਂ
ਕੋਈ ਹੋਰ ਹੈ
ਅਲੀ ਬਾਬਾ ਦਾ ਚਾਲ੍ਹੀਵਾਂ ਚੋਰ ਹੈਂ...

## ਬੇਵਤਨੇ ਲੋਕ

(ਕਰੋਨਾ ਕਾਲ)
ਤੱਕ ਰਿਹਾ ਹਾਂ
ਦੇਸ਼ ਦੁਨੀਆ ਦਾ ਭੁਗੋਲ
ਲੱਭ ਰਿਹਾ
ਬੇਵਤਨਿਆਂ ਦੇ ਵਤਨ ਨੂੰ
ਜਾ ਰਹੇ ਕਿੱਥੇ
ਤੁਰੇ ਹੋਏ ਕਾਫ਼ਲੇ
ਢਿੱਡਾਂ ਨੂੰ ਗੰਢਾਂ ਮਾਰਕੇ
ਜਿਊਣ ਦੇ ਲਈ ਜੂਝਦੇ
ਭੁੱਖਾਂ ਅੱਗੇ ਹਾਰ ਕੇ
ਸੜ ਰਹੇ ਅੰਬਰ ਦੇ ਥੱਲੇ
ਤੇ ਧੁਆਂਖੀ ਧਰਤ ਉੱਤੇ
ਕਰਕੇ ਗੂੜ੍ਹੇ ਆਪਣੇ ਲਹੂ ਦੇ ਨਿਸ਼ਾਨ
ਸੁੱਤ ਉਣੀਂਦੇ ਜਾ ਰਹੇ ਗੱਭਰੂ-ਜਵਾਨ
ਮਾਂ ਧੀ ਬੁੱਢੇ ਨਦਾਨ
ਲਹੂ ਮੁੜ੍ਹਕੇ ਨਾਲ ਉਸਾਰੀ ਕਰਨ ਵਾਲੇ
ਢਿੱਡ ਖ਼ਲਕਤ ਦਾ ਰਿਜ਼ਕ ਨਾਲ ਭਰਨ ਵਾਲੇ
ਪਰਬਤਾਂ ਦੇ ਨਾਲ ਆਢਾ ਲਾਉਣ ਵਾਲੇ
ਸਾਗਰਾਂ ਨੂੰ ਚੀਰ ਰਾਹ ਰੁਸ਼ਨਾਉਣ ਵਾਲੇ
ਰੁੱਲ਼ ਰਹੇ ਰਾਹਾਂ'ਚ
ਅੱਜ ਇਹ ਖ਼ਾਕ ਬਣਕੇ
ਹੋ ਨਿਰਾਸ਼ੇ ਹੋ ਬੇ-ਆਸੇ
ਝੁਲਸੀ ਹੋਈ ਕਾਇਆ ਲਪੇਟ
ਤੁਰ ਪਏ ਜੰਮਣ ਭੋਂਏ ਨੂੰ
ਆਪਣੀ 'ਖੱਟੀ' ਸਮੇਟ
ਤਲੀ ਜਿੱਡੀ ਧਰਤ ਜਿੱਥੇ
ਵਰਜਣਾ ਦੀ ਵਾੜ੍ਹ
ਨੌਂਹ ਜਿੱਡਾ ਅਸਮਾਨ ਜਿੱਥੇ
ਵੱਟ ਨਾ ਸਿਆੜ੍ਹ ਹੈ
ਨਾ ਸਾਉਣ ਹੈ ਨਾ ਹਾੜ ਹੈ
ਤੁਰ ਪਏ ਹਨ ਕਾਫਲੇ
ਉਸ 'ਦੇਸ' ਲਈ
ਉਸ 'ਗਾਂਓ' ਲਈ
ਜਿਸਦੇ ਕੱਚੇ ਬਨੇਰੇ
ਅਜੇ ਤੱਕ ਹੋਏ ਨਾ ਪੱਕੇ
ਜਿਸਦੇ ਵਸ਼ਿੰਦਿਆਂ ਨੂੰ
'ਘਰ' ਵਿੱਚ ਮਿਲਦੀ ਨਾ ਢੋਈ
ਬਾਹਰ ਤੋਂ ਵੀ ਪੈਣ ਧੱਕੇ।
ਦੂਰ ਪਿੱਛੇ
ਹੁਕਮ ਰਾਜੇ ਦਾ ਵਜਾਵਣ ਵਾਸਤੇ
ਮਹਾਮਾਰੀ ਨੂੰ ਭਜਾਵਣ ਵਾਸਤੇ
ਵੱਜ ਰਹੀਆਂ ਨੇ ਤਾਲ਼ੀਆਂ
ਹੋ ਰਹੀ ਹੈ ਆਤਿਸ਼ਬਾਜ਼ੀ
ਜਗ ਰਹੇ ਦੀਵੇ ਤੇ ਖੜਕਣ ਥਾਲ਼ੀਆਂ
ਪਰ ਇਨ੍ਹਾਂ ਬੇਵਤਨੇ ਲੋਕਾਂ ਦੇ ਹਿੱਸੇ
ਆਈਆਂ ਰਾਤਾਂ ਕਾਲ਼ੀਆਂ।

## ਚਾਚਾ ਮਾਧੋ - 1

ਚੋਣ ਰੈਲੀ ਤੋਂ ਪਰਤਿਆ
ਚਾਚਾ ਮਾਧੋ
ਬਹੁਤ ਹੀ ਜੋਸ਼ 'ਚ ਹੈ
ਮੁਖਤ 'ਚ ਸ਼ਹਿਰ ਘੁੰਮਕੇ
ਬੋਤਲ ਡਕਾਰ ਕੇ ਵੀ
ਸੁਰਤ 'ਚ ਹੈ - ਹੋਸ਼ 'ਚ ਹੈ
ਹੁੱਬ ਕੇ ਦੱਸਦਾ ਹੈ
ਕਿ ਵੱਡੇ ਸਰਦਾਰ ਨੇ - ਆਪ ਸਰਕਾਰ ਨੇ
ਪੁਲਸੀਏ ਨੂੰ ਦਬਕ ਕੇ - ਡਾਂਟ ਕੇ
ਉਸ ਨਾਲ ਹੱਥ ਮਿਲਾਇਆ ਸੀ
ਪਿੰਡ ਦਾ ਨਾਂ ਪਤਾ ਪੁੱਛਕੇ
ਹਿੱਕ ਨਾਲ ਲਾਇਆ ਸੀ
ਕਹਿੰਦਾ ਹੈ ਕਿ
ਹੁਣ ਬੇਬੇ ਤੇ ਭਾਈਏ ਦੇ
ਪੱਕੀ ਪਿਲਸਣ ਦੇ ਕਾਗਤ ਭਰਨੇ ਨੇ
ਕੋਠੇ ਜਿੱਡੀ ਨਿੰਮੋ ਲਈ
ਛੇਤੀ ਛੇਤੀ ਵਰ-ਘਰ ਲੱਭਣਾ ਹੈ
ਲੈਣ ਦੇਣ ਤੇ ਸੀਦੇ ਦੇ ਖਰਚੇ
'ਸ਼ਗਨ ਸਕੀਮ' ਰਾਹੀਂ ਤਰਨੇ ਨੇ
ਭਾਈਬੰਦਾਂ ਦੀ ਹਾਜ਼ਰੀ 'ਚ
ਵਿਹੜੇ ਦੀ ਕਚਿਹਰੀ 'ਚ
ਉਹ ਬੋਚ ਬੋਚ ਬੋਲਦਾ ਹੈ
ਨਵੇਂ ਭੇਤ ਖੋਲਦਾ ਹੈ
ਤੇ ਹਰ ਬੋਲ ਲਈ ਹੁੰਗਾਰਾ ਟੋਲ਼ਦਾ ਹੈ।
ਕਹਿੰਦਾ - ਠੱਠੀ ਦੇ ਕੱਚੇ ਬਨੇਰੇ ਪੱਕੇ ਕਰਨੇ ਨੇ
ਛੋਟੇ ਸਰਦਾਰ ਨੇ ਵੱਖਰੀ ਧਰਮਸ਼ਾਲਾ
ਤੇ ਅਲੱਗ ਸ਼ਮਸ਼ਾਨਘਾਟ ਦੇ ਨੀਂਹ ਪੱਥਰ
ਆਪ ਧਰਨੇ ਨੇ
ਫ਼ਿਕਰ ਨਾ ਕਰੋ ਯਾਰੋ !
ਦਾਲ ਆਟੇ ਲਈ ਕਾਟ ਵੀ
ਬਣ ਹੀ ਜਾਣੇ ਨੇ
ਤੁਸੀਂ ਤਾਂ ਬਸ ਦਰੀਆਂ ਵਿਛਾਉਣੀਆਂ
ਤੇ ਤੰਬੂ ਲਗਾਣੇ ਨੇ...

## ਚਾਨਣ ਦਾ ਸਫ਼ਰ - 11

ਘਸੇ ਫਟੇ
ਉਤਾਰ ਵਾਂਗ ਉੱਧੜੀ ਹੋਈ ਠੱਠੀ
ਬੁਹਾਰੀ ਜਾ ਰਹੀ ਹੈ
ਸਵਾਰੀ ਜਾ ਰਹੀ ਹੈ
ਧੰਨਭਾਗ ਕਿ ਸਿੰਮ ਸਿੰਮ ਦਾ ਮੂੰਹ ਖੁੱਲ਼ਿਆ ਹੈ
ਸ਼ੁਕਰ ਹੈ
ਰੂੜੀ ਦੀ ਸੁਣੀ ਗਈ ਹੈ
ਸੜਕਾਂ ਨਾਪਦੇ 'ਵਿਕਾਸ' ਦਾ
ਮੱਟ ਛਲਕਿਆ ਹੈ
ਤਿੱਪ ਭੋਰਾ ਡੁੱਲਿਆ ਹੈ।
ਤਾਸ਼ ਕੁੱਟਦੀ ਢਾਣੀ ਦੇ ਮੋਹਰੀ
ਛਾਗੇ ਪੰਚ ਦਾ
ਤਕੀਆ ਕਲਾਮ ਗੂੰਜਦਾ ਹੈ
ਉਹ ਮੈਲ਼ੇ ਸਾਫ਼ੇ ਨਾਲ ਐਨਕ ਪੂੰਝਦਾ ਹੈ
ਉਦੇਖੋ ਕਿਆ ਬਾਤ ਹੈ"
ਹੁਣ ਬਰਕਤਾਂ ਹੀ ਬਰਕਤਾਂ ਨੇ
ਕੂੜੇ ਦੇ ਢੇਰ ਅੱਗੇ
ਰੰਗਦਾਰ ਕਨਾਤ ਹੈ।
ਪਾਥੀਆਂ ਦੇ ਪਿੜ੍ਹ ਵਿਚਕਾਰ
ਜਿੱਥੇ ਸਿਰੋਂ ਉੱਚੀ
ਭੰਗ ਤੇ ਬਰੂਟੀ ਹੈ
ਉੱਥੇ ਹੁਣ ਬਿਨ ਆਗਿਆ ਲੱਗੀ
ਪਾਣੀ ਵਾਲੀ ਨਵੀਂ ਟੂਟੀ ਹੈ।
ਕੱਲ੍ਹ ਹੀ ਬਣੀ
ਇੱਟਾਂ ਵਾਲੀ 'ਪੱਕੀ' ਗ਼ਲੀ ਦੇ ਮੱਥੇ'ਤੇ
ਚੂਨੇ ਦਾ ਹਾਰ ਹੈ
ਭਾਈ ਵੋਟਾਂ ਦਾ ਮੌਸਮ ਹੈ
ਹੁਣ ਜੈ ਜੈ ਕਾਰ ਹੈ।
ਆਹ ਨੁੱਕਰ'ਚ
ਬਿਨ ਤਾਰੋਂ ਖੜ੍ਹਾ
ਡਰਨੇ ਵਰਗਾ ਬਿਜਲੀ ਦਾ ਖੰਭਾ ਹੈ
ਚਾਨਣ ਦਾ ਸਫ਼ਰ
ਅਜੇ ਬਹੁਤ ਲੰਬਾ ਹੈ।

*# H.No. 82, St.No. 1,
Jodhamal Road, Shalimar Nagar,
Hoshiarpur
Mob : 94176-83769*

## ਪੁਸਤਕ ਸਮੀਖਿਆ

# ਗੁਰੂ ਰਵਿਦਾਸ ਪ੍ਰਗਾਸੁ ਦੀ ਖੋਜ

**ਰਿਵਿਊਕਾਰ: ਬਲਜਿੰਦਰ ਮਾਨ 98150 18947**
**ਲੇਖਕ: ਰੂਪ ਲਾਲ ਰੂਪ (ਸਟੇਟ ਅਵਾਰਡੀ)**
**ਪ੍ਰਕਾਸ਼ਕ: ਮਨੀਸ਼ਾ ਪ੍ਰਕਾਸ਼ਨ ਜਲੰਧਰ, ਪੰਨੇ 432 , ਮੁੱਲ 900 /-**

ਪੁਸਤਕ 'ਗੁਰੂ ਰਵਿਦਾਸ ਪ੍ਰਗਾਸੁ ਦੀ ਖੋਜ' ਦੇ ਲੇਖਕ ਰੂਪ ਲਾਲ ਰੂਪ ਸਾਬਕਾ ਜ਼ਿਲਾ ਸਿੱਖਿਆ ਅਧਿਕਾਰੀ ਅਤੇ ਸਟੇਟ ਅਵਾਰਡੀ ਟੀਚਰ ਰਹੇ ਹਨ। ਗੁਰੂ ਰਵਿਦਾਸ ਜੀ ਦੀ ਬਾਣੀ ਅਤੇ ਉਹਨਾਂ ਦੀ ਜੀਵਨ ਯਾਤਰਾ ਬਾਰੇ ਅੱਜ ਤੱਕ ਜਿੰਨੀਆਂ ਵੀ ਖੋਜਾਂ ਹੋਈਆਂ ਹਨ ਉਹਨਾਂ ਦਾ ਤੁਲਨਾਤਮਿਕ ਅਧਿਐਨ ਇਸ ਪੁਸਤਕ ਵਿੱਚ ਦਰਜ ਕੀਤਾ ਗਿਆ ਹੈ। ਸਾਲ 2022 ਤੱਕ ਜਿੰਨੇ ਵੀ ਖੋਜਾਰਥੀਆਂ ਨੇ ਗੁਰੂ ਰਵਿਦਾਸ ਬਾਰੇ ਖੋਜ ਕੀਤੀ ਹੈ ਉਹਨਾਂ ਦੇ ਅਧਿਐਨ ਅਤੇ ਖੁਦ ਉਹਨਾਂ ਸਥਾਨਾਂ ਦੀਆਂ ਯਾਤਰਾਵਾਂ ਕਰਕੇ ਇਤਿਹਾਸ ਦੇ ਅਸਲੀ ਸੱਚ ਨੂੰ ਪੇਸ਼ ਕੀਤਾ ਗਿਆ ਹੈ। ਆਪਣੀ ਕਿਸਮ ਦੀ ਇਹ ਪਹਿਲੀ ਪੁਸਤਕ ਹੈ ਜਿਸ ਵਿੱਚ ਗੁਰੂ ਰਵਿਦਾਸ ਨਾਲ ਸੰਬੰਧਿਤ ਕਥਾਵਾਂ ਅਤੇ ਥਾਵਾਂ ਨੂੰ ਇਤਿਹਾਸਿਕ ਅੰਕੜਿਆਂ ਨਾਲ ਸਹੀ ਸਹੀ ਪੇਸ਼ ਕੀਤੀ ਗਈ ਹੈ। ਲੇਖਕ ਨੇ ਪੂਰੇ ਭਾਰਤ ਅਤੇ ਨੇਪਾਲ ਤੱਕ ਖੁਦ ਯਾਤਰਾਵਾਂ ਕਰਕੇ ਉਹਨਾਂ ਥਾਵਾਂ ਤੋਂ ਇਤਿਹਾਸਿਕ ਤੱਥ ਇਕੱਠੇ ਕੀਤੇ ਹਨ ਜਿੱਥੇ ਜਿੱਥੇ ਗੁਰੂ ਸਾਹਿਬ ਨੇ ਆਪਣੇ ਜੀਵਨ ਵਿੱਚ ਯਾਤਰਾਵਾਂ ਕੀਤੀਆਂ। ਇਹ ਪੁਸਤਕ ਇੱਕ ਇਤਿਹਾਸਕ ਦਸਤਾਵੇਜ਼ ਹੈ, ਜੋ ਸਾਨੂੰ ਗੁਰੂ ਰਵਿਦਾਸ ਜੀ ਦੇ ਜੀਵਨ ਫਲਸਫੇ ਦੀ ਸਹੀ ਤੇ ਸਪਸ਼ਟ ਜਾਣਕਾਰੀ ਪ੍ਰਦਾਨ ਕਰਦਾ ਹੈ। ਉਸ ਸਮੇਂ ਦੀਆਂ ਸਮਾਜਿਕ ,ਆਰਥਿਕ, ਰਾਜਨੀਤਿਕ ਅਤੇ ਧਾਰਮਿਕ ਪਰਸਥਿਤੀਆਂ ਦਾ ਮੁਲਾਂਕਣ ਵੀ ਕੀਤਾ ਗਿਆ ਹੈ। ਗੁਰੂ ਜੀ ਦੇ ਸਮਕਾਲੀ ਸਾਧੂ ਸੰਤਾਂ ਦੀ ਦੇਣ ਦੀ ਚਰਚਾ ਵੀ ਕੀਤੀ ਗਈ ਹੈ। ਉਹਨਾਂ ਦੀ ਸੰਗਤ ਵਿੱਚ ਆਏ ਸੰਤ ਮਹਾਤਮਾਵਾਂ ਦਾ ਜ਼ਿਕਰ ਵੀ ਬਾਖੂਬੀ ਕੀਤਾ ਗਿਆ ਹੈ। ਸਮੇਂ ਦੇ ਸੱਚ ਨੂੰ ਵੱਖ ਵੱਖ ਲੇਖਕਾਂ ਦੁਆਰਾ ਸਮੇਂ ਸਮੇਂ ਤੇ ਬਿਆਨਣ ਦਾ ਯਤਨ ਕੀਤਾ ਗਿਆ ਹੈ।ਉਹਨਾਂ ਵੱਲੋਂ ਕੀਤੀਆਂ ਖੋਜਾਂ ਨੂੰ ਵੀ ਇਸ ਪੁਸਤਕ ਵਿੱਚ ਹਵਾਲੇ ਵਜੋਂ ਸ਼ਾਮਿਲ ਕੀਤਾ ਗਿਆ ਹੈ। ਚਾਰ ਵਰਣਾਂ ਵਿੱਚ ਵੰਡੇ ਹੋਏ ਸਮਾਜ ਦੀ ਦਸ਼ਾ ਅਤੇ ਦਿਸ਼ਾ ਦਾ ਅਧਿਐਨ ਬੜੀ ਮਹੀਨ ਨਜ਼ਰ ਨਾਲ ਕੀਤਾ ਗਿਆ ਹੈ।




ਲੇਖਕ ਉਸ ਸਮੇਂ ਦੀਆਂ ਰਾਜਸੀ ਪ੍ਰਿਸਥਿਤੀਆਂ ਬਾਰੇ ਇੰਝ ਬਿਆਨ ਕਰਦੇ ਹਨ ਕਿ ਗੁਰੂ ਰਵਿਦਾਸ ਜੀ ਦੇ 1414 ਈਸਵੀ ਵਿੱਚ ਜਨਮ ਸਮੇਂ ਤੁਗਲਕ ਸਲਤਨਤ ਆਪਣੇ ਆਖਰੀ ਸਾਹਾਂ ਤੇ ਸੀ। ਅੰਤਿਮ ਤੁਗਲਕ ਬਾਦਸ਼ਾਹ ਨਸੀਰ ਉਦ ਦੀਨ ਮਹਿਮੂਦ ਸ਼ਾਹ ਦੀ ਮੌਤ ਉਪਰੰਤ ਉਸ ਦੇ ਵਜ਼ੀਰਾਂ ਅਤੇ ਅਮੀਰਾਂ ਦੌਲਤ ਖਾਂ ਲੋਧੀ ਨੂੰ ਦਿੱਲੀ ਦੇ ਤਖਤ ਤੇ ਬਿਠਾ ਦਿੱਤਾ ਗਿਆ ਪਰ ਉਹ ਅਤਿਅੰਤ ਕਮਜ਼ੋਰ ਬਾਦਸ਼ਾਹ ਸਾਬਤ ਹੋਇਆ। ਸਈਅਦ ਵੰਸ਼ੀ ਖਿਜ਼ਰ ਖਾਨ ਨੇ 28 ਮਈ 1414 ਈਸਵੀ ਨੂੰ ਉਸਨੂੰ ਤਖਤ ਤੋਂ ਲਾਹ ਕੇ ਸਈਅਦ ਵੰਸ਼ ਦੀ ਨੀਂਹ ਰੱਖ ਦਿੱਤੀ। ਹਿੰਦੂ ਮੰਦਰਾਂ ਦੀ ਲੁੱਟ ਕਰਦਿਆਂ 1000 ਤੋਂ 1025 ਈਸਵੀ ਤੱਕ ਮਹਿਮੂਦ ਗਜ਼ਨਵੀਂ ਨੇ ਭਾਰਤ ਤੇ 17 ਹਮਲੇ ਕੀਤੇ। ਸਿਕੰਦਰ ਲੋਧੀ ਬਨਾਰਸ ਫੇਰੀ ਮੌਕੇ ਗੁਰੂ ਰਵਿਦਾਸ ਜੀ ਦੁਆਰਾ ਚਲਾਈ ਬਰਾਬਰੀ ਦੀ ਮੁਹਿੰਮ ਤੋਂ ਬਹੁਤ ਪ੍ਰਭਾਵਿਤ ਹੋਇਆ। ਉਸ ਨੇ ਖੁਸ਼ ਹੋ ਕੇ ਦਿੱਲੀ ਦੇ ਤੁਗਲਕਾਬਾਦ ਵਿਚ 700 ਵਿੱਘੇ ਜਮੀਨ ਗੁਰੂ ਰਵਿਦਾਸ ਜੀ ਨੂੰ ਅਲਾਟ ਕੀਤੀ।

ਲੇਖਕ ਨੇ ਪੁਸਤਕ ਨੂੰ 14 ਚੈਪਟਰਾਂ ਵਿੱਚ ਵੰਡਿਆ ਹੈ। ਹਰ ਪਾਠ ਵਿੱਚੋਂ ਨਵੀਆਂ ਤੇ ਨਰੋਈਆਂ ਇਤਿਹਾਸਿਕ ਕਦਰਾਂ ਕੀਮਤਾਂ ਪ੍ਰਗਟ ਹੁੰਦੀਆਂ ਹਨ। ਗੁਰੂ ਜੀ ਦੇ ਜੀਵਨ ਵੇਰਵੇ ਬਾਰੇ ਅਤੇ ਨਾਮ ਬਾਰੇ ਸਭ ਸ਼ੰਕਾਵਾਂ ਦੀ ਨਵਿਰਤੀ ਕੀਤੀ ਗਈ ਹੈ। ਗੁਰੂ ਜੀ ਦੀ ਬਾਣੀ ਦੀ ਪ੍ਰਮਾਣਿਕਤਾ ਅਤੇ ਉਹਨਾਂ ਦੇ ਰਾਗ ਅਤੇ ਸੁਰ ਬਾਰੇ ਵੀ ਅਹਿਮ ਤੱਥ ਪੇਸ਼ ਕੀਤੇ ਗਏ ਹਨ। ਉਹਨਾਂ ਆਪਣੀ ਭਜਨ ਮੰਡਲੀ ਨਾਲ ਭਾਰਤ ਸਮੇਤ ਨੇਪਾਲ ਤੱਕ 8 ਯਾਤਰਾਵਾਂ ਕੀਤੀਆਂ। ਇਹਨਾਂ ਯਾਤਰਾਵਾਂ ਦੌਰਾਨ ਉਹ ਵੱਖ ਵੱਖ ਥਾਵਾਂ ਤੇ ਸਭ ਮਨੁੱਖੀ ਕਦਰਾਂ ਕੀਮਤਾਂ ਦੀ ਬਹਾਲੀ ਦਾ ਉਪਦੇਸ਼ ਦਿੰਦੇ ਹੋਏ ਅੱਗੇ ਤੋਂ ਅਗੇਰੇ ਚੱਲਦੇ ਗਏ। ਸੰਗਤ ਨੂੰ ਆਪਣੇ ਪ੍ਰਵਚਨਾਂ ਨਾਲ ਨਿਹਾਲ ਕਰਦੇ ਹੋਏ ਗੁਰੂ ਰਵਿਦਾਸ ਪਠਾਨਕੋਟ, ਕਮਾਹੀ ਦੇਵੀ, ਢੋਲਬਾਹਾ ਅਤੇ ਜਨੌੜੀ ਤੋਂ ਹੁੰਦੇ ਹੋਏ ਖੁਰਾਲਗੜ੍ਹ ਵਿਖੇ 1499 ਈਸਵੀ ਵਿੱਚ ਪਹੁੰਚੇ। ਲੇਖਕ ਨੇ ਇਸ ਸਥਾਨ ਤੇ ਚਾਰ ਸਾਲ ਦੋ ਮਹੀਨੇ 11 ਦਿਨ ਠਹਿਰਨ ਦੇ ਤੱਥ ਨੂੰ ਰੱਦ ਕਰ ਦਿੱਤਾ ਹੈ। ਕਿਉਂਕਿ ਉਹ ਉਸ ਸਮੇਂ ਚਿਤੌੜ ਵਿਚ ਸਨ। ਇਸੇ ਤਰ੍ਹਾਂ ਇਹ ਪੁਸਤਕ ਗੁਰੂ ਸਾਹਿਬ ਨਾਲ ਸੰਬੰਧਿਤ ਬਹੁਤ ਸਾਰੇ ਭਰਮ ਭੁਲੇਖਿਆਂ ਨੂੰ ਦੂਰ ਕਰਦੀ ਹੈ। ਜਿਹੜੀਆਂ ਬ੍ਰਾਹਮਣਵਾਦੀ ਲੋਕਾਂ ਨੇ ਦੰਦ ਕਥਾਵਾਂ ਗੁਰੂ ਜੀ ਦੇ ਜੀਵਨੀ ਨਾਲ ਜੋੜੀਆਂ ਹਨ ਉਹਨਾਂ ਨੂੰ ਵੀ ਤੱਥਾਂ ਸਮੇਤ ਨਕਾਰਿਆ ਗਿਆ ਹੈ।

ਗੁਰੂ ਰਵਿਦਾਸ ਦੁਆਰਾ ਪਹਿਲੀ ਯਾਤਰਾ 1436 ਤੋਂ 1448 ਈਸਵੀ ਤੱਕ ਕਾਂਸ਼ੀ ਤੋਂ ਗੁਜਰਾਤ ਤੱਕ ਕੀਤੀ ਗਈ। ਦੂਜੀ ਯਾਤਰਾ 1460 ਤੋਂ 1465 ਈਸਵੀ ਤੱਕ ਸਤਿਗੁਰੂ ਕਬੀਰ ਨਾਲ ਆਪਣੀ ਭਜਨ ਮੰਡਲੀ ਲੈ ਕੇ ਗਯਾ ਤਕ ਗਏ। ਤੀਸਰੀ ਯਾਤਰਾ 1472 ਤੋਂ 1478 ਈਸਵੀ ਦੀ ਦਰਸਾਈ ਗਈ ਹੈ। ਇਸ ਯਾਤਰਾ ਦੌਰਾਨ ਉਹਨਾਂ ਨਾਲ ਕੀਰਤਨੀ ਮੰਡਲ ਵਿੱਚ ਸਤਿਗੁਰੂ ਕਬੀਰ, ਸਤਿਗੁਰ ਧੰਨਾ, ਸਤਿਗੁਰ ਪੀਪਾ ਸਮੇਤ ਉਹਨਾਂ ਦੇ 14 ਸ਼ਿਸ਼ ਵੀ ਸ਼ਾਮਿਲ ਸਨ। ਇਸ ਯਾਤਰਾ ਦੌਰਾਨ ਨਾਗਪੁਰ, ਵਿਜੇਵਾੜਾ, ਤ੍ਰਿਪਰੀ, ਮਦਰਾਸ ਪਟਨਮ ਅਤੇ ਰਮੇਸ਼ਵਰ ਆਦਿ ਥਾਵਾਂ ਸ਼ਾਮਲ ਹਨ। ਚੌਥੀ ਯਾਤਰਾ ਦੌਰਾਨ 1481 ਈਸਵੀ ਵਿੱਚ ਬਨਾਰਸ ਤੋਂ ਉੱਤਰੀ ਭਾਰਤ ਵੱਲ ਨੂੰ ਚਾਲੇ ਪਾਏ। ਚਾਰ ਦਿਸ਼ਾਵਾਂ ਦੀਆਂ ਯਾਤਰਾਵਾਂ ਤੋਂ ਬਾਅਦ ਪੰਜਵੀਂ ਯਾਤਰਾ ਸਿਕੰਦਰ ਲੋਧੀ ਦੀ ਬੇਨਤੀ ਤੇ 1493 ਈਸਵੀ ਵਿੱਚ ਦਿੱਲੀ ਦੀ ਕੀਤੀ ਗਈ।

ਛੇਵੀਂ ਯਾਤਰਾ ਬਟਾਲਾ, ਗੁਰਦਾਸਪੁਰ, ਪਠਾਨਕੋਟ ਅਤੇ ਜੰਮੂ ਦੀ ਹੈ। 1507 ਈਸਵੀ ਵਿੱਚ ਗੁਰੂ ਰਵਿਦਾਸ ਜੀ ਨੇ ਬਦਰੀਨਾਥ ਵੱਲ ਨੂੰ ਚਾਲੇ ਪਾਏ। ਆਪਣੀ ਸੱਤਵੀਂ ਯਾਤਰਾ ਦੌਰਾਨ ਬਾਰਾਂਬੰਕੀ, ਲਖੀਮਪੁਰ, ਪੀਲੀਭੀਤ, ਨੈਨੀਤਾਲ, ਰਾਣੀ ਖੇਤ ਹੁੰਦੇ ਹੋਏ ਚੁੱਖਟੀਆ ਪਹੁੰਚੇ । ਉਹਨਾਂ ਦੀ ਅੱਠਵੀਂ ਯਾਤਰਾ 1516 ਈਸਵੀ ਵਿੱਚ ਭੋਜਰਾਜ ਅਤੇ ਮੀਰਾਬਾਈ ਦੇ ਵਿਆਹ ਦੇ ਸਮੇਂ ਚਿਤੌੜ ਦੀ ਯਾਤਰਾ ਹੈ।ਇਸ ਤਰ੍ਹਾਂ ਗੁਰੂ ਸਾਹਿਬ ਨੇ ਜਾਤ ਪਾਤ ਦੇ ਬੰਧਨਾਂ ਤੋਂ ਗਰੀਬ ਜਨਤਾ ਨੂੰ ਆਜ਼ਾਦੀ ਦਿਵਾਈ ਅਤੇ ਇੱਕ ਪ੍ਰਭੂ ਦਾ ਮਾਰਗ ਦਰਸਾਇਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਉਹਨਾਂ ਦੇ 40 ਸ਼ਬਦ ਦਰਜ ਹਨ ਪਰ ਉਹਨਾਂ ਦੀ ਬਹੁਤੀ ਬਾਣੀ ਇਸ ਤੋਂ ਬਾਹਰ ਵੀ ਜ਼ਰੂਰ ਹੋਵੇਗੀ। ਉਹਨਾਂ ਆਪਣੇ ਜੀਵਨ ਵਿੱਚ ਵੱਖ ਵੱਖ ਥਾਵਾਂ ਤੇ 94 ਹਜ਼ਾਰ ਸਤਿਸੰਗ ਕੀਤੇ ਸਨ। ਗੁਰੂ ਜੀ ਬਾਰੇ ਖੋਜ ਕਰਨ ਵਾਲੇ ਖੋਜੀਆਂ ਨੇ ਯੂਨੀਵਰਸਿਟੀਆਂ ਅਤੇ ਲਾਈਬ੍ਰੇਰੀਆਂ ਵਿੱਚ ਬੈਠ ਕੇ ਖੋਜਾਂ ਕੀਤੀਆਂ ਹਨ ਜਦ ਕਿ ਰੂਪ ਲਾਲ ਰੂਪ ਨੇ ਉਹਨਾਂ ਸਭ ਥਾਵਾਂ ਤੇ ਜਾ ਕੇ ਉਹਨਾਂ ਲੋਕਾਂ ਨੂੰ ਮਿਲ ਕੇ ਗੁਰੂ ਜੀ ਬਾਰੇ ਵੱਖ ਵੱਖ ਵੱਖ ਧਾਰਨਾਵਾਂ ਨੂੰ ਸਪਸ਼ਟ ਕੀਤਾ ਹੈ। ਜਿਹੜੇ ਥਾਂ ਗੁਰੂ ਜੀ ਦੁਆਰਾ ਸਥਾਪਿਤ ਕੀਤੇ ਗਏ ਸਨ ਉਹ ਸਮੇਂ ਦੇ ਹਾਕਮਾਂ ਦੁਆਰਾ ਖਤਮ ਕਰ ਦਿੱਤੇ ਗਏ ਹਨ। ਉਹਨਾਂ ਬਾਰੇ ਵੇਰਵੇ ਵੀ ਲੇਖਕ ਨੇ ਦਰਜ ਕੀਤੇ ਹਨ। ਇਹ ਪੁਸਤਕ ਸਾਬਤ ਕਰਦੀ ਹੈ ਕਿ ਬਹੁਤੇ ਖੋਜੀਆਂ ਨੇ ਪੁਰਾਣੀਆਂ ਖੋਜਾਂ ਨੂੰ ਹੀ ਚੁੱਕ ਕੇ ਆਪਣੀ ਖੋਜ ਵਿੱਚ ਸ਼ਾਮਿਲ ਕਰ ਲਿਆ ਹੈ ਜਦਕਿ ਖੁਦ ਕੋਈ ਖਾਸ ਯਤਨ ਨਹੀਂ ਕੀਤਾ। ਲੇਖਕ ਨੇ ਇਸ ਖੋਜ ਭਰਪੂਰ ਗ੍ਰੰਥ ਦੀ ਰਚਨਾ ਕਰਨ ਵਾਸਤੇ ਜਿੱਥੇ ਖੁਦ ਗੁਰੂ ਰਵਿਦਾਸ ਨਾਲ ਸੰਬੰਧਿਤ ਥਾਵਾਂ ਦੀਆਂ ਯਾਤਰਾਵਾਂ ਕੀਤੀਆਂ ਉਥੇ ਪੰਜਾਬੀ ਦੀਆਂ 124, ਹਿੰਦੀ ਦੀਆਂ 72 ਅਤੇ ਅੰਗਰੇਜ਼ੀ ਦੀਆਂ 18 ਪੁਸਤਕਾਂ ਸਮੇਤ ਅਖ਼ਬਾਰਾਂ ਰਸਾਲਿਆਂ ਦਾ ਵੀ ਅਧਿਐਨ ਕੀਤਾ ਹੈ। ਇਸੇ ਕਰਕੇ ਉਹ ਹਰ ਤੱਥ ਨੂੰ ਉਦਾਹਰਣਾ ਸਹਿਤ ਸਪਸ਼ਟ ਕਰਦਾ ਹੈ।

ਪੁਸਤਕ ਤੇ ਅਖੀਰ ਵਿੱਚ ਗੁਰੂ ਜੀ ਦੀ ਬਾਣੀ ਨੂੰ ਵੱਖ ਵੱਖ ਰਾਗਾਂ ਹੇਠ ਪੇਸ਼ ਹੀ ਨਹੀਂ ਕੀਤਾ ਸਗੋਂ ਹਰ ਸ਼ਬਦ ਦਾ ਅਰਥ ਵੀ ਦਰਜ ਕੀਤਾ ਗਿਆ ਹੈ ਤਾਂ ਕਿ ਪਾਠਕ ਨੂੰ ਸਮਝਣ ਵਿੱਚ ਕੋਈ ਮੁਸ਼ਕਿਲ ਨਾ ਆਵੇ। ਗੁਰੂ ਜੀ ਬਾਰੇ ਅੱਜ ਤੱਕ ਛਪੀਆਂ ਸਭ ਪੁਸਤਕਾਂ ਦੇ ਸਹੀ ਗਲਤ ਤੱਥਾਂ ਨੂੰ ਇਸ ਪੁਸਤਕ ਰਾਹੀਂ ਨਿਖਾਰਿਆ ਤੇ ਵਿਚਾਰਿਆ ਗਿਆ ਹੈ। ਉੱਤਮ ਵਿਚਾਰਾਂ ਨਾਲ ਭਰਪੂਰ ਇਸ ਪੁਸਤਕ ਦਾ ਪਾਠ ਕਰਦਿਆਂ ਪਾਠਕਾਂ ਦੇ ਮਨ ਵਿੱਚ ਵਸਦੀਆਂ ਸਭ ਸ਼ੰਕਾਵਾਂ ਦੂਰ ਹੁੰਦੀਆਂ ਜਾਂਦੀਆਂ ਹਨ। ਉਹ ਆਪਣੇ ਅੰਦਰ ਅਤੇ ਆਲੇ ਦੁਆਲੇ ਬਾਰੇ ਸੋਚਣ ਵਿਚਾਰਨ ਲੱਗ ਪੈਂਦਾ ਹੈ ਕਿਉਂਕਿ ਅੱਜ ਤੱਕ ਸਾਨੂੰ ਬ੍ਰਾਹਮਣਵਾਦੀਆਂ ਵਲੋਂ ਸੁਣਾਇਆ ਤੇ ਦਿਖਾਇਆ ਹੋਰ ਕੁਝ ਹੀ ਜਾਂਦਾ ਰਿਹਾ ਜਦ ਕਿ ਅਸਲੀਅਤ ਕੁਝ ਹੋਰ ਸੀ। ਗੁਰੂ ਜੀ ਦੀ ਜੀਵਨ ਫਿਲਾਸਫੀ ਅਤੇ ਉਹਨਾਂ ਦੇ ਸਾਥੀ ਭਗਤ ਕਬੀਰ, ਸ਼ਿਸ਼ ਰਾਣੀ ਝਾਲਾਂ ਬਾਈ ਵਰਗੇ ਸੰਤਾਂ ਦਾ ਜ਼ਿਕਰ ਵੀ ਮਿਲਦਾ ਹੈ। ਲੇਖਕ ਨੇ ਤਾਂ ਇਥੋਂ ਤੱਕ ਵੀ ਸਿੱਧ ਕਰ ਦਿੱਤਾ ਹੈ ਕਿ ਗੁਰੂ ਨਾਨਕ ਦੇਵ ਜੀ ਗੁਰੂ ਰਵਿਦਾਸ, ਗੁਰੁ ਕਬੀਰ ਦੀ ਬਾਣੀ ਆਪਣੀਆਂ ਉਦਾਸੀਆਂ ਦੌਰਾਨ ਗਾਉਂਦੇ ਰਹੇ ਹਨ। ਗੁਰੂ ਰਵਿਦਾਸ ਜੀ ਦੇ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਕਰਨ ਵਾਲੇ ਡੇਰਿਆਂ ਅਤੇ ਸੰਤਾਂ ਦੇ ਯੋਗਦਾਨ ਦਾ ਵੀ ਜ਼ਿਕਰ ਕੀਤਾ ਗਿਆ ਹੈ। ਗੁਰੂ ਰਵਿਦਾਸ ਜੀ ਨਾਲ ਸਬੰਧਤ ਸ਼ਾਇਦ ਹੀ ਕੋਈ ਅਜਿਹਾ ਪਹਿਲੂ ਹੋਵੇਗਾ ਜਿਸ ਦੀ ਚਰਚਾ ਇਸ ਪੁਸਤਕ ਵਿੱਚ ਨਹੀਂ ਕੀਤੀ ਗਈ ਹੈ। ਗੁਰੂ ਜੀ ਦੇ ਨਾਮ ਤੋਂ ਲੈ ਕੇ ਉਪਦੇਸ਼, ਸਬੰਧਤ ਇਲਾਕੇ, ਸੰਬੰਧਤ ਰਾਜੇ ਅਤੇ ਸ਼ਰਧਾਲੂਆਂ ਦੀ ਕੀਰਤੀ ਦਾ ਵੀ ਜੱਸ ਗਾਇਆ ਗਿਆ ਹੈ। ਗੁਰੂ ਜੀ ਦੁਆਰਾ ਅਤੇ ਉਹਨਾਂ ਬਾਰੇ ਭਗਤਾਂ ਦੁਆਰਾ ਰਚੀ ਬਾਣੀ ਨੂੰ ਵੀ ਦਰਜ ਕਰਕੇ ਹਰ ਪੱਖ ਨੂੰ ਸਪਸ਼ਟ ਕੀਤਾ ਗਿਆ ਹੈ।

ਪੁਸਤਕ 'ਗੁਰੂ ਰਵਿਦਾਸ ਪ੍ਰਗਾਸ ਦੀ ਖੋਜ' ਦੇ ਹਰ ਪੰਨੇ ਵਿੱਚੋਂ ਗੁਰੂ ਰਵਿਦਾਸ ਜੀ ਦੀ ਮਹਿਕ ਅਤੇ ਉਹਨਾਂ ਦੀ ਜੀਵਨ ਫਿਲਾਸਫੀ ਦੀਆਂ ਕਿਰਨਾਂ ਸਾਡੇ ਰਾਹਾਂ ਨੂੰ ਰੁਸ਼ਨਾਉਂਦੀਆਂ ਹਨ। ਰੂਪ ਲਾਲ ਰੂਪ ਦੀ ਮਿਹਨਤ ਅਤੇ ਘਾਲਣਾ ਭਰਪੂਰ ਇਸ ਖੋਜ ਕਾਰਜ ਦੀ ਜਿੰਨੀ ਵੀ ਸ਼ਲਾਘਾ ਕੀਤੀ ਜਾਵੇ ਉਹ ਥੋੜੀ ਹੈ। ਮੈਂ ਨਵੇਂ ਖੋਜਾਰਥੀਆਂ ਨੂੰ ਇਸ ਪੁਸਤਕ ਦਾ ਅਧਿਐਨ ਕਰਨ ਦੀ ਸਲਾਹ ਜ਼ਰੂਰ ਦੇਵਾਂਗਾ ਤਾਂ ਕਿ ਸਹੀ ਤੱਥ ਆਉਣ ਵਾਲੀਆਂ ਪੀੜੀਆਂ ਅੱਗੇ ਪੇਸ਼ ਹੁੰਦੇ ਰਹਿਣ। ਲੇਖਕ ਨੇ ਇਸ ਖੋਜ ਕਾਰਜ ਕਰਨ ਨਾਲ ਅਸਲ ਵਿੱਚ ਡਾਕਟਰੇਟ ਹੀ ਕਰ ਲਈ ਹੈ। ਡਾਕਟਰ ਭੀਮ ਰਾਓ ਅੰਬੇਦਕਰ ਯੂਨੀਵਰਸਿਟੀ ਨੂੰ ਇਸ ਖੋਜੀ ਲੇਖਕ ਨੂੰ ਡਾਕਟਰੀ ਦੀ ਆਨਰੇਰੀ ਡਿਗਰੀ ਪ੍ਰਦਾਨ ਕਰਨੀ ਚਾਹੀਦੀ ਹੈ। ਉਹ ਇਸ ਦੇ ਸੱਚੇ ਸੁੱਚੇ ਹੱਕਦਾਰ ਹਨ।

# ਮਿਲ਼ ਜਾਏ ਕੋਈ 'ਜੇ.ਸੀ.ਬੀ ਜਿਹਾ' ਜਥੇਦਾਰ?

ਸਾਡੇ ਇਲਾਕੇ ਦੀ ਕਈ ਦਹਾਕੇ ਪਹਿਲਾਂ ਦੀ ਇਹ ਗੱਲ ਹੈ। ਰੋਪੜ-ਬਲ਼ਾਚੌਰ-ਹੁਸ਼ਿਆਰ ਪੁਰ ਵਾਲ਼ਾ ਮੇਨ ਰੋਡ ਚੌੜਾ ਕੀਤਾ ਜਾ ਰਿਹਾ ਸੀ। ਇਹ ਸੜ੍ਹਕ ਜ਼ਿਲ੍ਹਾ ਹੁਸ਼ਿਆਰ ਪੁਰ ਦੇ ਗੜ੍ਹ ਸ਼ੰਕਰ ਸ਼ਹਿਰ ਦੇ ਐਨ੍ਹ ਵਿਚਕਾਰੋਂ ਲੰਘਦੀ ਹੈ। ਮਿੱਥੀ ਯੋਜਨਾ ਅਨੁਸਾਰ ਚੌੜੀ ਕੀਤੀ ਜਾ ਰਹੀ ਇਹ ਸੜ੍ਹਕ ਗੜ੍ਹ ਸ਼ੰਕਰ ਤੱਕ ਵੀ ਮੁਕੰਮਲ ਹੋ ਗਈ ਅਤੇ ਇਸ ਸ਼ਹਿਰ ਦੇ ਦੂਸਰੇ ਪਾਸੇ ਵੱਲ ਵੀ ਧੁਰ ਹੁਸ਼ਿਆਰ ਪੁਰ ਤੱਕ ਲਗ ਭਗ ਪੂਰੀ ਚੌੜੀ ਬਣ ਚੁੱਕੀ ਸੀ। ਪਰ ਗੜ੍ਹ ਸ਼ੰਕਰ ਸ਼ਹਿਰ ਵਿੱਚ ਕਿਉਂਕਿ ਸੜ੍ਹਕ ਦੇ ਦੋਹੀਂ ਪਾਸੀਂ ਭਰਿਆ ਭਕੁੰਨਾਂ ਬਜ਼ਾਰ ਬਣਿਆਂ ਹੋਇਆ ਸੀ, ਉਹ ਸਾਰੇ ਦੁਕਾਨਦਾਰ ਸੜ੍ਹਕ ਚੌੜੀ ਕਰਨ ਦਾ ਵਿਰੋਧ ਕਰਦਿਆਂ ਕੋਈ ਨਾ ਕੋਈ ਅੜਿੱਕਾ ਪਾਉਂਦੇ ਰਹਿੰਦੇ ਸਨ। ਕਦੇ ਸੜ੍ਹਕ ਉੱਤੇ ਧਰਨੇ ਮਾਰਕੇ ਅਤੇ ਕਦੇ ਅਫਸਰਾਂ ਨੂੰ ਡਰਾ ਧਮਕਾ ਕੇ!



ਉਨ੍ਹਾਂ ਦਿਨਾਂ ਵਿੱਚ ਹੁਸ਼ਿਆਰ ਪੁਰ ਦਾ ਡਿਪਟੀ ਕਮਿਸ਼ਨਰ ਸੀ ਕੋਈ ਸਾਊਥ ਇੰਡੀਅਨ ਅਫਸਰ, ਜੋ ਸੀ ਤਾਂ ਬੜਾ ਇਮਾਨਦਾਰ ਪਰ ਗੜ੍ਹਸ਼ੰਕਰ ਵਾਲ਼ਾ ਮਸਲਾ ਉਹਤੋਂ ਹੱਲ ਨਹੀਂ ਸੀ ਹੋ ਰਿਹਾ। ਕਈ ਮਹੀਨੇ ਕੰਮ ਲਟਕਿਆ ਰਿਹਾ ਜਿਸ ਕਰਕੇ ਸਰਕਾਰੇ ਦਰਬਾਰੇ ਉਹਦੀ ਇੱਕ ਦੋ ਵਾਰ ਖਿਚਾਈ ਵੀ ਹੋਈ ਸੀ!

ਉਨ੍ਹਾਂ ਹੀ ਦਿਨਾਂ ਵਿੱਚ ਗੜ੍ਹਸ਼ੰਕਰ ਦੇ ਲਾਗਲੇ ਜ਼ਿਲ੍ਹੇ ਨਵਾਂ ਸ਼ਹਿਰ ਦਾ ਡੀ।ਸੀ ਹੁੰਦਾ ਸੀ ਨਾਮਵਰ ਅਫਸਰ ਸ੍ਰੀ ਕ੍ਰਿਸ਼ਨ ਕੁਮਾਰ, ਜਿਹਦੇ ਕੰਮ ਕਾਜ ਕਰਨ ਦੀਆਂ ਧੁੰਮਾਂ ਪਈਆਂ ਹੋਈਆਂ ਸਨ। ਕਹਿੰਦੇ ਉਸਨੇ ਉਤਲੇ ਅਫਸਰਾਂ ਕੋਲ ਖੁਦ ਪੇਸ਼ਕਸ਼ ਕੀਤੀ ਕਿ ਜੇਕਰ ਹੁਸ਼ਿਆਰ ਪੁਰ ਦੇ ਡੀ.ਸੀ. ਨੂੰ ਕੁੱਝ ਦਿਨ ਛੁੱਟੀ 'ਤੇ ਭੇਜ ਕੇ ਜ਼ਿਲ੍ਹੇ ਦਾ ਵਾਧੂ ਚਾਰਜ ਮੈਨੂੰ ਦੇ ਦਿੱਤਾ ਜਾਵੇ ਤਾਂ ਮੈਂ ਗੜ੍ਹਸ਼ੰਕਰ ਸ਼ਹਿਰ 'ਚੋਂ ਸੜ੍ਹਕ ਦਾ ਰੁਕਿਆ ਪਿਆ ਪ੍ਰਸਤਾਵਤ ਨਿਰਮਾਣ ਕਾਰਜ ਕੁੱਝ ਹੀ ਦਿਨਾਂ ਵਿੱਚ ਕਰਵਾ ਸਕਦਾ ਹਾਂ!

ਉਹੀ ਗੱਲ ਹੋਈ! ਨਵਾਂ ਸ਼ਹਿਰੀਏ ਡੀ.ਸੀ. ਕ੍ਰਿਸ਼ਨ ਕੁਮਾਰ ਨੇ ਜ਼ਿਲ੍ਹੇ ਹੁਸ਼ਿਆਰ ਪੁਰ ਦਾ ਚਾਰਜ ਲੈਂਦਿਆਂ ਹੀ ਗੜ੍ਹਸ਼ੰਕਰ ਵਿਖੇ ਦੁਕਾਨਦਾਰਾਂ ਦੀ ਹੰਗਾਮੀਂ ਮੀਟਿੰਗ ਬੁਲਾਈ ਅਤੇ ਉਹ ਆਪਣੇ ਨਾਲ਼ ਲੈ ਗਿਆ ਜੇ.ਸੀ.ਬੀ. ਮਸ਼ੀਨ ਤੇ ਢਾਅ-ਢੁਹਾਈ ਦਾ ਅਮਲਾ ਫੈਲਾ! ਉਸਨੇ ਦੁਕਾਨਦਾਰਾਂ ਨੂੰ ਪ੍ਰੇਰਿਆ ਵੀ ਹੋਵੇ ਗਾ ਪਰ ਸਮਾਨ ਵਗੈਰਾ ਚੁੱਕਣ ਲਈ ਕੁੱਝ ਘੰਟਿਆਂ ਦਾ ਨੋਟਿਸ ਦੇ ਕੇ ਸੜ੍ਹਕ 'ਤੇ ਭੇਜ ਦਿੱਤੀ ਜੇ.ਸੀ.ਬੀ. ਮਸ਼ੀਨ! ਲੋਕਾਂ ਦੇ ਦੇਖਦੇ ਦੇਖਦੇ ਹੀ ਗੜ੍ਹ ਸ਼ੰਕਰ ਵਿੱਚੋਂ ਵੀ ਸੜ੍ਹਕ ਚੌੜੀ ਹੋ ਗਈ ਸੀ!!

ਇਹ ਤਾਂ ਸੀ ਇੱਕ ਮਿਸਾਲ,ਹੁਣ ਆਈਏ ਅਸਲ ਗੱਲ੍ਹ ਵੱਲ- ਇਨ੍ਹੀਂ ਦਿਨੀ ਬਾਦਲ ਦਲ ਦੇ 'ਵਾਅਦਾ ਮੁਆਫ ਗਵਾਹਾਂ' ਵਲੋਂ ਸੁਖਬੀਰ ਸਿੰਘ ਬਾਦਲ ਦਾ ਕੱਚਾ ਚਿੱਠਾ ਸ੍ਰੀ ਅਕਾਲ ਤਖਤ ਸਾਹਬ 'ਤੇ ਪੇਸ਼ ਕੀਤਾ ਹੋਇਆ ਹੈ।

ਮੌਜੂਦਾ ਜਥੇਦਾਰ ਸ੍ਰੀ ਅਕਾਲ ਤਖਤ ਸਾਹਬ ਭਾਈ ਰਘੁਬੀਰ ਸਿੰਘ, ਸੁਖਬੀਰ ਬਾਦਲ ਦੀ ਪਸੰਦ ਅਤੇ ਮਰਜੀ ਮੁਤਾਬਕ ਹੀ ਨਿਯੁਕਤ ਹੋਇਆ ਹੋਇਆ ਜਥੇਦਾਰ ਹੈ। ਇਕ ਏਸ ਵੱਡੇ ਕਾਰਨ ਅਤੇ ਦੂਜੇ ਜਥੇਦਾਰ ਪਦਵੀ ਦੀ ਘੋਰ ਦੁਰਵਰਤੋਂ ਦੇ ਪਿਛਲੇ ਰਿਕਾਰਡ ਨੂੰ ਦੇਖਦਿਆਂ ਸਮੁੱਚੇ ਸਿੱਖ ਜਗਤ ਦੇ ਮਨਾਂ ਵਿੱਚ ਗਹਿਰੇ ਸ਼ੱਕ ਅਤੇ ਖਦਸ਼ੇ ਹਨ ਕਿ ਕੀ ਸੁਖਬੀਰ ਬਾਦਲ ਜਾਂ 'ਸੱਚ ਕੀ ਵੇਲਾ' ਮੌਕੇ ਬੁੱਲ੍ਹ ਸੀਂਤੇ ਰੱਖਣ ਵਾਲ਼ੇ 'ਵਾਅਦਾ ਮੁਆਫ ਗਵਾਹਾਂ' ਨੂੰ ਯੋਗ ਸਜ਼ਾਵਾਂ ਦੇ ਸਕਣਗੇ ਇਹ ਜਥੇਦਾਰ ਜੀ?

ਸੋ ਕਿੰਨਾਂ ਚੰਗਾ ਹੋਵੇ ਜੇ ਹੁਣ ਸ੍ਰੀ ਅਕਾਲ ਤਖਤ ਸਾਹਿਬ ਉੱਤੇ 'ਪੂਰਾ ਨਿਆਂ ਹੁੰਦਾ' ਦੇਖਣ ਲਈ ਮੌਜੂਦਾ ਜਥੇਦਾਰ ਨੂੰ ਹੁਸ਼ਿਆਰ ਪੁਰੀਏ ਡੀ.ਸੀ ਵਾਂਗ ਕੁੱਝ ਦਿਨਾਂ ਲਈ ਛੁੱਟੀ ਭੇਜ ਕੇ ਕਿਸੇ 'ਜੇ.ਸੀ.ਬੀ ਜਿਹੇ ਜਥੇਦਾਰ' ਨੂੰ ਕੁੱਝ ਹਫਤਿਆਂ ਲਈ ਚਾਰਜ ਦੇ ਦਿੱਤਾ ਜਾਵੇ

**ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**

## ਕਾਵਿ-ਵਿਅੰਗ

# ਬੰਦ ਕਮਰੇ- ਬੰਦ ਲਫਾਫੇ!

ਬੰਦ ਕਮਰੇ-ਬੰਦ ਲਫਾਫੇ!
ਹੁੰਦੀ ਲੋੜ ਨਾ ਉਨ੍ਹਾਂ ਨੂੰ ਪਰਦਿਆਂ ਦੀ
ਪੱਲੇ ਜਿਨ੍ਹਾਂ ਦੇ ਹੁੰਦਾ ਏ 'ਸੱਚ' ਯਾਰੋ।

ਬੱਜਰ ਪਾਪ ਜੋ ਕਰੇ ਛੁਪਾਉਣ ਖਾਤਰ
ਬੇਸ਼ਰਮ ਹੀ ਪਾਉਂਦੇ ਐ ਖੱਚ ਯਾਰੋ।

ਦੇਖ ਦੇਖ ਕੇ ਕਪਟ 'ਦੁਰਕਾਰਿਆਂ' ਦੇ
ਗੁੱਸਾ ਲੋਕਾਂ ਦਾ ਪੈਂਦਾ ਫਿਰ ਮੱਚ ਯਾਰੋ।

ਪਿਉ ਤੋਂ ਮਿਲ਼ੀ ਪ੍ਰਧਾਨਗੀ ਮਾਨਣੇ ਦਾ
ਪੈ ਗਿਆ 'ਭਰਦਾਨ ਨੂੰ 'ਲੱਚ' ਯਾਰੋ।

ਭੰਬਲ਼ ਭੂਸਾ ਵਧਾਇਆ ਏ ਕੌਮ ਅੰਦਰ
ਬੰਦ ਕਮਰੇ ਵਿੱਚ ਹੁੰਦੀਆਂ ਮੀਟਿੰਗਾਂ ਨੇ।

ਤੇਲ ਬਲ਼ਦੀ 'ਤੇ ਪਾਉਣ ਦਾ ਕੰਮ ਕੀਤਾ
ਬੰਦ ਲਫਾਫਿਆਂ ਵਾਲ਼ੀਆਂ ਚੀਟਿੰਗਾਂ ਨੇ।

**-ਤਰਲੋਚਨ ਸਿੰਘ ਦੁਪਾਲ ਪੁਰ**
**001-408-915-1268**



# 'ਤਾਰੂ ਸਿੰਘ ਸ਼ਹੀਦ..'

ਹਰ ਭਗਤ ਨਿਰੰਜਨੀਏਂ ਨੇ,
'ਤਾਰੂ ਸਿੰਘ' ਸ਼ਹੀਦ ਕਰਵਾਇਆ।
ਇਹਨੇ 'ਜ਼ਕਰੀਆ ਖਾਨ' ਨੂੰ ਜਾ,
'ਤਾਰੂ ਸਿੰਘ' ਖਿਲਾਫ਼ ਭੜਕਾਇਆ।
ਇਹ ਦਰਵੇਸ਼ ਬੰਦੇ ਨੂੰ,
ਹਿੰਦੂ ਮੁਸਲਮਾਨ ਪਿਆਰ ਸੀ ਕਰਦੇ।
ਇਹਦੇ ਸਾਊ ਹੋਣ ਦੀਆਂ,
ਸਾਰੇ ਲੋਕੀ ਹਾਮੀ ਭਰਦੇ।
ਲੋਕੋ ਫਿਰ ਵੀ ਜ਼ਾਲਮ ਨੂੰ
ਇਸਤੇ ਤਰਸ ਭੋਰਾ ਨਾ ਆਇਆ ।
ਹਰ ਭਗਤ ਨਿਰੰਜਨੀਏਂ ਨੇ....
ਸਾਰੇ ਪਿੰਡ ਦੇ ਲੋਕਾਂ ਨੇ,
ਕੀਤੀ ਪੁਲਿਸ ਅੱਗੇ ਅਰਜ਼ੋਈ।
"ਇਹ ਸੱਚਾ ਸੁੱਚਾ ਬੰਦਾ ਜੀ,
ਇਹਨੇ ਕੀਤਾ ਕਸੂਰ ਨਾ ਕੋਈ।
ਬਖ਼ਸ਼ ਦਿਉ ਬੇਦੋਸ਼ੇ ਨੂੰ,
ਗਿਆ ਝੂਠਾ ਦੋਸ਼ ਲਗਾਇਆ।"
ਹਰ ਭਗਤ ਨਿਰੰਜਨੀਏਂ ਨੇ....
ਜਦ ਤਾਰੂ ਸਿੰਘ ਕਿਵੇਂ ਵੀ ਥਿੜਕਿਆ ਨਾ,
ਨਾ ਲਾਲਚ ਖੌਫ਼ ਵਿੱਚ ਆਇਆ।
ਜ਼ਾਲਮਾਂ ਸੱਦ ਜ਼ਲਾਦਾਂ ਨੂੰ,
ਖੋਪਰ ਕੇਸਾਂ ਸੰਗ ਲੁਹਾਇਆ।
ਸਿਦਕ ਦੇ ਪੱਕੇ ਨੇ,
ਆਪਣਾ ਸਿਦਕ ਨਿਭਾ ਦਿਖਾਇਆ।
ਹਰ ਭਗਤ ਨਿਰੰਜਨੀਏਂ ਨੇ....
ਨਿਰੰਜਨੀਆ ਮੁਖਬਰ ਸਰਕਾਰੀ ਸੀ,
ਜਿਸਨੇ ਬੜੇ ਸਿੰਘ ਫੜਵਾਏ।
ਬਣਾ ਵਧਾ ਚੜਾ ਕੇ ਗੱਲ਼ਾਂ ਨੂੰ,
ਕ ਈ ਸਿੰਘ ਸ਼ਹੀਦ ਕਰਵਾਏ।
ਮੇਜਰ ਇਹਦੇ ਕਰਕੇ ਸਿੰਘਾਂ ਨੇ,
ਡੇਰਾ ਜਾ ਜੰਗਲਾਂ ਵਿੱਚ ਲਾਇਆ।
ਹਰ ਭਗਤ ਨਿਰੰਜਨੀਏਂ ਨੇ....



**ਮੇਜਰ ਸਿੰਘ ਬੁਢਲਾਡਾ**
**94176 42327**

# ਚਿਤ੍ਰਕਾਰੀ ਅਤੇ ਸਾਹਿਤ ਨਾਲ ਜੁੜਿਆ ਪ੍ਰਿੰਸੀਪਲ ਅਮਰਜੀਤ ਸਿੰਘ ਸੁੱਖੀ ਦਾ ਪਰਿਵਾਰ



ਮੇਜਰ ਸਿੰਘ ਨਾਭਾ
91-94635-53962

ਚਾਰ ਦਹਾਕੇ ਪਹਿਲਾਂ ਆਪਣੀ ਆਰਟ ਕਰਾਫਟ ਟੀਚਰਜ਼ ਟ੍ਰੇਨਿੰਗ ਦੌਰਾਨ ਜਿਨ੍ਹਾਂ ਟੀਚਰਾਂ ਤੋਂ ਵੱਖ-ਵੱਖ ਵਿਸ਼ਿਆਂ ਦੀ ਸਿੱਖਿਆਲਈ ਉਹ ਅੱਜ ਵੀ ਜਿਹਨ ਵਿੱਚ ਤਾਜ਼ਾ ਨੇ। ਉਨ੍ਹਾਂ 'ਚੋਂ ਕਈ ਟੀਚਰ ਇਸ ਦੁਨੀਆਂ ਤੋਂ ਰੁਖ਼ਸ਼ਤ ਹੋ ਚੁੱਕੇ ਹਨ , ਜਿਨ੍ਹਾਂ 'ਚੋਂ ਪ੍ਰਮੁੱਖ ਪ੍ਰਿੰਸੀਪਲ ਨਾਗਰ ਸਿੰਘ , ਸ. ਭਾਗ ਸਿੰਘ (ਪ੍ਰਿੰਸੀਪਲ), ਸ. ਅਮਰਜੀਤ ਸਿੰਘ ਦੁੱਖੀ (ਪ੍ਰਿੰਸੀਪਲ) ਆਦਿ ਹਨ ।ਮੇਰੇ ਨਿੱਘੇ ਦੋਸਤ ਗੁਰਮੇਲ ਸਿੰਘ ਪਟਿਆਲਾ ਅਤੇ ਮੈਂ ਪਹਿਲਾਂ ਸ. ਹਿੰਮਤ ਸਿੰਘ ਅਤੇ ਸ੍ਰੀ ਸੁਮੇਸ਼ ਮੋਹਨ ਘਈ ਨੂੰ ਮਿਲ ਚੁੱਕੇ ਹਾਂ ।ਪਿਛਲੇ ਦਿਨੀਂ ਮੈਂਆਪਣੇ ਚਲ ਰਹੇ ਇਲਾਜ ਤਹਿਤ ਪੀ.ਜੀ.ਆਈ. ਇੰਨਜੈਕਸਨ ਲਗਾਉਣ ਜਾਣਾ ਸੀ, ਜੋ ਥੋੜੇ ਸਮੇਂ ਦਾ ਕੰਮ ਸੀ , ਗੁਰਮੇਲ ਸਿੰਘ ਨਾਲ ਗੱਲ ਹੋਈ ਉਹ ਜਾਣ ਲਈ ਤਿਆਰ ਹੀ ਸਨ ਕਿਉਂਕਿ ਉਨ੍ਹਾਂ ਨੂੰ ਪਹਿਲਾਂ ਹੀ ਦੱਸਿਆ ਹੋਇਆ ਸੀ। ਮੈਂ ਨਾਭੇ ਤੋਂ ਪਹਿਲੀ ਵਾਰ ਬਸ ਜਾਣ ਦਾ ਪ੍ਰੋਗਰਾਮ ਬਣਾ ਲਿਆ ਕਿਉਂਕਿ ਕੰਮ ਥੌੜਾ ਹੀ ਸੀ। ਗੁਰਮੇਲ ਸਿੰਘ ਬਾਈਕ ਤੇ ਬਸ ਸਟੈਂਡ ਆ ਗਏ, ਮੋਸਮ ਠੀਕ ਸੀ, ਗੁਰਮੇਲ ਸਿੰਘ ਨੇ ਪਟਿਆਲਾ ਤੋਂ ਬਾਈਕ ਤੇ ਹੀ ਜਾਣ ਦਾ ਪ੍ਰੋਗਰਾਮ ਬਣਾ ਲਿਆ ਜਦੋਂ ਕਿ ਮੈਂ ਅੱਗੇ ਵੀ ਬਸ ਜਾਣਾ ਚਾਹੁੰਦਾ ਸੀ। ਹੰਸਾਲੀ ਗੁਰੁਦੁਆਰਾ ਸਹਿਬ ਦਰਸ਼ਨ ਕਰਕੇ ਸਾਰਟ ਰਸਤੇ ਪੀ.ਜੀ.ਆਈ. ਪਹੁੰਚ ਗਏ ।ਇੰਜੈਕਸ਼ਨ ਲਗਵਾ ਕੇ ਜਲਦੀ ਵਹਿਲੇ ਹੋ ਗਏ ।ਪਿਛਲੀ ਲੜੀ ਤਹਿਤ ਆਪਣੇ ਸਰਾਂ ਨੂੰ ਮਿਲਣ ਲਈ ਸ. ਅਮਰਜੀਤ ਸਿੰਘ ਸੁੱਖੀ ਨੂੰ ਮੋਹਾਲੀ ਵਿਖੇ ਮਿਲਣ ਦਾ ਉਨ੍ਹਾਂ ਨਾਲ ਫੋਨ ਤੇ ਸੰਪਰਕ ਕਰਕੇ ਪ੍ਰੋਗਰਾਮ ਬਣਾ ਲਿਆ। ਮਾਮਾ ਜੀ ਦੇ ਬੇਟੇ ਨੇ ਸਾਨੂੰ 80 ਸੈਕਟਰ ਦਾ ਰਸਤਾ ਸਤ ਸੈਕਟਰ ਤੋਂ ਸਿੱਧੇ ਸਮਝਾ ਦਿੱਤਾ, ਅਸੀਂ ਆਸਾਨੀ ਨਾਲ ਨਿਸਚਿਤ ਥਾਂ ਪਹੁੰਚ ਗਏ।

ਅਕਸਰ ਕਿਹਾ ਜਾਂਦਾ ਹੈ ਕਿ 'ਕਲਾ ਜ਼ਿੰਦਗੀ ਹੈ'। ਇਹ ਸ਼ਬਦ ਜ਼ਿੰਦਗੀ ਨੂੰ ਆਨੰਦਮਈ ਬਣਾਉਣ ਲਈ ਅਹਿਮ ਸਥਾਨ ਰੱਖਦੇ ਹਨ।ਇਸੇ ਤਰ੍ਹਾਂ ਦੀ ਸਖਸੀਅਤ ਹੈ ਪ੍ਰਿੰਸੀਪਲ ਅਮਰਜੀਤ ਸਿੰਘ ਸੁੱਖੀ ਜਿਨ੍ਹਾਂ ਨੇ ਪਿਤਾ ਸ੍ਰ. ਜਸਵੰਤ ਸਿੰਘ ਟੂ-ਟੇਜਾ ਅਤੇ ਮਾਤਾ ਸ਼੍ਰੀਮਤੀ ਹਰਭਜਨ ਕੌਰ ਦੇ ਘਰ ਸ਼ਿਮਲਾ ਵਿਖੇ ਜਨਮ ਲੈ ਕੇ ਇਨ੍ਹਾਂ ਸਬਦਾਂ ਨੂੰ ਜ਼ਿੰਦਗੀ ਵਿੱਚ ਸਮੋ ਲਿਆ। ਉਨ੍ਹਾਂ ਨੇ ਮੁਢਲੀ ਸਿੱਖਿਆ ਚੰਡੀਗੜ੍ਹ ਵਿਖੇ ਪ੍ਰਾਪਤ ਕਰਨ ਦੇ ਸਮੇਂ ਦੌਰਾਨ ਚਿੱਤਰਕਾਰੀ ਦਾ ਸ਼ੌਕ ਪਾਲ ਲਿਆ। ਇਨ੍ਹਾਂ ਨੇ ਵਿਦਿਆਰਥੀ ਜੀਵਨ ਵਿੱਚ ਚਿੱਤਰ ਪ੍ਰਦਰਸ਼ਨੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ।ਇਹੀ ਸ਼ੌਕ ਇਨ੍ਹਾਂ ਨੂੰ ਮੈਟ੍ਰਿਕ ਕਰਨ ਤੋਂ ਬਾਦ ਆਰਟ ਕਾਲਜ ਚੰਡੀਗੜ੍ਹ ਲੈ ਗਿਆ ਜਿਥੋਂ ਇਨ੍ਹਾਂ ਨੇ 1970 ਵਿੱਚ ਪੰਜ ਸਾਲਾ ਕਮਰਸ਼ੀਅਲ ਆਰਟ ਵਿੱਚ ਡਿਗਰੀ ਪ੍ਰਾਪਤ ਕਰਕੇ ਕੁਝ ਸਮਾਂ ਪ੍ਰਾਈਵੇਟ ਸ਼ੰਸਥਾ ਵਿੱਚ ਸਿੱਖਿਆ ਦੇਣ ਦੀ ਡਿਊਟੀ ਨਿਭਾਈ। ਸੰਨ 1977 ਵਿੱਚ ਗੌਰਮਿੰਟ ਆਰਟ ਐਂਡ ਕਰਾਫਟ ਟੀਚਰਜ ਸੰਸਥਾ ਨਾਭਾ ਵਿਖੇ ਲੈਕਚਰਾਰ ਦੀ ਸੇਵਾ ਨਿਭਾਉਣ ਦਾ ਸ਼ੁਭਾਗ ਪ੍ਰਾਪਤ ਹੋਇਆ, ਇਥੋਂ ਹੀ 2011 ਵਿੱਚ ਆਪ ਤਰੱਕੀ ਲੈ ਕੇ ਬਤੌਰ ਪ੍ਰਿੰਸੀਪਲ ਸਰਕਾਰੀ ਆਈ.ਟੀ ਆਈ. (ਲੜਕੀਆਂ) ਸਮਾਣਾ ਵਿਖੇ ਆਪਣੀ ਸੇਵਾ ਇਮਾਨਦਾਰੀ ਨਾਲ ਨਿਭਾਉਂਦੇ ਹੋਏ ਸੰਨ 2011 ਵਿੱਚ ਸੇਵਾ ਮੁਕਤ ਹੋਏ। ਆਪ ਨੇ ਵਾਟਰ ਕਲਰ, ਆਇਲ ਕਲਰ, ਪੋਸਟਰ ਕਲਰ ਅਤੇ ਪੈਨਸਲ ਸੇਡ ਵਿੱਚ ਅਨੇਕਾਂ ਪੇਂਟਿੰਗਜ ਬਣਾਈਆਂ ਹਨ ਜਿਨ੍ਹਾਂ ਨੂੰ ਕਈ ਨਮਾਇਸ਼ਾਂ ਵਿੱਚ ਸਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਨ੍ਹਾਂ ਨੂੰ ਕਲੇ ਮਾਡਲਿੰਗ ਦਾ ਵੀ ਸ਼ੋਕ ਹੈ। ਆਪ ਇੱਕ ਚਿੱਤਰਕਾਰ ਹੁੰਦੇ ਹੋਏ ਆਪਣੇ ਅੰਦਰ ਸਾਹਿਤਕ ਰੁਚੀਆਂ ਵੀ ਸਮਾਈ ਬੈਠੇ ਹਨ। ਇਸ ਦੀ ਮਿਸਾਲ ਇਨ੍ਹਾਂ ਦੇ ਕਲਾ ਨਾਲ ਸਬੰਧਤ ਮਾਟੋਆਂ ਵਿੱਚ ਪ੍ਰਤੱਖ ਰੂਪ ਵਿੱਚ ਵੇਖਣ ਨੂੰ ਮਿਲਦੀ ਹੈ। ਮੈਂ ਜਦੋਂ ਨਾਭਾ ਵਿਖੇ ਦੋ ਸਾਲਾ ਆਰਟ ਐਂਡ ਕਰਾਫਟ ਟੀਚਰ ਦਾ ਡਿਪਲੋਮਾ ਕਰ ਰਿਹਾ ਸੀ ਉਸ ਸਮੇਂ ਇਨ੍ਹਾਂ ਦੇ ਲਿਖਵਾਏ ਮਾਟੋਆਂ ਵਿੱਚੋਂ 'ਸੁੰਦਰਤਾ ਨੂੰ ਗਹਿਣਿਆਂ ਦੀ ਲੋੜ ਨਹੀਂ" ਸਿਰਲੇਖ ਹੇਠ ਰਚਨਾ ਲਿਖੀ। ਮੇਰੀ ਇਹ ਰਚਨਾ 'ਪੰਜਾਬੀ ਟ੍ਰਿਬਿਉਨ', 'ਅਜੀਤ' ਅਤੇ ਅਨੇਕਾਂ ਹੋਰ ਅਖ਼ਬਾਰਾਂ



ਵਿੱਚ ਛੱਪੀ, ਇਸ ਦਾ ਸਿਹਰਾ ਪ੍ਰਿੰ: ਅਮਰਜੀਤ ਸਿੰਘ ਸੁੱਖੀ ਨੂੰ ਹੀ ਜਾਂਦਾ ਹੈ। ਉਨ੍ਹਾਂ ਦੇ ਪੜ੍ਹਾਏ ਹੋਏ ਬਹੁਤ ਸਾਰੇ ਵਿਦਿਆਰਥੀਡਰਾਇੰਗ ਅਧਿਆਪਕ ਦੀ ਸੇਵਾ ਨਿਭਾ ਰਹੇ ਹਨ, ਕਈ ਸੇਵਾ ਮੁਕਤ ਵੀ ਹੋ ਚੁੱਕੇ ਹਨ ਜੋ ਕਿ ਆਪਣੀ ਜ਼ਿੰਦਗੀ ਦੀਆਂ ਖੁਸ਼ੀਆਂ ਮਾਣ ਰਹੇ ਹਨ, ਜਿਨ੍ਹਾਂ 'ਚੋਂ ਕਈ ਤਰੱਕੀ ਲੈ ਕੇ ਉੱਚ ਅਹੁੱਦੇ ਤੇ ਵੀ ਕੰਮ ਕਰ ਰਹੇ ਹਨ ਅਤੇ ਕਈਆਂ ਨੇ ਸਟੇਟ ਐਵਾਰਡ ਅਤੇ ਰਾਸਟਰੀ ਐਵਾਰਡ ਵੀ ਪ੍ਰਾਪਤ ਕੀਤੇ ਹਨ ਜਿਨ੍ਹਾਂ 'ਚੋ ਗੁਰਪ੍ਰੀਤ ਸਿੰਘ ਨਾਮਧਾਰੀ ਨੇ ਆਪਣੀ ਵਧੀਆ ਚਿਤ੍ਰਕਾਰੀ ਸਦਕਾ ਰਾਸਟਰਪਤੀ ਐਵਾਰਡ ਪ੍ਰਾਪਤ ਕਰਕੇ ਨਾਮ੍ਹਣਾ ਖੱਟਿਆ ਹੈ।

ਉਨ੍ਹਾਂ ਨੇ ਸਾਹਿਤ ਦੇ ਖੇਤਰ ਵਿੱਚ ਵੀ ਮੱਲ੍ਹਾਂ ਮਾਰੀਆਂ ਹਨ। ਉਨ੍ਹਾਂ ਦੀ ਗਜ਼ਲਾਂ ਦੀ ਕਿਤਾਬ 'ਜਾਗਦੀਆ ਅੱਖਾਂ ਦੇ ਸੁਪਨੇ' ਜਿਸ ਨੂੰ 'ਆਲ ਇੰਡੀਆ ਮੀਆਂਵਾਲੀ ਜਿਲ੍ਹਾ ਐਸੋਸੀਏਸ਼ਨ (ਰਜਿ) ਦਿੱਲੀ' ਵਲੋਂ 'ਆਊਟਸਟੈਂਡਿੰਗ ਅਚੀਵਮੈਂਟ ਅਵਾਰਡ' ਨਾਲ ਸਨਮਾਨਿਤ ਕੀਤਾ ਗਿਆ, ਉਨ੍ਹਾਂ ਨੇ 'ਕਲਮਾਂ ਦੀ ਪਰਵਾਜ਼' ਅਤੇ 'ਕਲਮਾਂ ਦਾ ਸਫ਼ਰ' ਪੰਜਾਬੀ ਸਾਹਿਤ ਦੀ ਝੋਲੀ ਪਾਉਣ ਦੇ ਨਾਲ ਕਹਾਣੀਆਂ ਦੀ ਕਿਤਾਬ 'ਕਹਾਣੀ ਅੱਗੇ ਤੁਰਦੀ ਗਈ' ਆਪਣੇ ਪਾਠਕਾਂ ਦੇ ਰੂਬਰੂ ਕੀਤੀ। ਪ੍ਰਸਿੱਧ ਲੇਖਕ ਸੁਖਮਿੰਦਰ ਸੇਖੋਂ ਵਲੋਂ ਸੰਪਾਦਿਤ 'ਮੁੱਠੀ ਕੁ ਤਾਰੇ' ਕਿਤਾਬ ਵਿੱਚ ਆਪ ਦੀਆ ਰਚਨਾਵਾਂ ਨੂੰ ਸ਼ਾਮਲ ਕੀਤਾ ਗਿਆ ਹੈ। ਆਪ ਦੀਆ ਰਚਨਾਵਾਂ ਨਾਮਵਰ ਅਖ਼ਬਾਰਾਂ, ਮੈਗ਼ਜ਼ੀਨਾਂ ਆਦਿ ਵਿੱਚ ਅਕਸਰ ਛਪਦੀਆਂ ਰਹਿੰਦੀਆਂ ਹਨ। ਸਮਾਜ ਸੇਵੀ ਕੰਮਾਂ ਦੀ ਜੇ ਗੱਲ ਕਰੀਏ ਆਪਨੇ ਬੱਚਿਆਂ ਅੰਦਰ ਕਲਾ ਪ੍ਰਤੀ ਰੁਚੀ ਪੈਦਾ ਕਰਨ ਲਈ ਆਪਣੇ ਪਿਤਾ ਸਵ:ਜਸਵੰਤ ਸਿੰਘ ਟੂਟੇਜਾ ਦੀ ਯਾਦ ਵਿੱਚ ਆਰਟ ਐਂਡ ਕਲਚਰ ਸੋਸਾਇਟੀ ਦੀ ਸਥਾਪਨਾ ਕਰਕੇ ਪਿਛਲੇ ਲੰਬੇ ਸਮੇਂ ਤੋਂ ਵੱਖੋ-ਵੱਖਰੇ ਸਕੂਲਾਂ ਵਿੱਚ ਹਰ ਸਾਲ ਪੇਂਟਿੰਗ ਮੁਕਾਬਲੇ ਕਰਵਾਏ ਜਾ ਰਹੇ ਹਨ। ਇਸ ਮੌਕੇ ਜੇਤੂ ਬੱਚਿਆਂ ਨੂੰ ਇਨਾਮ ਅਤੋ ਸਨਮਾਨ ਪੱਤਰ ਦੇ ਕੇ ਸਨਮਾਨਿਤ ਕਰਕੇ ਬੱਚਿਆਂ ਅੰਦਰਲੀ ਕਲਾ ਨੂੰ ਹੋਰ ਵੀ



ਵਧੀਆ ਤਰੀਕੇ ਨਾਲ ਨਿਖਾਰ ਲਿਆ ਕੇ ਪੇਸ਼ ਕਰਨ ਲਈ ਉਨ੍ਹਾਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ। ਚੜ੍ਹਦੀ ਉਮਰੇ ਅਮਰਜੀਤ ਸਿੰਘ ਸੁੱਖੀ ਨੇ ਆਪਣੇ ਚਿਤਰਾਂ ਦੀ ਪਹਿਲੀ ਨੁਮਾਇਸ਼ ਸੰਨ 1975 ਵਿੱਚ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਵਿਖੇ ਲਗਾਈ ਜਿਸਦਾ ਉਦਘਾਟਨ ਉਸ ਸਮੇਂ ਦੇ ਵਾਈਸ ਚਾਂਸਲਰ ਸ਼੍ਰੀ ਮਹਿੰਦਰ ਸਿੰਘ ਰੰਧਾਵਾ ਨੇ ਕੀਤਾ ਅਤੇ ਉਨ੍ਹਾਂ ਦੀਆਂ ਕਲਾਕ੍ਰਿਤਾਂ ਨੂੰ ਸਰਾਹਿਆ,ਜਿਸ ਨਾਲ ਉਨ੍ਹਾਂ ਦਾ ਹੌਸਲਾ ਹੋਰ ਵੀ ਵੱਧਿਆ। ਅਮਰਜੀਤ ਸੁੱਖੀ ਨੂੰ ਜਦੋਂ ਵੀ ਵਿਹਲ ਮਿਲਦੀ ਤਾਂ ਕੋਈ ਨਾ ਕੋਈ ਪੇਂਟਿੰਗ ਬਣਾਉਣ'ਚ ਰੁਝੇ ਰਹਿੰਦੇ ਹਨ ਜਿਨ੍ਹਾਂ 'ਚੋਂ ਕੋਈ ਨਾ ਕੋਈ ਥੀਮ ਜਰੂਰ ਝਲਕਦੀ ਨਜ਼ਰ ਆਉਂਦੀ ਹੈ। ਉਨ੍ਹਾਂ ਨੇ ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਨੂੰ ਪੇਸ਼ ਕਰਦੀਆਂ ਪੇਂਟਿੰਗਜ਼ ਬਣਾ ਕੇ ਸਾਡੇ ਵਿਰਸੇ ਨੂੰ ਯਾਦ ਕਰਵਾਇਆ ਹੈ। ਉਨ੍ਹਾਂ ਦੀ ਕਲਾ ਦੀ ਕਦਰ ਕਰਦੇ ਹੋਏ ਅਕਸਰ ਨਾਮਵਰ ਵਿਦਿਅਕ ਸੰਸਥਾਵਾਂ ਵਲੋਂ ਕਰਵਾਏ ਜਾਂਦੇ ਪੇਂਟਿੰਗ ਮੁਕਾਬਲਿਆਂ ਦੀ ਜੱਜਮੈਂਟ ਲਈ ਬਤੌਰ ਜੱਜ ਸੱਦਾ ਦਿੱਤਾ ਜਾਂਦਾ ਹੈ।

ਉਨ੍ਹਾਂ ਵਲੋਂ ਨਿਰਪੱਖ ਜੱਜਮੈਂਟ ਕਰਨ ਸਦਕਾ ਬਹੁਤ ਸਾਰੀਆਂ ਸੰਸਥਾਵਾਂ ਵਲੋਂ ਉਨ੍ਹਾਂ ਨੂੰ ਸਨਮਾਨਿਤ ਕੀਤਾ ਜਾ ਚੁੱਕਾ ਹੈ।ਇਸੇ ਸੰਦਰਵ ਵਿੱਚ ਡੀ.ਜੀ.ਐਸ.ਈ.ਸਕੂਲਜ ਪੰਜਾਬ ਵਲੋਂ ਵੀ ਆਪ ਨੂੰ ਸਨਮਾਨਿਤ ਕੀਤਾ ਗਿਆ ਹੈ।


ਉਨ੍ਹਾਂ ਨੇਘਰ ਅੰਦਰ ਸਾਰੇ ਕਮਰਿਆਂ ਅੰਦਰ ਆਪਣੀਆਂ ਕਲਾਕ੍ਰਿਤਾਂ ਨੂੰ ਕਲਾਤਿਮਕ ਢੰਗ ਨਾਲ ਬੜੇ ਸੁੱਚਜੇ ਢੰਗ ਨਾਲ ਟਿਕਾਇਆ ਹੋਇਆ ਹੈ ਜੋ ਕਿ ਪ੍ਰਦਰਸ਼ਨੀ ਦਾ ਭੁਲੇਖਾ ਪਾਉਂਦਾ ਹੈ।ਘਰ ਅੰਦਰ ਢੇਰ ਸਾਰੇ ਸਨਮਾਨ ਉਨ੍ਹਾਂ ਦੀ ਕਲਾ ਅਤੇ ਸਾਹਿਤ ਪ੍ਰਾਪਤੀਆਂ ਦੀ ਗਵਾਹੀ ਭਰਦੇ ਪ੍ਰਤੱਖ ਦਿਖਾਈ ਦਿੰਦੇ ਹਨ। ਨਾਭਾ ਵਿਖੇ 34ਵਾਂ ਪ੍ਰੋ: ਮੋਹਨ ਸਿੰਘ ਮੇਲਾ-2012 ਵਿੱਚ ਪੇਂਟਿੰਗ ਪ੍ਰਦਰਸ਼ਨੀ ਵਿੱਚ ਭਾਗ ਲੈਣ ਤੇ ਆਪ ਨੂੰ ਸਨਮਾਨਿਤ ਕੀਤਾ ਗਿਆ। ਉਨ੍ਹਾਂ ਨੂੰ ਪੰਜਾਬ ਪ੍ਰਦੇਸ ਸੰਸਕ੍ਰਿਤ ਅਕਾਦਮੀ (ਰਜਿ:) ਨਾਭਾ, ਮਾਡਰਨ ਖੇਤੀ ਐਗਰੋ ਸੋਸਾਇਟੀ (ਰਜਿ:) ਨਾਭਾ ਵਲੋਂ ਆਰਟ/ਸੋਸ਼ਲ ਵਰਕਰ ਲਈ ਸਨਮਾਨ, ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ (ਰਜਿ:) ਵਲੋਂ ਸਨਮਾਨ ਪੱਤਰਅਤੇ ਸ੍ਰ. ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੋਸਾਇਟੀ (ਰਜਿ) ਬਠਿੰਡਾ ਵਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ।ਉਹ ਦੂਰਦਰਸ਼ਨ ਤੋਂ ਆਰਟ ਬਾਰੇ 20 ਮਿੰਟ ਦਾ ਪ੍ਰੋਗਰਾਮ ਵੀ ਪੇਸ਼ ਕਰ ਚੁੱਕੇ ਹਨ। ਨਾਭਾ ਵਿਖੇ 2022 ਵਿੱਚ 25 ਵੇਂ ਸਿਲਵਰ ਜੁਬਲੀ ਮੌਕੇ ਨਾਭਾ ਕਵਿਤਾ ਉਤਸ਼ਵ 'ਤੇ ਉਨ੍ਹਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਹੈ। ਸਰਕਾਰ ਵਲੌਂ ਵੀ ਇਹੋ ਜਿਹੀਆਂ ਸ਼ਖਸ਼ੀਅਤਾਂ ਦਾ ਸ਼ਨਮਾਨ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਭਰਾ ਸ੍ਰ. ਹਰਿੰਦਰਪਾਲ ਸਿੰਘ ਐਮ.ਡੀ. ਇੱਕ ਕਾਰੋਬਾਰੀ ਹੋਣ ਦੇ ਨਾਤੇ ਸਾਹਿਤ ਅਤੇ ਚਿਤ੍ਰਕਾਰੀ ਨਾਲ ਜੁੜੇ ਹੋਏ ਹਨ। ਸ੍ਰ. ਅਮਰਜੀਤ ਸਿੰਘ ਸੁੱਖੀ ਨੇ ਆਪਣੀਆਂ ਪ੍ਰਾਪਤੀਆਂ ਲਈ ਆਪਣੀ ਸੁਪਤਨੀ ਉੱਘੇ ਲੇਖਕ ਸਵ: ਬੀ.ਐਸ.ਬੀਰ (ਮਹਿਰਮ ਗਰੁੱਪ ਪਬਲੀਕੇਸ਼ਨ), ਸ੍ਰ. ਹਰਪਾਲ ਸਿੰਘ ਐਸ.ਡੀ.ਓ. (ਰਿਟਾ:), ਸ੍ਰ. ਦਲਜੀਤ ਸਿੰਘ ਕਰਨਸ਼ੇਰ ਐਮ.ਡੀ ਅਤੇ ਸ੍ਰ. ਕਰਮਜੀਤ ਸਿੰਘ ਮਹਿਰਮ (ਪ੍ਰੈਸ ਰਿਪੋਰਟਰ ਅਜੀਤ) ਦੀ ਭੈਣ ਸਰਦਾਰਨੀ ਕ੍ਰਿਪਾਲ ਕੌਰ ਰਿਟਾ: ਪ੍ਰਿੰਸੀਪਲ ਦੇ ਸਹਿਯੋਗ ਨੂੰ ਹਮੇਸ਼ਾਂ ਸਲਾਹਿਆ ਹੈ। ਸ਼੍ਰੀਮਤੀ ਕ੍ਰਿਪਾਲ ਕੌਰ ਨੂੰ ਵੀ ਸਾਹਿਤ ਨਾਲ ਲਗਾਅ ਹੈ ਉਨ੍ਹਾਂ ਨੇ ਵੀ ਪੰਜਾਬੀ ਸਾਹਿਤ ਦੀ ਝੋਲੀ ਧਾਰਮਿਕ ਸਾਹਿਤ ਦੀਆਂ ਰਚਨਾਵਾਂ ਨੂੰ ਪਾ ਕੇ ਕੀਤੀ ਹੈ। ਉਨ੍ਹਾਂ ਦੀਆਂ ਤਿੰਨ ਬੇਟੀਆਂ ਵਿਆਹ ਉਪ੍ਰੰਤ ਆਪਣੇ ਆਪਣੇ ਘਰ ਸੁੱਖੀ ਜ਼ਿੰਦਗੀ ਬਤੀਤ ਕਰ ਰਹੀਆਂ ਹਨ ਅਤੇ ਦੋਵੇਂ ਬੇਟੇ ਬਿਕਰਮਜੀਤ ਸਿੰਘ ਅਤੇ ਦਮਨਜੀਤ ਸਿੰਘ ਵੀ ਆਪਣੀ ਆਪਣੀ 'ਜਾਬ' ਦੇ ਨਾਲ ਨਾਲ ਚਿਤ੍ਰਕਾਰੀ ਵਿੱਚ ਵੀ ਰੁਚੀ ਰੱਖਦੇ ਹਨ। ਸ. ਸੁੱਖੀ ਅੱਜ ਕੱਲ੍ਹ ਮੋਹਾਲੀ ਵਿਖੇ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ ਅਤੇ ਉਨ੍ਹਾਂ ਨੇ ਆਪਣੀਆਂ ਕਲਾਕ੍ਰਿਤਾਂ ਨੂੰ ਬੜੇ ਸਲੀਕੇ ਨਾਲ ਫਰੇਮ ਕਰਵਾ ਕੇ ਸਾਂਭ ਕੇ ਰੱਖਿਆ ਹੋਇਆ ਹੈ। ਨਾਭੇ ਨਾਲ ਜੁੜੀਆਂ ਯਾਦਾਂ ਨੂੰਪਰਿਵਾਰ ਭੁਲਾ ਨਹੀਂ ਸਕਦਾ ਹੈ। ਉਹਹੁਣ ਵੀ ਕੋਈ ਨਾ ਕੋਈ ਨਵੀਂ ਰਚਨਾ ਜਾਂ ਨਵੇਂ ਮਾਡਰਨ ਆਰਟ ਦੀਆਂ ਕਲਾਕ੍ਰਿਤ ਨੂੰ ਆਪਣੇ ਬੇਟਿਆਂ ਦੀ ਮਦਦ ਕਰਕੇ ਜਾਂ ਆਪ ਤਾਰਾਸਦੇ ਰਹਿੰਦੇ ਹਨ।ਹਾਲਾਂ ਕਿ ਸੁੱਖੀ ਸਾਹਬ ਦੀ ਤਬੀਅਤ ਠੀਕ ਨਹੀਂ ਸੀ ਪਰ ਉਨ੍ਹਾਂ ਦੇ ਬੇਟੇ ਬਿਕਰਮਜੀਤ ਨੇ ਆਪਣੀਆਂ ਅਤੇ ਸਰ ਦੀਆਂ ਸਾਰੀਆਂ ਕਲਾਕ੍ਰਿਤਾਂ ਦੇ ਸਾਨੂੰ ਰੂਬਰੂ ਕਰਵਾਇਆ। ਗੁਰਮੇਲ ਸਿੰਘ ਨੇ ਮੌਕਾ ਸਾਂਭਦੇ ਹੋਏ ਇਨ੍ਹਾਂ ਨੂੰ ਕੈਮਰੇ 'ਚ ਕੈਦ ਕਰ ਲਿਆ। ਸੱਚ ਮੁੱਚ ਕਲਾਕਾਰਾਂ ਦੇ ਘਰ ਜਾ ਕੇ ਵੱਖਰਾ ਸਕੂਨ ਮਿਲਦਾ ਹੈ, ਸਫਰ ਲੰਬਾ ਹੋਣ ਕਰਕੇ ਉਥੋਂ ਚਲਣ ਲਈ ਮਜਬੂਰ ਹੋਣਾ ਪਿਆ। ਸਾਰੇ ਪਰਿਵਾਰ ਨੇ ਸਾਨੂੰ ਬੜੀ ਅਪਣਤ ਨਾਲ ਵਿਦਾਈ ਦਿੱਤੀ ।ਵਾਹਿਗੁਰੂ ਟੂਟੇਜਾ ਪਰਿਵਾਰ ਨੂੰ ਹਮੇਸ਼ਾ ਚੜ੍ਹਦੀਕਲਾ ਅਤੇ ਤੰਦਰੁਸਤੀ ਬਖਸ਼ੇ।

---

## ਪੁਸਤਕ ਸਮੀਖਿਆ

**ਕੁਦਰਤ ਦੀ ਗੋਦ ਵਿੱਚ**
**ਰੀਵਿਊਕਾਰ: ਡਾ. ਮਨਮੋਹਨ ਸਿੰਘ ਤੀਰ**
**ਲੇਖਕ: ਬਲਜਿੰਦਰ ਮਾਨ**
**ਪ੍ਰਕਾਸ਼ਕ: ਲੋਕ ਗੀਤ ਪ੍ਰਕਾਸ਼ਨ ਮੁਹਾਲੀ,**
**ਪੰਨੇ 80, ਮੁੱਲ: 200/-**

ਕੁਦਰਤ ਦੀ ਗੋਦ ਵਿਚ ਬਲਜਿੰਦਰ ਮਾਨ ਦੀ ਛਪ ਕੇ ਆਈ ਨਵੀਂ ਪੁਸਤਕ ਹੈ ਜਿਸ ਵਿੱਚ ਉਸਨੇ ਵੱਖ-ਵੱਖ ਸਮੇਂ ਕੀਤੀਆਂ ਯਾਤਰਾਵਾਂ ਨੂੰ ਸੰਕਲਿਤ ਕੀਤਾ ਹੈ। ਘੁੰਮਣ ਫਿਰਨ ਦਾ ਸ਼ੌਕੀਨ ਬਲਜਿੰਦਰ ਆਪਣੇ ਦੋਸਤਾਂ ਮਿੱਤਰਾਂ ਨਾਲ ਮਿਲ ਕੇ ਅਕਸਰ ਦੂਰ-ਦੁਰਾਡੀਆਂ ਥਾਵਾਂ ਤੇ ਨਿਕਲ ਪੈਂਦਾ ਹੈ। ਇਸ ਵਾਰ ਉਸ ਦੀ ਯਾਤਰਾ ਕੁਝ ਵਧੇਰੇ ਹੀ ਦੁਰਗਮ ਘਾਟੀਆਂ ਤੇ ਘੁੰਮਣ ਫਿਰਨ ਤੇ ਕੁਦਰਤ ਨਾਲ ਇਕਮਿਕ ਹੋਣ ਦੀ ਸੀ। ਬਾਬਾ ਬੰਦਾ ਬਹਾਦਰ ਦੀ ਧਰਤੀ ਤੋਂ ਲੈ ਕੇ ਅੰਧਰੇਟੇ, ਜੰਮੂ ਕਸ਼ਮੀਰ, ਪਾਲਮਪੁਰ ਤੇ ਪੰਜਾਬ ਦੇ ਕੁਝ ਇਤਿਹਾਸਕ ਸਥਾਨਾਂ ਦੀ ਯਾਤਰਾ ਸਮੇਂ ਜੋ ਲੇਖਕ ਤੇ ਉਸ ਦੇ ਸਾਥੀਆਂ ਨੂੰ ਅਨੁਭਵ ਹੋਏ ਉਹ ਇਸ ਪੁਸਤਕ ਦੀ ਸ਼ੋਭਾ ਬਣੇ ਹਨ।ਬੰਦਾ ਬਹਾਦਰ ਦੀ ਪੰਜਾਬ ਸਰਕਾਰ ਵਲੋਂ ਬਣਾਈ ਯਾਦਗਾਰ ਵੇਖਣ ਦਾ ਵਰਨਣ ਕਰਦਾ ਉਹ ਲਿਖਦਾ ਹੈ ਕਿ ਖੁੱਲ੍ਹੇ ਮੈਦਾਨ ਵਿਚ ਬਣੀ ਇਹ ਯਾਦਗਾਰ ਹਰ ਦਰਸ਼ਕ ਨੂੰ ਪ੍ਰਭਾਵਤ ਕਰਨ ਵਾਲੀ ਹੈ। ਮਾਧੋ ਦਾਸ ਬੈਰਾਗੀ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਥਾਪੜਾ ਲੈ ਕੇ ਮੁਗਲ ਫੌਜਾਂ ਤੋਂ ਬਹੁਤ ਸਾਰੇ ਇਲਾਕੇ ਖਾਲੀ ਕਰਵਾਏ ਤੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿੱਚ ਚਿਣਨ ਵਾਲੇ ਜ਼ਾਲਿਮ ਵਜ਼ੀਰ ਖਾਨ ਨੂੰ ਚਪੜਚਿੜੀ ਦੇ ਮੈਦਾਨ ਵਿੱਚ 12 ਮਈ 1710 ਨੂੰ ਪਾਰ ਬੁਲਾ ਦਿੱਤਾ। ਇੰਜ ਬੰਦਾ ਬਹਾਦਰ ਨੇ ਸੱਤ ਸਾਲਾਂ ਵਿੱਚ ਹੀ ਮੁਗਲਾਂ ਦੇ ਪੈਰ ਉਖਾੜ ਦਿੱਤੇ। ਲੇਖਕ ਦੂਰ ਦੁਰਾਡੇ ਥਾਵਾਂ ਤੇ ਜਾਂਦਾ ਹੋਇਆ ਇੱਕ ਬੜਾ ਮਹੱਤਵਪੂਰਨ ਨੁਕਤਾ ਉਭਾਰਦਾ ਹੈ ਕਿ ਕੁਦਰਤ ਦੀ ਗੋਦ ਦਾ ਨਿੱਘ ਮਾਨਣ ਤੇ ਕੁਦਰਤੀ ਨਜ਼ਾਰਿਆਂ ਦੀ ਖ਼ੂਬਸੂਰਤੀ ਮਾਨਣ ਲਈ ਘਰ ਦੇ ਸੁੱਖ ਤਿਆਗਣੇ ਪੈਂਦੇ ਹਨ। ਘਰ ਵਰਗੀਆਂ ਸਹੂਲਤਾਂ ਕਿਧਰੋਂ ਨਹੀਂ ਮਿਲਦੀਆਂ। ਉਸਨੇ ਆਪਣੇ ਦੋਸਤਾਂ ਨਾਲ ਮਿਲ ਕੇ ਸ਼੍ਰੀ ਹੇਮਕੁੰਟ ਸਾਹਿਬ ਜਾਣ ਦਾ ਪਰੋਗਰਾਮ ਉਲੀਕਿਆ। ਬਲਬੀਰ ਸਿੰਘ ਪੱਟੀ ਤੇ ਨਿਰਦੇਸ਼ਕ ਜ਼ਿਲ੍ਹਾ ਯੂਥ ਸੈਂਟਰ ਵਾਲੇ ਬਲਬੀਰ ਸਿੰਘ ਵੀ ਉਨ੍ਹਾਂ ਦਾ ਸਾਥ ਨਿਭਾ ਰਹੇ ਸਨ। ਸਫ਼ਰ ਕਾਫ਼ੀ ਲੰਬਾ ਹੋਣ ਕਰਕੇ ਉਹ ਰਾਤ ਦੇ ਦਸ ਵਜੇ ਦੇ ਕਰੀਬ ਹਰਦੁਆਰ ਪੁੱਜੇ ਤਾਂ




ਦੀਵਾਲੀ ਦੀ ਰਾਤ ਵਾਂਗ ਹਰਦੁਆਰ ਜਗਮਗ ਜਗਮਗ ਕਰਦਾ ਵਿਖਾਈ ਦਿੱਤਾ। ਪਵਿੱਤਰ ਗੰਗਾ ਦਾ ਦਰਸ਼ਨ ਕਰਕੇ ਸਭ ਦੇ ਚਿਹਰੇ ਖਿੜੇ ਹੋਏ ਸਨ। ਰਸਤੇ ਵਿੱਚ ਐਸ.ਡੀ.ਕ੍ਰਿਸ਼ਨਾ ਦੀਆਂ ਉਂਗਲਾਂ ਬਸ ਦੀ ਤਾਕੀ ਵਿੱਚ ਆ ਜਾਣ ਕਰਕੇ ਉਹ ਕਾਫੀ ਤਕਲੀਫ਼ ਵਿੱਚ ਸੀ। ਇਹ ਗਲ ਸੁਣ ਕੇ ਮੈਨੂੰ ਆਪਣੇ ਬਚਪਨ ਦੀ ਘਟਨਾ ਯਾਦ ਆ ਗਈ ਸੀ। ਇਹ ਤਕਲੀਫ ਹੰਢਾ ਚੁੱਕਾ ਹੋਣ ਕਰਕੇ ਮੈਨੂੰ ਸੱਠ ਪੈਂਹਟ ਸਾਲ ਪੁਰਾਣੀ ਘਟਨਾ ਯਾਦ ਆ ਗਈ। ਕਈ ਦਿਨ ਮੇਰੇ ਬੜੀ ਤਕਲੀਫ਼ ਵਿੱਚ ਗੁਜ਼ਰੇ ਸਨ। ਇਸ ਸਫ਼ਰਨਾਮੇ ਵਿੱਚ ਪਹਾੜੀ ਲੋਕਾਂ ਦੇ ਜੀਵਨ ਦੀਆਂ ਝਲਕਾਂ ਤਸਵੀਰਾਂ ਸਮੇਤ ਵੀ ਪੇਸ਼ ਕੀਤੀਆਂ ਗਈਆਂ ਹਨ। ਹਰਦੁਆਰ, ਰਿਸ਼ੀਕੇਸ਼, ਗੜ੍ਹਵਲਨ ਦੇ ਸੁੰਦਰ ਦ੍ਰਿਸ਼ਾਂ ਦੀ ਖ਼ੂਬਸੂਰਤੀ ਮਾਣਦੇ ਉਹ ਪਿਪਲੀਕੋਟ, ਜੋਸ਼ੀ ਮੱਠ, ਗੋਬਿੰਦ ਘਾਟ ਅਤੇ ਗੋਬਿੰਦ ਧਾਮ ਤੇ ਕੁਝ ਹੋਰ ਇਤਿਹਾਸਕ ਥਾਵਾਂ ਨੂੰ ਵੇਖਣ ਲਈ ਉਹ ਅੱਗੇ ਵਧਦੇ ਜਾਂਦੇ ਹਨ। ਲੇਖਕ ਲਿਖਦਾ ਹੈ, ਉਕਦੀ ਅਸੀ ਪਹਾੜ ਦੇ ਪੈਰਾਂ ਵਿੱਚ ਤੇ ਕਦੀ ਉਸ ਦੀ ਚੋਟੀ ਤੇ ਕਦੀ ਆਪਸ ਵਿਚ ਬਸ ਆਪਣੇ ਪੂਰੇ ਜ਼ੋਰ ਨਾਲ ਚੜ੍ਹਾਈਆਂ ਚੜ੍ਹਦੀ ਗਈ। ਪਹਿਲਾਂ ਬਿਆਸੀ ਅੱਡਾ ਆਇਆ। ਸਾਢੇ ਛੇ ਵਜੇ ਸੂਰਜ ਦੀਆਂ ਪਹਿਲੀਆਂ ਕਿਰਨਾਂ ਸਾਨੂੰ ਵਿਖਾਈ ਦੇਣ ਲੱਗੀਆਂ। ਫਿਰ ਵਾਰੀ ਆਈ ਪੰਜ ਪ੍ਰਯਾਗ ਨਾਮੀ ਕਸਬਿਆਂ ਦੀ। ਹਰਦੁਆਰ, ਰਿਸ਼ੀਕੇਸ਼, ਸ਼੍ਰੀ ਨਗਰ ਗੜਵਾਲ ਤੋਂ ਬਾਅਦ ਕਰੁਣ, ਪ੍ਰਯਾਰਾ, ਪਿਪਲੀਕੋਟ, ਜੋਸ਼ੀ ਮੱਠ, ਗੋਬਿੰਦ ਘਾਟ ਅਤੇ ਗੋਬਿੰਦ ਧਾਮ ਤੋਂ ਉੱਪਰ ਹੇਮਕੁੰਟ ਸਾਹਿਬ ਸੁਭਾਇਮਾਨ ਹੈ"। (ਪੰਨ 54) ਲੇਖਕ ਆਪਣੀ ਯਾਤਰਾ ਦੇ ਅਨੁਭਵ ਬਿਆਨਦਾ ਹੋਇਆ ਪਾਠਕਾਂ ਨੂੰ ਆਪਣੇ ਨਾਲ ਜੋੜੀ ਰੱਖਦਾ ਹੈ। ਲੇਖਕ ਦੱਸਦਾ ਹੈ ਕਿ ਤੁਰੇ ਭਾਵੇਂ ਅਸੀਂ ਇਕੱਠੇ ਸਾਂ ਪਰ ਲੱਕੜ ਦਾ ਪੁਲ ਟੱਪਣ ਨਾਲ ਉਨ੍ਹਾਂ ਦੇ ਛੋਟੇ-ਛੋਟੇ ਗਰੁੱਪ ਬਣ ਗਏ। ਅੱਠ ਵੱਜ ਕੇ ਵੀਹ ਮਿੰਟ ਤੇ ਸੂਰਜ ਵਿਖਾਈ ਦਿੱਤਾ। ਜਿਉਂ-ਜਿਉਂ ਦੁਰਗਮ ਰਸਤੇ ਆਉਂਦੇ ਹਨ, ਖਾਣ ਪੀਣ ਦੇ ਭਾਅ ਵੀ ਵਧਦੇ ਜਾਂਦੇ ਹਨ। ਇਹ ਰਸਤੇ ਪੰਜ ਅਕਤੂਬਰ ਤੱਕ ਹੀ ਖੁੱਲ੍ਹੇ ਰਹਿੰਦੇ ਹਨ। ਫਿਰ ਬਰਫ਼ ਪੈ ਜਾਂਦੀ ਹੈ। ਜਿਹੜਾ ਪੈਦਲ ਤੁਰਨ ਵਿੱਚ ਮੁਸ਼ਕਲ ਮਹਿਸੂਸ ਕਰੇ, ਉਹ ਖੱਚਰਾਂ ਦੀਆਂ ਸੇਵਾਵਾਂ ਲੈ ਸਕਦਾ ਹੈ। ਬਲਜਿੰਦਰ ਤੇ ਉਸਦੇ ਸਾਥੀ ਜਦੋਂ ਬੁਰੀ ਤਰ੍ਹਾਂ ਥੱਕ ਜਾਂਦੇ ਹਨ ਤਾਂ ਉਹ ਡਿਗਦੇ ਹਿੰਦੇ 1160 ਪੌੜੀਆਂ ਬੜੀ ਮੁਸ਼ਕਿਲ ਨਾਲ ਚੜ੍ਹਦੇ ਹਨ।

ਗੋਬਿੰਦ ਘਾਟ ਤੋਂ ਗੋਬਿੰਦ ਧਾਮ ਤੱਕ ਬਾਰਾਂ ਕਿਲੋਮੀਟਰ ਦਾ ਰਸਤਾ ਬੜਾ ਮੁਸ਼ਕਲਾਂ ਭਰਿਆ ਹੋਇਆ ਸੀ। ਇਹ ਰਸਤਾ ਪੈਦਲ, ਕਾਂਡੀ ਅਤੇ ਘੋੜੇ ਖਚਰਾਂ ਤੇ ਕੀਤਾ ਜਾਂਦਾ ਹੈ। ਗੁਰਦੁਵਾਰਾ ਸਾਹਿਬ ਦੀ ਉਸਾਰੀ ਅਜੇ ਵੀ ਜਾਰੀ ਹੈ। ਲੇਖਕ ਦਸਦਾ ਹੈ ਕਿ ਸਰੋਵਰ ਦਾ ਪਾਣੀ ਸਰੀਰ ਨੂੰ ਸੁੰਨ ਕਰਨ ਵਾਲਾ ਸੀ। ਇਸ ਸਥਾਨ ਦੇ ਬਿਲਕੁਲ ਨਜ਼ਦੀਕ ਸ਼੍ਰੀ ਲਛਮਣ ਮੰਦਰ ਵੀ ਹੈ। ਲੋਕਾਂ ਦਾ ਵਿਸ਼ਵਾਸ਼ ਹੈ ਕਿ ਯੁਧਿਸਟਰ ਅਤੇ ਪਾਂਡਵਾ ਨੇ ਆਖਰੀ ਸਮੇਂ ਇੱਥੇ ਤਪੱਸਿਆ ਕੀਤੀ। ਲੇਖਕ ਆਪਣੇ ਦੋਸਤਾਂ ਨਾਲ ਵੱਖ ਵੱਖ ਸਥਾਨਾਂ ਨੂੰ ਵੇਖਦਾ, ਕੁਦਰਤੀ ਨਜ਼ਾਰਿਆਂ ਦਾ ਲੁਤਫ਼ ਲੈਂਦਾ ਪ੍ਰਕ੍ਰਿਤੀ ਦੇ ਵੱਖ-ਵੱਖ ਰੰਗਾਂ ਵਿੱਚ ਰੰਗਿਆ ਜਾਂਦਾ ਹੈ।ਪਹਾੜਾਂ ਵਿਚ ਘੁੰਮਣ ਗਏ ਕੁਦਰਤ ਪ੍ਰੇਮੀ ਕੁਦਰਤ ਦੇ ਰੰਗਾਂ ਵਿੱਚ ਪੂਰੀ ਤਰ੍ਹਾਂ ਰੰਗੇ ਜਾਂਦੇ ਹਨ। ਰਸਤੇ ਵਿਚ ਨਜ਼ਰ ਆਉਂਦੇ ਨਿੱਕੇ-ਨਿੱਕੇ ਝਰਨੇ, ਹਰਿਆਲੇ ਦਰੱਖਤ, ਪੰਛੀਆਂ ਦੇ ਮਿੱਠੇ-ਮਿੱਠੇ ਗੀਤ ਉਨ੍ਹਾਂ ਦੇ ਸਫ਼ਰ ਨੂੰ ਸੁਹਾਵਣਾ ਬਣਾਉਂਦੇ ਰਹਿੰਦੇ ਹਨ। ਉਹ ਬਲਜਿੰਦਰ ਮਾਨ ਨੇ ਆਪਣੇ ਦੋਸਤਾਂ ਨਾਲ ਕੁਦਰਤੀ ਸੁੰਦਰਤਾ ਨੂੰ ਮਾਣਦੇ ਹੋਏ ਪੁਸਤਕ ਰੂਪ ਵਿਚ ਸਾਂਭ ਕੇ ਆਪਣੇ ਦੋਸਤਾਂ ਮਿੱਤਰਾਂ ਤੇ ਪਾਠਕ ਤਕ ਪੁਚਾ ਦਿੰਦਾ ਹੈ। ਲੇਖਕ ਵਧਾਈ ਦਾ ਪਾਤਰ ਹੈ।

# ਆਜ਼ਾਦੀ -ਏ-ਹਿੰਦੋਸਤਾਨ ਦਾ ਅਨੂਠਾ ਸ਼ਹੀਦ ਸ. ਊਧਮ ਸਿੰਘ ਸੁਨਾਮ ਉਰਫ਼ ਰਾਮ ਮੁਹੰਮਦ ਸਿੰਘ ਆਜ਼ਾਦ !

ਮਨਮੋਹਨ ਪੂਨੀ (ਨਿਊਯਾਰਕ)

ਮਹਾਨ ਦੇਸ਼ ਭਗਤ, ਆਜ਼ਾਦੀ-ਏ-ਹਿੰਦੋਸਤਾਨ ਦੀ ਸ਼ਮ੍ਹਾਂ ਦਾ ਪਰਵਾਨਾ ਅਤੇ ਗ਼ਦਰ ਪਾਰਟੀ ਦੇ ਇਨਕਲਾਬੀ ਮੁਜੱਸਮੇ ਸਰਦਾਰ ਊਧਮ ਸਿੰਘ ਨੇ 13 ਮਾਰਚ 1940 ਨੂੰ ਕੈਕਸਟਨ ਹਾਲ ਲੰਡਨ (ਇੰਗਲੈਂਡ) ਵਿੱਚ ਅੰਗਰੇਜ਼ ਸਾਮਰਾਜ ਦੇ ਬੁਲਾਰੇ ਮਾਈਕਲ ਓਡਵਾਇਰ ਨੂੰ ਗੋਲੀਆਂ ਮਾਰਕੇ ਮੌਕੇ ਉੱਤੇ ਹੀ ਢੇਰੀ ਕਰ ਦਿੱਤਾ । ਯਾਦ ਰਹੇ, ਮਾਈਕਲ ਓਡਵਾਇਰ 1913 ਤੋਂ 1919 ਤੱਕ ਪੰਜਾਬ ਦਾ ਲੈਫ਼ਟੀਨੈਂਟ ਗਵਰਨਰ ਸੀ , ਦੇ ਹੁਕਮ ਅਧੀਨ ਅਤੇ ਦਰਿੰਦੇ ਜਨਰਲ ਡਾਇਰ ਦੀ ਰਹਿਨੁਮਾਈ ਵਿੱਚ ਜਲ੍ਹਿਆਂਵਾਲਾ ਬਾਗ਼ (ਸ਼੍ਰੀ ਅੰਮ੍ਰਿਤਸਰ ) ਦਾ ਖ਼ੂਨੀ ਸਾਕਾ ਹੋਇਆ ਸੀ ; ਜਿਸ ਵਿੱਚ ਲੱਗਭੱਗ 400 ਦੇ ਕਰੀਬ ਸ਼ਹੀਦ ਹੋਏ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਰਾਮੀ ਜ਼ਖਮੀ ਹੋਏ ਸਨ । ਯਾਦ ਰਹੇ , ਨਿਹੱਥੇ ਸੰਗਰਾਮੀਆਂ ਉੱਤੇ ਜਾਲਮ ਗੋਲੀਆਂ (ਅਸਲਾ, ਬਰੂਦ ਅਮਮੁਨਿਟਿਨ) ਮੁੱਕਣ ਤੱਕ ਗੋਲੀਆਂ ਚਲਾਉਂਦੇ ਰਹੇ ਸਨ।

ਇਤਿਹਾਸ ਦੇ ਸੁਰਖ ਪੰਨੇ ਹਿੰਦੋਸਤਾਨ ਦੇ ਆਜ਼ਾਦੀ ਘੁਲਾਟੀਆਂ ਅਤੇ ਸੰਗਰਾਮਾਂ ਨਾਲ ਭਰੇ ਪਏ ਹਨ । ਅੰਗਰੇਜ਼ ਸਾਮਰਾਜ ਤੋਂ ਨਿਜਾਤ (ਆਜ਼ਾਦੀ) ਪਾਉਣ ਲਈ ਅਣਗਿਣਤ ਗ਼ਦਰੀ ਲਹਿਰਾਂ ਅਤੇ ਐਸੋਸ਼ੀਏਸ਼ਨਾ (Assoicaiton) ਬਣੀਆਂ ਜਿਨਾ ਨੇ ਆਜ਼ਾਦੀ ਦੇ ਮੁਜੱਸਮਿਆਂ ਨੂੰ ਜਨਮ ਦਿੱਤਾ । ਅੱਣਖੀ ਯੋਧੇ ਦੇਸ਼ ਲਈ ਲੜੇ ਜਾਨਾਂ ਨਿਸ਼ਾਵਰ ਕਰਕੇ ਸ਼ਹੀਦੀਆਂ ਪਾਈਆਂ। ਕੂਕਾ ਲਹਿਰ, ਗਦਰ ਲਹਿਰ, ਬੱਬਰ ਅਕਾਲੀ ਲਹਿਰ, ਗੁਰਦੁਆਰਾ ਸੁਧਾਰ ਲਹਿਰ , ਪਰਜਾਤੰਤਰ ਲਹਿਰ, ਨੌਜਵਾਨ ਸਭਾ, ਵਿਦਿਆਰਥੀ ਲਹਿਰ ਆਦਿ । ਦਾਰਸ਼ਨਿਕਾਂ ਨੇ ਆਪਣੀਆਂ ਲਿਖਤਾਂ ਵਿੱਚ ਲਿਖਿਆ ਹੈ ਕਿ ਵੱਖ ਵੱਖ ਘਟਨਾਵਾਂ ਨੇ ਮਾਂ-ਬਾਪ ਦੇ ਰੱਖੇ ਨਾਮ ਸ਼ੇਰ ਸਿੰਘ ਨੂੰ ਊਧਮ ਸਿੰਘ ਸ਼ਹੀਦ ਦਾ ਰੁਤਬਾ ਪਾਉਣ ਤੱਕ ਦਾ ਸਫ਼ਰ ਤਹਿ ਕਰਾਇਆ । ਜਿਵੇਂ ਕੂਕਾ ਲਹਿਰ ਦੇ ਸ਼ਹੀਦਾਂ ਦੀ ਗਾਥਾ ਜਨਵਰੀ 1872 ਨੂੰ ਤੋਪਾਂ ਮੋਹਰੇ ਖੜਕੇ ਜਾਨਾਂ ਨਿਸ਼ਾਵਰ ਕੀਤੀਆਂ ਜਿਨਾ ਵਿੱਚ 12 ਸਾਲਾਂ ਸ਼ਹੀਦ ਦੀ ਪਰਪੱਕਤਾ ਮੋਹਰੇ ਸਿਰ ਝੁੱਕਦਾ ਹੈ , ਲਹੌਰ ਪਹਿਲੇ ਸਾਜ਼ਿਸ਼ ਕੇਸ ਵਿੱਚ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ, ਬਖਸ਼ੀਸ਼ ਸਿੰਘ, ਜਗਤ ਸਿੰਘ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ ਅਤੇ ਹਰਨਾਮ ਸਿੰਘ ਸੱਤਾਂ ਦੇਸ਼ ਹਿਤੈਸ਼ੀਆਂ ਨੂੰ ਫਾਂਸੀ , ਰਾਜਗੁਰੂ, ਸੁਖਦੇਵ ਅਤੇ ਭਗਤ ਸਿੰਘ ਨੂੰ ਫਾਂਸੀ , ਕਾਕੋਰੀ ਕਾਂਡ ਦੀਆਂ ਦਿਲ ਕੰਬਾਊ ਕਹਾਣੀਆਂ ਜਿਸ ਵਿੱਚ ਅਸ਼ਫਾਕ ਉਲ੍ਹਾ, ਰਾਮ ਪ੍ਰਸਾਦ ਬਿਸਮਿਲ ਅਤੇ ਰਾਜਿੰਦਰ ਲਹਿਰੀ ਆਦਿ ਨੂੰ ਫਾਂਸੀ ਹੋਈ ਅਤੇ ਜਲ੍ਹਿਆਂਵਾਲਾ ਬਾਗ਼ ਦਾ ਖ਼ੂਨੀ ਸਾਕਾ ਆਦਿ ਘਟਨਾਵਾਂ ਨੇ



ਊਧਮ ਸਿੰਘ ਦੇ ਦਿਲ ਵਿੱਚ ਅੰਗਰੇਜ਼ ਸਾਮਰਾਜ ਤੋਂ ਬਦਲਾ ਲੈਣ ਦੀ ਅੱਗ ਪੈਦਾ ਕੀਤੀ ਅਤੇ ਸਾਮਰਾਜ ਦੀ ਥਾਂ ਸਮਾਜਵਾਦ ਲਿਆਉਣ ਦੀ ਵਿਚਾਰਧਾਰਾ ਨੂੰ ਸਹੀ ਕਿਹਾ ।

ਡਾ. ਗੁਰੂਮੇਲ ਸਿੱਧੂ ਦੁਆਰਾ ਲਿਖੀ ਵੱਡ-ਅਕਾਰੀ ਕਿਤਾਬ " ਹਿੰਦੋਸਤਾਨ ਦਾ ਆਜ਼ਾਦੀ ਸੰਗਰਾਮ ਗ਼ਦਰੀ ਲਹਿਰਾਂ ਦੀ ਹਿੱਸੇਦਾਰੀ " ਵਿੱਚ ਸ਼ਹੀਦ ਊਧਮ ਸਿੰਘ ਬਾਰੇ ਦੂਸਰੇ ਲੇਖਕਾਂ ਦੀਆਂ ਦਲੀਲਾਂ ਨੂੰ ਕੋਡ ਕਰਦੇ ਦੱਸਿਆ ਹੈ ਕਿ ਸ। ਊਧਮ ਸਿੰਘ ਜੱਲ੍ਹਿਆਂਵਾਲਾ ਬਾਗ਼ ਦੇ ਸਾਕੇ ਵਾਲੇ ਦਿਨ ਸ਼੍ਰੀ ਅੰਮ੍ਰਿਤਸਰ ਤੋਂ ਬਾਹਰ ਸਨ । ਈਸਟ ਅਫਰੀਕਾ ਦੇ ਸ਼ਹਿਰ ਮੋਮਬਾਸਾ ਤੋਂ ਉਹ ਜੂਨ 1919 ਵਿੱਚ ਸ਼੍ਰੀ ਅੰਮ੍ਰਿਤਸਰ ਮੁੱੜਕੇ ਆਇਆ । ਤੱਥਾਂ ਅਧਾਰਤ ਕਿਤਾਬ ਨੂੰ ਪੜ੍ਹਕੇ ਸਵੀਕਾਰ ਵੀ ਕੀਤਾ ਜਾ ਸਕਦਾ ਹੈ । ਸ. ਊਧਮ ਸਿੰਘ ਨੂੰ ਜੱਲ੍ਹਿਆਂਵਾਲਾ ਬਾਗ਼ ਦੇ ਦਰਿੰਦਗੀ ਭਰੇ ਖ਼ੂਨੀ ਸਾਕੇ ਦਾ ਪਤਾ ਚੱਲਿਆ ਉਸ ਨੇ ਸੋਚਿਆ ਇਸ ਮਨੁੱਖਤਾ ਦੇ ਹੋਏ ਘਾਣ ਦਾ , ਬੇਰਹਿਮ ਅਨੱਰਥ ਦਾ ਜਵਾਬ ਦਿੱਤਾ ਜਾਵੇਗਾ ਅਤੇ ਹਿੰਦੋਸਤਾਨ ਦਾ ਮਾਣ ਬਹਾਲ ਕਰਵਾਇਆ ਜਾਵੇਗਾ ਅਤੇ ਗ਼ੁਲਾਮੀ ਦਾ ਹਨੇਰਾ ਆਜ਼ਾਦੀ ਦਾ ਸੂਰਜ ਚੜ੍ਹਾਕੇ ਦੂਰ ਕੀਤਾ ਜਾਵੇਗਾ ਭਾਵੇਂ ਜਾਨ ਦੀ ਬਾਜ਼ੀ ਲਾਉਣੀ ਪੈ ਜਾਵੇ । ਇੰਗਲੈਂਡ ਪਹੁੰਚਕੇ ਬੱਸਤੀਵਾਦੀਆਂ ਦੀ ਗ਼ੁਲਾਮੀ ਦਾ ਜੂ.ਲਾ ਉਤਾਰਨ ਲਈ ਸ। ਊਧਮ ਸਿੰਘ ਯੁਗੰਡਾ , ਫਰਾਂਸ, ਰੂਸ , ਮੈਕਸੀਕੋ , ਬ੍ਰਾਜ਼ੀਲ ਅਤੇ ਅਮਰੀਕਾ ਆਦਿ ਦੇਸ਼ਾਂ ਥਾਂਈਂ ਮਾਂ-ਬਾਪ ਦਾ ਰੱਖਿਆ ਨਾਮ ਸ਼ੇਰ ਸਿੰਘ ਆਪਣੇ ਨਾਮ ਨੂੰ ਬਦਲਦਾ ਹੋਇਆ ਉਦੇ ਸਿੰਘ , ਊਧਮ ਸਿੰਘ , ਫ਼੍ਰੈਂਕੀ (ਬ੍ਰਾਜ਼ੀਲ), ਐਮ. ਐਸ. ਆਜ਼ਾਦ, ਬਾਵਾ ਸਾਹਿਬ ਅਤੇ ਰਾਮ ਮੁਹੰਮਦ ਆਜ਼ਾਦ ਆਦਿ ਬਣਿਆ। ਬਸਤੀਵਾਦੀਆਂ ਦੇ ਘਰ ਇੰਗਲੈਂਡ ਪਹੁੰਚਕੇ ਆਪਣੇ ਆਪ ਨਾਲ ਕੀਤਾ ਵਾਅਦਾ ਪੂਰਾ ਕਰਦੇ ਹੋਏ 31 ਜੁਲਾਈ 1940 ਨੂੰ ਜੇਲ੍ਹ ਵਿੱਚ ਫਾਂਸੀ ਦਾ ਰੱਸਾ ਚੁੰਮਕੇ ਸ਼ਹੀਦੀ ਜਾਮ ਪੀ ਗਿਆ ।

ਰਾਮ ਮੁਹੰਮਦ ਆਜ਼ਾਦ ਨੇ ਫਾਂਸੀ ਦਾ ਰੱਸਾ ਚੁੰਮਣ ਤੋਂ ਪਹਿਲਾਂ ਅੰਗਰੇਜ਼ ਸਾਮਰਾਜ ਨੂੰ ਕਿਹਾ ਕਿ "ਜਿੱਥੇ ਕਿਤੇ ਵੀ ਤੁਹਾਡੀ ਅਖੌਤੀ ਜਮਹੂਰੀਅਤ ਦਾ ਦਬਦਬਾ ਹੈ ਉੱਥੇ ਤੁਹਾਡੀਆਂ ਮਸ਼ੀਨ ਗੰਨਾਂ ਹੱਕ ਮੰਗਦੇ ਹਜ਼ਾਰਾਂ ਨਿਹੱਥੇ ਨੌਜਵਾਨ ਯੋਧਿਆਂ , ਔਰਤਾਂ ਅਤੇ ਬੱਚਿਆਂ ਦਾ ਕਤਲੇਆਮ ਕਰਦੀਆਂ ਹਨ, ਇਹ ਨੇ ਤੁਹਾਡੀਆਂ ਕਰਤੂਤਾਂ , ਤੁਹਾਡੀ ...।! ਮੈਂ ਅੰਗਰੇਜ਼ ਸਾਮਰਾਜ ਦੀ ਗੱਲ ਕਰ ਰਿਹਾ ਹਾਂ । ਮੇਰੀ ਅੰਗਰੇਜ਼ ਜਾਤੀ ਨਾਲ ਕੋਈ ਦੁਸ਼ਮਣੀ ਨਹੀਂ ਹੈ , ਸਗੋਂ ਹਿੰਦੀਆਂ ਨਾਲੋਂ ਮੇਰੇ ਗੋਰੇ ਦੋਸਤ ਵਧੇਰੇ ਹਨ ਅਤੇ ਗੋਰੇ ਮਜ਼ਦੂਰਾਂ ਨਾਲ ਮੇਰੀ ਪੂਰੀ ਹਮਦਰਦੀ ਹੈ । ਮੈਂ ਤਾਂ ਸਿਰਫ ਅੰਗਰੇਜ਼ੀ ਸਾਮਰਾਜ ਦੇ ਖ਼ਿਲਾਫ਼ ਹਾਂ ।"

ਆਪਣੇ ਦਿਲ ਦੇ ਦੁੱਖ ਦੀ ਧੁੱਖਦੀ ਅੱਗ ਨੂੰ 21 ਸਾਲ ਨਾਲ ਰੱਖਕੇ ਆਪਣੇ ਇਰਾਦੇ ਨੂੰ ਪੂਰਾ ਕਰਨਾ ਸ਼ਹੀਦ ਊਧਮ ਸਿੰਘ ਦੇ ਹਿੱਸੇ ਆਇਆ । 84ਵੇਂ ਸ਼ਹੀਦੀ ਦਿਵਸ ਉੱਤੇ ਮਹਾਨ ਸੁਤੰਤਰਤਾ ਸੈਨਾਨੀ, ਅਮਰ ਸ਼ਹੀਦ ਮੁਹੰਮਦ ਸਿੰਘ 'ਆਜ਼ਾਦ' ਉਰਫ਼ ਊਧਮ ਸਿੰਘ ਸੁਨਾਮ ਨੂੰ ਸ਼ਰਧਾਂਜਲੀ ਪੇਸ਼ ਕਰਦੇ ਹਾਂ ਅਤੇ ਵਾਅਦਾ ਕਰਦੇ ਹਾਂ ਕਿ ਉਸ ਦੀ ਗ਼ੁਲਾਮੀ ਤੋਂ ਆਜ਼ਾਦੀ ਵੱਲ ਲੈ ਕੇ ਜਾਣ ਦੀ ਭਾਵਨਾ ਜੋ ਹਨ੍ਹੇਰਿਆਂ ਤੋਂ ਚਾਨਣ ਤੱਕ ਦੀ ਸੋਚ ਹੈ, ਨੂੰ ਪੂਰਾ ਕਰਨ ਲਈ ਮਿਸ਼ਾਲ ਨੂੰ ਜੱਗਦੀ ਰੱਖਾਂਗੇ ਅਤੇ ਵਧੇਰੇ ਉੱਚੀ ਕਰਾਂਗੇ।

# ਗੋਲਡ ਮਸੀਹੀ ਰਿਕਾਰਡਜ਼ ਦੀ ਟੀਮ ਮਸੀਹੀ ਸਰੋਤਿਆ ਲਈ ਪੰਜਾਬੀ ਮਸੀਹੀ ਫਿਲਮ ਲੈ ਕੇ ਆ ਰਹੀ ਹੈ - ਰਿੰਕੂ ਥਾਪਰ

**ਫਗਵਾੜਾ (ਬੀ. ਕੇ. ਰੱਤੂ)** ਸੁਪਰਹਿੱਟ ਮਸੀਹ ਗੀਤ ਦੇਣ ਵਾਲੀ ਗੋਲਡ ਮਸੀਹੀ ਰਿਕਾਰਡਜ਼ ਦੀ ਟੀਮ ਇੰਨੀ ਦਿਨੀ ਮਸੀਹੀ ਸਰੋਤਿਆ ਲਈ ਵੱਡੇ ਪੱਧਰ ਤੇ ਪੰਜਾਬੀ ਮਸੀਹੀ ਫਿਲਮ ਲੈਕੇ ਆ ਰਹੀ ਹੈ। ਗੋਲਡ ਮਸੀਹੀ ਰਿਕਾਰਡਜ਼ ਦੇ ਪ੍ਰੋਡੀਊਸਰ ਰਿੰਕੂ ਥਾਪਰ ਤੇ ਸਹਾਇਕ ਕੁਲਵੰਤ ਤੇ ਮਾਰਕੀਟ ਸੁਪਰ ਹਿੱਟ ਫਿਲਮਾ ਤੇ ਗੀਤਾ ਚ ਰੋਲ ਅਦਾ ਕਰਨ ਵਾਲੇ ਮਾਡਲ ਗੈਵੀ ਨਾਲ ਹੋਈ। ਮੀਟਿੰਗ ਤੋਂ ਬਾਅਦ ਪ੍ਰੋਡਿਊਸਰ ਰਿੰਕੂ ਥਾਪਰ ਨੇ ਦੱਸਿਆ ਕਿ ਇਹ ਫਿਲਮ ਪ੍ਰਭ ਯਿਸੂ ਮਸੀਹ ਦੇ ਪਿਆਰ ਤੇ ਗਵਾਹੀ ਨਾਲ ਭਰੀ ਦੋ ਪ੍ਰੇਮੀਆਂ ਦੀ ਜ਼ਿੰਦਗੀ ਦੀ ਸੱਚੀ ਕਹਾਣੀ ਹੈ ਕਿ ਕਿਸ ਤਰ੍ਹਾਂ ਪ੍ਰੱਭੂ ਯਿਸੂ ਮਸੀਹ ਨੇ ਉਹਨਾਂ ਦੀ ਕਖਾਂ ਵਾਂਗ ਵਿਖਰ ਚੁੱਕੀ ਜ਼ਿੰਦਗੀ ਚ ਕੰਮ ਕੀਤਾ ਤੇ ਉਹਨਾ ਨੂੰ ਇੱਕ ਨਵੀ ਜ਼ਿੰਦਗੀ ਦਿੱਤੀ। ਉਹਨਾਂ ਕਿਹਾ ਕਿ ਇਸ ਫਿਲਮ ਵਿੱਚ



ਇੰਟਰਨੈਸ਼ਨਲ ਗਾਇਕ,ਵਰਸ਼ਈਪਰ ਤੇ ਹਾਸਰਸ ਕਲਾਕਾਰ ਆਪਣੀ ਭੂਮਿਕਾ ਨਿਭਾ ਰਹੇ ਹਨ। ਉਹਨਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਸੀਹੀ ਪੰਜਾਬੀ ਫ਼ਿਲਮਾਂ ਹੋਰ ਵੀ ਆਈਆ ਠੀਕ ਸਨ ਪਰ ਇਹ ਫਿਲਮ ਸਭ ਤੋ ਅੱਲਗ ਹੋਵੇਗੀ ਜਲਦ ਹੀ ਇਸਦਾ ਪੋਸਟਰ ਰਿਲੀਜ਼ ਕੀਤਾ ਜਾਵੇਗਾ।

# ਦੂਰਦਰਸ਼ਨ ਦਾ ਸਟਾਰ ਨਿੱਜੀ ਪ੍ਰੋਗਰਾਮ ਨਿਰਮਾਤਾ ਬੰਨੀ ਸ਼ਰਮਾ

ਬੰਨੀ ਸ਼ਰਮਾ ਪੰਜਾਬੀ ਮਿਊਜ਼ਿਕ ਇੰਡਸਟਰੀ ਦਾ ਓਹ ਨਾਮ ਏ ਜਿਸ ਪਰਦੇ ਪਿੱਛੇ ਕੰਮ ਕਰਕੇ ਕਈ ਗਾਇਕ ਚਮਕਾਏ ਤੇ ਨਾਲ ਹੀ ਕਈ ਕੈਸਟਾਂ, ਸੀ ਡੀ ਤੇ ਟਰੈਕ ਦਾ ਪੇਸ਼ਕਾਰ ਬੰਨੀ ਸ਼ਰਮਾ ਜਿਸ ਦੀ ਇੱਜ਼ਤ ਗੁਰਦਾਸ ਮਾਨ ਸਾਹਿਬ ਵੀ ਕਰਦੇ ਨੇ ਦੀਪਕ ਬਾਲੀ ਜਿਹੇ ਦਿੱਗਜ ਵੀ ਕਰਦੇ ਹਨ। "ਝਾਂਜਰ "ਝਾਂਜਰ ਦੀ ਛਨਕਾਰ "ਜਿਹੇ ਦੂਰਦਰਸ਼ਨ ਲਈ ਹਿੱਟ ਵਰਾਇਟੀ ਪ੍ਰੋਗਰਾਮ ਓਹਨਾਂ ਬਣਾਏ।ਅਸਲ ਵਿੱਚ ਦੂਰਦਰਸ਼ਨ ਤੇ ਗੁਰਦਾਸ ਮਾਨ ਜੀ ਦੇ ਗੀਤਾਂ ਦੇ ਪ੍ਰਸਾਰਣ ਲਈ "ਮਣਕੇ" ਗੀਤ ਵਿੱਚ "ਚਾਂਦੀ ਦਾ ਤਵੀਤ "ਬੰਨੀ ਹੀ ਲਿਆਂਦਾ ਸੀ।ਦੂਰਦਰਸ਼ਨ ਨਾਲ ਰੁੱਸ ਚੁੱਕੇ ਮਾਨ ਸਾਬ ਨੂੰ ਬੰਨੀ ਨੇ ਸਹੀ ਕਰ ਮਸਲਾ ਹੱਲ ਕਰਵਾਇਆ ਸੀ। "ਹੁਣ ਤੈਨੂੰ ਕੀ ਆਖਾਂ "ਮਾਨ ਜੀ ਨੇ ਪਹਿਲਾਂ



ਬੰਨੀ ਸ਼ਰਮਾ ਨੂੰ ਸੁਣਾਇਆ ਸੀ। ਹੰਸ ਰਾਜ ਹੰਸ ਜੀ ਦਾ "ਆਸ਼ਕਾਂ ਦੀ ਕਾਹਦੀ ਜ਼ਿੰਦਗੀ" ਬੰਨੀ ਨੇ ਰਲੀਜ਼ ਕਰਵਾਇਆ ਸੀ। ਦੂਰਦਰਸ਼ਨ ਜਲੰਧਰ ਤੇ "ਮਾਣ ਪੰਜਾਬ ਦੇ" ਗੋਲਡਨ ਜੁਬਲੀ ਹੋਇਆ ਤੇ ਮੰਨਤ ਸਿੰਘ ਨੂੰ ਐਂਕਰ ਤੌਰ ਤੇ ਓਹਨਾਂ ਹੀ ਚਮਕਾਇਆ। ਸਭ ਤੋਂ ਵੱਡੀ ਗੱਲ ਨਾਮ ਕਮਾਉਣਾ ਪੈਸੇ ਤਾਂ ਬਹੁਤ ਲੋਕਾਂ ਕੋਲ ਪਰ ਓਹ ਕਿੱਤਾ ਜਿਹੜਾ ਨਾਮ ਬਣਾਏ ਤਾਂ ਸੰਗੀਤ ਇੰਡਸਟਰੀ ਵੱਲ ਆਏ ਦੇਖੋ ਸਿੱਧੀ ਦਿੱਲੀ ਗੁਲਸ਼ਨ ਕੁਮਾਰ ਟੀ ਸੀਰੀਜ਼ ਨਾਲ ਮਿਲਣੀ ਤੇ ਓਹਨਾਂ ਕਿਹਾ ਤਨਖਾਹ ਕਿ ਕਮਿਸ਼ਨ ਤਾਂ ਬੰਨੀ ਦਾ ਜਵਾਬ ਸੀ ਦੋਨੋਂ ਨਹੀਂ ਬਸ ਟੀ ਸੀਰੀਜ਼ ਦੇ ਪੋਸਟਰ ਤੇ ਗੁਲਸ਼ਨ ਕੁਮਾਰ ਤੇ ਬੰਨੀ ਸ਼ਰਮਾ ਆ ਜਾਏ, ਅਜਿਹਾ ਹੋਇਆ।ਗੱਲ ਕਿ ਬੰਨੀ ਨੇ ਸਵਰਗੀ ਗੁਰਪ੍ਰੀਤ ਢੱਟ ਨੂੰ ਪਹਿਲੀ ਵਾਰ ਹਵਾਈ ਯਾਤਰਾ ਮੁੰਬਈ ਦੀ ਕਾਰਵਾਈ ਸੀ। ਮੰਗਲ ਹਠੂਰ ਦੇ ਪਹਿਲੇ ਗੀਤ ਜਦ ਓਹ ਆਮ ਲੇਖਕ ਬਣ ਆਇਆ ਤਾਂ ਬੰਨੀ ਨੇ ਹੀ ਰਿਕਾਰਡ ਕਰਵਾਏ ਸੀ। ਮਨਮੋਹਨ ਵਾਰਿਸ ਤੇ ਦੀਪਕ ਬਾਲੀ ਨਾਲ ਭਰਾ ਜਿਹਾ ਪਿਆਰ ਬਣ ਗਿਆ। ਸ਼੍ਰੀ ਹਰੀ ਰਮ ਸ਼ਰਮਾ ਤੇ ਤਾਰਾ ਵੰਤੀ ਦੇ ਇਸ ਸਪੁੱਤਰ ਨੇ ਅੱਜ ਤੱਕ ਪੰਜਾਬੀ ਮਿਊਜ਼ਿਕ ਇੰਡਸਟਰੀ ਤੇ ਰਾਜ ਕੀਤਾ ਅੱਜ ਵੀ ਹੈ। ਰਘੂ ਤੇ ਸਵੀ ਸ਼ਰਮਾ ਓਸ ਦੇ ਦੋ ਪੁੱਤਰ ਕਨੇਡਾ ਸਥਾਪਿਤ ਹਨ, ਕਿਰਪਾ ਐ ਵਾਹਿਗੁਰੂ ਦੀ ਤੇ ਅੰਗ ਸੰਗ ਚਲੀ ਰਜਨੀ ਸ਼ਰਮਾ ਓਸ ਦਾ ਪ੍ਰੇਰਕ ਸਰੋਤ ਬਣ ਅੱਜ ਵੀ ਨਾਲ ਖੜੀ ਹੈ। ਕਰਨ ਮੱਲ੍ਹੀ, ਦੀਪਕ ਬਾਲੀ ,ਗਗਨ ਕੋਕਰੀ, ਹੰਸ ਰਾਜ ਹੰਸ, ਗੁਰਦਾਸ ਮਾਨ ਤੇ ਅਮਰ ਨੂਰੀ ਅਨੇਕਾਂ ਕਲਾਕਾਰ ਨੇ ਜਿਹਨਾਂ ਨਾਲ ਬੰਨੀ ਸ਼ਰਮਾ ਦਾ ਸੰਬੰਧ ਰਿਹਾ ਹੈ ਤੇ ਰਹੇਗਾ। ਬੰਨੀ ਸ਼ਰਮਾ ਯਾਰ ਅਣਮੁੱਲੇ ਤੋਂ ਵੀ ਉੱਪਰ ਹੈ। ਰੱਬ ਲੰਬੀ ਉਮਰ ਦੇਵੇ ਬੰਨੀ ਸ਼ਰਮਾ ਅਜੇ ਹੋਰ ਸੰਗੀਤਕ ਪ੍ਰਾਪਤੀਆਂ ਦੇਵੇ ਪੰਜਾਬੀਆਂ ਨੂੰ ਬੰਨੀ ਸ਼ਰਮਾ ਲਈ ਇਹ ਲਿਖੇ ਫੀਚਰ ਵਿੱਚ ਭੁੱਲ ਚੁੱਕ ਲਈ ਮਾਫ਼ੀ। **- ਅਮ੍ਰਿੰਤ ਪਵਾਰ**



# ਸਾਉਣ ਘਟਾਵਾਂ ਚੜ੍ਹੀਆਂ

ਕਾਲੀ ਰਾਤ ਤੇ ਕਿਣਮਿਣ ਕਣੀਆਂ
ਦਿਲ ਵਿੱਚ ਲਾਟਾਂ ਉੱਠਣ ਬੜੀਆਂ
ਠੰਡੀਆਂ ਠਾਰ ਹਵਾਵਾਂ ਸੱਚੀ, ਛੇੜ ਕੇ ਲੰਘਦੀਆਂ
ਸਾਉਣ ਘਟਾਵਾਂ ਚੜ੍ਹੀਆਂ ਸੱਜਣਾਂ, ਦਿਲ ਨੂੰ ਡੰਗਦੀਆਂ

ਬੱਦਲ ਗੱਜੇ ਬਿਜਲੀ ਲਿਸ਼ਕੇ, ਕੋਕੇ ਦੇ ਲਿਸ਼ਕਾਰਿਆਂ ਵਾਂਗੂ
ਆਪਾ ਦੋਵੇ ਅੱਡ ਅੱਡ ਬੈਠੇ,
ਨਦੀਆਂ ਦੇ ਕਿਨਾਰਿਆਂ ਵਾਂਗੂ
ਸੀਨੇ ਦੇ ਵਿੱਚ ਛਿੜਨ ਤਰੰਗਾਂ, ਗੁਲਾਬੀ ਜੇ ਰੰਗਦੀਆਂ
ਸਾਉਣ ਘਟਾਵਾਂ ਚੜ੍ਹੀਆਂ ਸੱਜਣਾਂ, ਦਿਲ ਨੂੰ ਡੰਗਦੀਆਂ

ਮੀਹ ਜੋਰ ਦੀ ਬਰਸਨ ਲੱਗਾ, ਡੱਡੂ ਬੋਲਣ ਲੱਗੇ
ਤੇਰੀ ਯਾਦ ਨੇ ਦਿਲ ਵਿਚ ਆਕੇ, ਸੱਜਣਾਂ ਝੰਡੇ ਗੱਡੇ
ਬਿਰਹੋਂ ਵਿੱਚ ਪਰੋਈਆਂ ਸੱਧਰਾਂ, ਪਾਣੀ ਮੰਗਦੀਆਂ
ਸਾਉਣ ਘਟਾਵਾਂ ਚੜ੍ਹੀਆਂ ਸੱਜਣਾਂ, ਦਿਲ ਨੂੰ ਡੰਗਦੀਆਂ

ਕਾਲੀ ਬੋਲੀ ਰਾਤ ਡਰਾਉਂਦੀ, ਬਿਜਲੀ ਝਾਤੀ ਮਾਰੇ
ਗਮਾਂ ਦੇ ਝਰਨੇ ਦਿਲ ਵਿੱਚ ਫੁੱਟਣ, ਚਲਦੇ ਜਿਉਂ ਪਰਨਾਲੇ
ਦਿਲ ਚੋਂ ਨਿਕਲਣ ਹੋਕੇ ਪੀੜਾ,
ਸੂਲੀ ਟੰਗਦੀਆਂ
ਸਾਉਣ ਘਟਾਵਾਂ ਚੜ੍ਹੀਆਂ ਸੱਜਣਾਂ, ਦਿਲ ਨੂੰ ਡੰਗਦੀਆਂ

ਸਾਉਣ ਤਾਂ ਹੋਣਾ ਹੋਰਾਂ ਦੇ ਲਈ
ਮੈ ਕਿਉਂ ਸ਼ਗਨ ਮਨਾਵਾਂ
ਗੁਲਾਮੀ ਵਾਲਿਆਂ ਜੇ ਤੂੰ ਆਵੇ, ਰੱਜ ਰੱਜ ਖੁਸ਼ੀ ਮਨਾਵਾਂ
ਖੀਰ ਪੂੜੇ ਤੇ ਨਾਲ ਬਣਾਵਾਂ,
ਮੱਠੀਆਂ ਖੰਡਦੀਆਂ
ਸਾਉਣ ਘਟਾਵਾਂ ਚੜ੍ਹੀਆਂ ਸੱਜਣਾਂ, ਦਿਲ ਨੂੰ ਡੰਗਦੀਆਂ

**ਬੂਟਾ ਗੁਲਾਮੀ ਵਾਲਾ**

**9417197395**



# ਮੇਰੀ ਮੌਤ ਤੇ ਆਇਓ ਨਾ

ਮੇਰੀ ਮੌਤ ਤੇ ਆਇਓ ਨਾ, ਮਗਰਮੱਛ ਦੇ ਹੰਝੂ ਵਹਾਉਣ ਨੂੰ
ਜਿੰਨ੍ਹਾਂ ਨੂੰ ਪਲ ਉਹ ਚੁੱਭਦੇ ਨੇ, ਜੋ ਮਿਲੇ ਨੇ ਹੱਸ ਹੰਢਾਉਣ ਨੂੰ
ਮੇਰੀ ਮੌਤ ਤੇ ਆਇਓ ਨਾ, ਮਗਰਮੱਛ ਦੇ ਹੰਝੂ ਵਹਾਉਣ ਨੂੰ।

ਪਰਿਵਾਰ 'ਚ ਵੱਸਦੀ ਜਾਨ ਏ, ਇਹੀਓ ਤਾਂ ਮੇਰਾ ਨਾਜ਼ ਨੇ
ਕਈ ਰੋਗ ਹਿਜ਼ਰ ਨੂੰ ਲੱਗੇ, ਜੋ ਬਿਲਕੁਲ ਲਾਇਲਾਜ਼ ਨੇ
ਕਫ਼ਨ ਵੀ ਮੂੰਹ ਤੋਂ ਚੁੱਕਿਓ ਨਾ, ਆਪਣੇ ਸੀਨੇ ਠੰਡ ਪਾਉਣ ਨੂੰ
ਮੇਰੀ ਮੌਤ ਤੇ ਆਇਓ ਨਾ, ਮਗਰਮੱਛ ਦੇ ਹੰਝੂ ਵਹਾਉਣ ਨੂੰ।

ਮੈਂ ਖੁਦ ਨੂੰ ਬਦਲ ਨਾ ਪਾਊਂਗੀ, ਕਿਸੇ ਵਰਗੀ ਨਾ ਹੋ ਪਾਊਂਗੀ
ਆਵੇ ਚਾਹੇ ਮੁਸ਼ਕਿਲ ਵੇਲਾ, ਮੈਂ ਸੱਚ ਤੇ ਫੁੱਲ ਚੜ੍ਹਾਊਂਗੀ
ਫੁੱਲਾਂ ਦਾ ਕਤਲ ਵੀ ਕਰਿਓ ਨਾ, ਮੇਰੀ ਅਰਥੀ, ਸਜਾਉਣ ਨੂੰ
ਮੇਰੀ ਮੌਤ ਤੇ ਆਇਓ ਨਾ, ਮਗਰਮੱਛ ਦੇ ਹੰਝੂ ਵਹਾਉਣ ਨੂੰ।

ਚਾਰ ਦਿਹਾੜੇ ਜਿੰਦਗੀ, ਜੋ ਹੱਸ ਕੇ ਜੀਣਾ ਚਾਹੁੰਦੀ ਹਾਂ
ਵੈਰ ਵਿਰੋਧ ਦੇ ਪਾੜੇ ਨੂੰ "ਕੰਮੋ" ਟਾਕੀ ਲਾਉਣਾ ਚਾਹੁੰਦੀ ਹਾਂ
ਚੈਨ ਨਾਲ ਬਸ ਸੌਣ ਦਿਓ, ਵੈਣ ਪਾਇਓ ਨਾ ਮੈਨੂੰ ਜਗਾਉਣ ਨੂੰ
ਮੇਰੀ ਮੌਤ ਤੇ ਆਇਓ ਨਾ, ਮਗਰਮੱਛ ਦੇ ਹੰਝੂ ਵਹਾਉਣ ਨੂੰ।

**ਕਰਮਜੀਤ ਮਲੋਟ**



# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਸੰਗਤ ਨੇ ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਨੂੰ ਕੀਤਾ ਯਾਦ







ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ"



















**ਯੂਨੀਅਨ ਸਿਟੀ (ਡੀਡੀਬੀ)-** ਲੰਘੇ ਐਤਵਾਰ 28 ਜੁਲਾਈ ਨੂੰ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਸੰਗਤ ਨੇ ਉਘੇ ਸਮਾਜ ਸੇਵੀ ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਨੂੰ ਉਹਨਾਂ ਦੀ ਪਹਿਲੀ ਬਰਸੀ ਅਤੇ ਉਹਨਾਂ ਦੀ ਸੁਪਤਨੀ ਸਵਰਗੀ ਸ੍ਰੀਮਤੀ ਰੋਸ਼ਨੀ ਚੋਪੜਾ ਜੀ ਦੀ ਚੌਥੀ ਬਰਸੀ ਤੇ ਯਾਦ ਕਰਦਿਆਂ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਨੀਅਨ ਸਿਟੀ (ਕੈਲੇਫੋਰਨੀਆ) ਪ੍ਰਾਪਰਟੀ ਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੁਖਮਨੀ ਸਾਹਿਬ ਦੇ ਪਾਠ ਰਖਾਏ ਗਏ ਅਤੇ ਪਾਠ ਅਤੇ ਅਰਦਾਸ ਉਪਰੰਤ ਭਾਈ ਸਾਹਿਬ ਭਾਈ ਸੁਬੇਗ ਸਿੰਘ ਜੀ ਅਤੇ ਜਥੇ ਨੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਉਪਰੰਤ ਜਨਰਲ ਸਕੱਤਰ ਸ੍ਰੀ ਨਰੇਸ਼ ਕੁਮਾਰ ਗੱਡੂ ਨੇ ਸਟੇਜ ਦੀ ਸੇਵਾ ਨਿਭਾਉਂਦਿਆਂ ਵੱਖ-ਵੱਖ ਬੁਲਾਰਿਆਂ ਨੂੰ ਨਿ-ਮਰਤਾ ਸਹਿਤ ਮਿਸਟਰ ਅਤੇ ਮਿਸਿਜ਼ ਚੋਪੜਾ ਜੀ ਨੂੰ ਸ਼ਰਧਾਂਜਲੀ ਵਜੋਂ ਦੋ ਸ਼ਬਦ ਰੱਖਣ ਦਾ ਸੱਦਾ ਦਿੱਤਾ, ਜਿਹਨਾਂ ਵਿਚ ਸਰਵਸ੍ਰੀ ਵਿਨੋਦ ਕੁਮਾਰ ਚੁੰਬਰ, ਦਸ਼ਵਿੰਦਰ ਪਾਲ, ਹਰੀ ਓਮ ਸ਼ਰਮਾ, ਕਮਲ ਚੋਪੜਾ ਅਤੇ ਪ੍ਰੇਮ ਕੁਮਾਰ ਚੁੰਬਰ ਆਦਿ ਨੇ ਨਿੱਘੀ ਸ਼ਰਧਾਂਜਲੀ ਦਿੰਦਿਆਂ, ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਨਾਲ ਬਿਤਾਏ ਪਲਾਂ ਦੀ ਦਸਾਤਾਨ ਚੋਪੜਾ ਜੀ ਦੀ ਸਮਾਜ ਪ੍ਰਤੀ ਨਿਸ਼ਕਾਮ ਸੇਵਾ, ਸਤਿਗੁਰੂ ਰਵਿਦਾਸ ਜੀ ਪ੍ਰਤੀ ਸੱਚੀ ਨਿਸ਼ਟਾ, ਕੌਮ ਨੂੰ ਚੜ੍ਹਦੀ ਕਲਾ 'ਚ ਦੇਖਣ ਦੀ ਤਮੰਨਾ ਹੀ ਨਹੀਂ ਬਲਕਿ ਖੁਦ ਅੱਗੇ ਹੋ ਕੇ ਤਨ-ਮਨ-ਧਨ ਨਾਲ ਸੇਵਾ ਕਰਨ ਵਾਲੇ, ਗੁਰੂ ਰਵਿਦਾਸ ਜੀ ਦੀ ਮਹਿਮਾ 'ਚ ਸ਼ਬਦ ਗਾਇਨ ਕਰਨ ਵਾਲੇ, ਦਾਨੀ ਪੁਰਸ਼, ਜਿਹਨਾਂ ਨੂੰ ਕੈਲੇਫੋਰਨੀਆ ਦੇ ਛੇ ਗੁਰੂ ਘਰਾਂ ਵਿਚੋਂ ਪੰਜ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨਾਂ 'ਤੇ ਦੇ ਉਸਾਰੇ ਗਏ ਗੁਰੂ ਘਰਾਂ ਦਾ ਉਦਘਾਟਨ ਕਰਨ ਦਾ ਮਾਣ ਹਾਸਲ ਸੀ। ਉਹਨਾਂ ਉਦਘਾਟਨੀ ਸਮੇਂ ਦੌਰਾਨ ਵੱਧ ਤੋਂ ਵੱਧ ਦਾਨ 'ਚ ਪਹਿਲ ਕਦਮੀ ਕੀਤੀ। ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਕਿਹਾ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਯੂਨੀਅਨ ਸਿਟੀ ਬਣਾਉਣ 'ਚ ਸ੍ਰੀ ਚੋਪੜਾ ਜੀ ਨੇ ਵੱਧ ਚੜ੍ਹ ਕੇ ਸਹਿਯੋਗ ਕੀਤਾ ਹੀ ਨਹੀਂ ਬਲਕਿ ਉਹਨਾਂ ਨੇ ਇਸ ਦੇ ਨਾਲ-ਨਾਲ ਅਮਰੀਕਾ, ਕੈਨੇਡਾ ਜਾ ਕੇ ਗੁਰੂ ਘਰ ਦੀ ਬਿਲਡਿੰਗ ਉਸਾਰੀ ਲਈ ਫੰਡ ਇਕੱਠਾ ਕੀਤਾ ਅਤੇ ਖੁਦ ਵੀ ਦਾਨ ਕਰਨ ਤੋਂ ਇਲਾਵਾ ਕੋਈ ਢਾਈ ਲੱਖ ਡਾਲਰ ਬਿਨਾਂ ਵਿਆਜ ਦੇ ਗੁਰੂ ਘਰ ਲਈ ਦਿੱਤੇ। ਸ੍ਰੀ ਚੁੰਬਰ ਨੇ ਇਹ ਵੀ ਕਿਹਾ ਕਿ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਸਾਡੀ ਸਭਾ ਨੂੰ ਬਹੁਤ ਹੌਸਲਾ ਦਿੰਦੇ ਸਨ ਅਤੇ ਕਿਹਾ ਕਿ ਗੁਰੂ ਜੀ ਉਪਰ ਵਿਸ਼ਵਾਸ ਰੱਖੋ, ਸਭ ਕਾਰਜ ਪੂਰੇ ਹੋਣਗੇ। ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਦੇ ਸਪੁੱਤਰ ਸ੍ਰੀ ਕਮਲ ਸਿੰਘ ਚੋਪੜਾ ਜੀ ਨੇ ਸਮੂਹ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤ ਦਾ ਸਮੂਹ ਚੋਪੜਾ ਪਰਿਵਾਰ ਵੱਲੋਂ ਧੰਨਵਾਦ ਕੀਤਾ, ਜਿਹਨਾਂ ਸਾਡੇ ਮਾਤਾ-ਪਿਤਾ ਨੂੰ ਸ਼ਰਧਾਂਜਲੀ ਦੇਣ ਲਈ ਸਮਾਗਮ ਦਾ ਪ੍ਰਬੰਧ ਕੀਤਾ। ਇੱਥੇ ਵਰਣਨਯੋਗ ਹੈ ਕਿ ਸ੍ਰੀ ਵਿਨੋਦ ਕੁਮਾਰ ਚੁੰਬਰ ਦੇ ਦੱਸਣ ਮੁਤਾਬਕ ਅੱਜ ਦੇ ਸ਼ਰਧਾਂਜਲੀ ਸਮਾਗਮ ਦਾ ਸਾਰਾ ਪ੍ਰਬੰਧ ਅਤੇ ਸੇਵਾ ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਦੇ ਸਪੁੱਤਰ ਕਮਲ ਚੋਪੜਾ ਪਰਿਵਾਰ ਅਤੇ ਭਰਾ ਸੁਖਦੇਵ ਸਿੰਘ ਚੋਪੜਾ ਵੱਲੋਂ ਕੀਤਾ ਗਿਆ। ਸਮਾਗਮ ਉਪਰੰਤ ਗੁਰੂ ਦੇ ਪ੍ਰਸ਼ਾਦ ਅਤੇ ਅਤੁੱਟ ਲੰਗਰ ਵਰਤਾਏ ਗਏ। ਯਾਦ ਰਹੇ, ਇਸ ਮੌਕੇ ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਅਤੇ ਸ੍ਰੀਮਤੀ ਰੋਸ਼ਨੀ ਚੋਪੜਾ ਦੀ ਯਾਦ ਵਿਚ ਇਕ ਤਸਵੀਰਾਂ ਦੀ ਪ੍ਰਦਰਸਨੀ ਵੀ ਲਗਾਈ ਗਈ, ਜਿਸ ਨਾਲ ਸੰਗਤ ਨੇ ਯਾਦਗਾਰੀ ਤਸਵੀਰਾਂ ਵੀ ਖਿਚਵਾਈਆਂ। ਦਰਅਸਲ ਅਦਾਰਾ 'ਦੇਸ਼ ਦੁਆਬਾ' ਦਾ ਇਹ ਪਲੇਠਾ ਅਨੁਭਵ ਹੈ ਕਿ ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਨੂੰ ਜਿੱਥੇ ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਵੱਲੋਂ ਪਹਿਲਾ ਸ਼ਰਧਾਂਜਲੀ ਸਮਾਰੋਹ ਹੈ, ਇਕ ਸ਼ੁਰੂਆਤ ਹੈ ਤੇ ਆਉਣ ਵਾਲੇ ਸਮੇਂ 'ਚ ਸ੍ਰੀ ਚੋਪੜਾ ਜੀ ਦੀ ਕੌਮ ਪ੍ਰਤੀ ਲਗਨ ਅਤੇ ਉਹਨਾਂ ਵੱਲੋਂ ਪਾਏ ਗਏ ਯੋਗਦਾਨ ਨੂੰ ਮੱਦੇਨਜ਼ਰ ਰੱਖਦਿਆਂ, ਇਸ ਨੂੰ ਜਾਰੀ ਰੱਖਣਾ ਚਾਹੀਦਾ ਹੈ। (ਜਿਵੇਂ ਕਿ ਉਹਨਾਂ ਕਿਹਾ ਵੀ ਹੈ) ਤਾਂ ਕਿ ਹੋਰਨਾਂ ਨੂੰ ਵੀ ਪ੍ਰੇਰਨਾ ਮਿਲ ਸਕੇ ਤੇ ਹੋਰ ਵੀ ਸਮਾਜ ਸੇਵੀ, ਸਮਾਜ ਦੀ ਸੇਵਾ ਕਰ ਸਕਣ। ਕੁੱਲ ਮਿਲਾ ਕੇ ਇਹ ਸਮਾਗਮ ਬਹੁਤ ਵਧੀਆ ਰਿਹਾ, ਸਭ ਨੇ ਦਿਲੋਂ, ਦਿਲੀ ਸ਼ਰਧਾਂਜਲੀ ਦਿੱਤੀ ਅਤੇ ਹਾਜ਼ਰੀਆਂ ਭਰੀਆਂ। ਇਸ ਮੌਕੇ ਨਾਮਵਰ ਸ਼ਖਸੀਅਤ ਸ੍ਰੀ ਅਮਰੀਕ ਚੰਦ ਲਾਖਾ (ਸੀ. ਪੀ. ਏ.) ਅਤੇ ਸ੍ਰੀ ਬਲਵੀਰ ਥਿੰਦ ਨੇ ਚੋਪੜਾ ਪਰਿਵਾਰ ਨਾਲ ਆਪਣਾ ਸਨੇਹ ਪ੍ਰਗਟ ਕੀਤਾ।

ਅਖੀਰ ਸ੍ਰੀ ਗੁਰੂ ਰਵਿਦਾਸ ਸਭਾ ਦੇ ਪ੍ਰਧਾਨ ਸ੍ਰੀ ਤਰਲੋਚਨ ਸਿੰਘ ਬੱਧਣ ਨੇ ਸ੍ਰੀ ਸੁਖਰਾਜ ਸਿੰਘ ਚੋਪੜਾ ਜੀ ਦੇ ਸਮੂਹ ਪਰਿਵਾਰ ਅਤੇ ਸਮੂਹ ਸੰਗਤਾਂ ਦੇ ਨਾਲ ਨਾਲ ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਦਕਰ ਟਾਈਮਜ਼' ਵੱਲੋਂ ਕਵਰੇਜ਼ ਕਰਨ ਲਈ ਧੰਨਵਾਦ ਕੀਤਾ ਗਿਆ। ਸ੍ਰੀ ਨਰੇਸ਼ ਕੁਮਾਰ ਗੱਡੂ ਨੇ ਸਭਨਾਂ ਦਾ ਧੰਨਵਾਦ ਕਰਦਿਆਂ, ਗੁਰੂ ਘਰ ਦੀ ਉਸਾਰੀ ਜਾ ਰਹੀ ਬਿਲਡਿੰਗ ਵਾਸਤੇ ਵੱਧ ਤੋਂ ਵੱਧ ਫੰਡ ਦੇਣ ਦੀ ਬੇਨਤੀ ਕੀਤੀ। ਅੱਜ ਦੀ ਇਕ ਹੋਰ ਵਿਸ਼ੇਸ਼ਤਾ ਸੀ ਕਿ ਚੇਅਰਮੈਨ ਸ੍ਰੀ ਵਿਨੋਦ ਕੁਮਾਰ ਚੁੰਬਰ ਨੇ ਆਈਆਂ ਸੰਗਤਾ ਨੂੰ ਗੁਰੂ ਘਰ ਦੀ ਉਸਾਰੀ ਅਧੀਨ ਬਿਲਡਿੰਗ ਦਿਖਾਈ ਤੇ ਨਾਲ ਜਾਣਕਾਰੀ ਦਿੰਦਿਆਂ ਉਹਨਾਂ ਵੀ ਸਭਨਾਂ ਨੂੰ ਤਨ ਮਨ ਧਨ ਨਾਲ ਸਹਿਯੋਗ ਲਈ ਬੇਨਤੀ ਕੀਤੀ।

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਸੰਗਤ ਨੇ ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਨੂੰ ਕੀਤਾ ਯਾਦ










ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ"










# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ) ਅਤੇ ਸੰਗਤ ਨੇ ਸਵਰਗੀ ਸ੍ਰੀ ਸੁਖਰਾਜ ਸਿੰਘ ਚੋਪੜਾ ਨੂੰ ਕੀਤਾ ਯਾਦ















ਤਸਵੀਰਾਂ- ਪ੍ਰੇਮ ਕੁਮਾਰ ਚੁੰਬਰ "ਦੇਸ਼ ਦੁਆਬਾ"

NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020



HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS

Call: 707-228-2020,
Fax: 707-260-2813

Lic #0144676

www.nsbinsures.com

1519 Gary CT., Rohnert Park, CA 94928

RE/MAX Gold

Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ
ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004

Cell: 916-628-2210
Fax: 916-745-3424
Office: 916-285-1000
Email : Dil.Realtor@gmail.com



2081 Arena Blvd #
100 Sacramento, CA 95834

Raja
SWEETS & CATERING
AUTHORIZED CATERER FOR
MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets

Kash FABRICS

ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।



ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

